Punjabi Parwaz

# ਪੰਜਾਬੀ ਪਰਵਾਜ਼

ਅੰਕ 39ਵਾਂ (ਸ਼ਿਕਾਗੋ): 9 ਨਵੰਬਰ ਤੋਂ 22 ਨਵੰਬਰ 2024 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

## ਅਮਰੀਕੀ ਰਾਸ਼ਟਰਪਤੀ ਦੀ ਚੋਣ ਵਿੱਚ ਟਰੰਪ ਦੀ ਝੰਡੀ

*ਵਿਦੇਸ਼ਾਂ 'ਚ ਅਮਰੀਕੀ ਦਖਲ ਅੰਦਾਜ਼ੀ ਘਟਣ ਦੀ ਉਮੀਦ

*ਯੂਕਰੇਨ ਤੇ ਮੱਧ-ਪੂਰਬ ਦੀਆਂ ਜੰਗਾਂ ਵੀ ਰੁਕ ਸਕਦੀਆਂ



ਪੰਜਾਬੀ ਪਰਵਾਜ਼ ਬਿਊਰੋ

ਅਮਰੀਕਾ ਵਿੱਚ ਰਾਸ਼ਟਰਪਤੀ ਦੇ ਅਹੁਦੇ ਲਈ 5 ਨਵੰਬਰ ਨੂੰ ਪਈਆਂ ਵੋਟਾਂ ਦੀ ਗਿਣਤੀ ਜਾਰੀ ਹੈ। ਕੱਲ੍ਹ ਸ਼ਾਮ ਵੋਟਾਂ ਪੈਣ ਤੋਂ ਬਾਅਦ ਸਾਰੀ ਰਾਤ ਹੋਈ ਵੋਟਾਂ ਦੀ ਗਿਣਤੀ ਦਰਸਾਉਂਦੀ ਹੈ ਕਿ ਡੋਨਾਲਡ ਟਰੰਪ ਇੱਕ ਵਾਰ ਫਿਰ ਅਮਰੀਕਾ ਦੇ ਰਾਸ਼ਟਰਪਤੀ ਬਣ ਸਕਦੇ ਹਨ। ਅਮਰੀਕਾ ਦੀਆਂ ਚੋਣਾਂ ਬਾਰੇ ਮਾਹਿਰਾਂ ਅਨੁਸਾਰ ਵੋਟਾਂ ਦੀ ਗਿਣਤੀ ਅਗਲੇ 13 ਦਿਨਾਂ ਤੱਕ ਜਾਰੀ ਰਹਿਣੀ ਹੈ। ਇਸ ਲਈ ਭਾਵੇਂ ਹਾਲ ਦੀ ਘੜੀ (ਅਖਬਾਰ ਛਪਣ ਤੱਕ) ਟਰੰਪ, ਕਮਲਾ ਹੈਰਿਸ ਤੋਂ 224 ਦੇ ਮੁਕਾਬਲੇ 277 ਇਲੈਕਟੋਰਲ ਵੋਟਾਂ ਨਾਲ ਅੱਗੇ ਹਨ, ਪਰ ਮੁਕਾਬਲਾ ਸਖਤ ਹੋਣ ਕਾਰਨ ਸਥਿਤੀਆਂ ਲਿਬਰਲ ਪਾਰਟੀ ਦੇ ਹੱਕ ਵਿੱਚ ਪਲਟ ਵੀ ਸਕਦੀਆਂ ਹਨ। ਫਿਰ ਵੀ ਜਿੱਤ ਦੇ ਜਿੰਨਾ ਨੇੜੇ ਡੋਨਾਲਡ ਟਰੰਪ ਚਲਾ ਗਿਆ ਹੈ, ਉਸ ਨੂੰ ਬੈਕ ਗੇਅਰ ਲੱਗਣ ਦੀਆਂ ਸੰਭਾਵਨਾਵਾਂ ਬਹੁਤ ਘੱਟ ਹਨ। ਗਿਣਤੀ ਜਾਰੀ ਹੈ, ਪਰ ਡੋਨਾਲਡ ਟਰੰਪ ਨੇ ਆਪਣੀ ਜਿੱਤ ਦਾ ਡੰਕਾ ਪਹਿਲਾਂ ਹੀ ਵਜਾ ਦਿੱਤਾ ਹੈ। ਉਧਰ ਕਮਲਾ ਹੈਰਿਸ ਨੇ ਆਪਣੇ ਹਮਾਇਤੀਆਂ ਦਾ ਹੌਸਲਾ ਵਧਾਉਂਦਿਆਂ ਕਿਹਾ ਹੈ ਕਿ ਅਸੀਂ ਲੜਾਈ ਲੜ ਰਹੇ ਹਾਂ, ਅੰਤ 'ਚ ਕੁਝ ਵੀ ਵਾਪਰ ਸਕਦਾ ਹੈ।

ਯਾਦ ਰਹੇ, ਪੂਰੇ ਸੰਯੁਕਤ ਰਾਸ਼ਟਰ ਆਫ ਅਮਰੀਕਾ (ਯੂ.ਐਸ.ਏ.) ਵਿੱਚ ਕੁੱਲ 50 ਸਟੇਟਾਂ ਵਿੱਚ ਵੋਟਾਂ ਪਈਆਂ ਹਨ। ਹਰ ਸਟੇਟ ਦੀਆਂ ਸੈਨੇਟ ਵਾਸਤੇ ਇਲੈਕਟੋਰਲ ਵੋਟਾਂ ਦੀ ਗਿਣਤੀ ਵੱਖੋ ਵੱਖਰੀ ਹੈ। ਅਮਰੀਕੀ ਰਾਸ਼ਟਰਪਤੀ ਦੀ ਚੋਣ ਵਿੱਚ ਭਾਵੇਂ ਸੈਨੇਟ ਅਤੇ ਪ੍ਰਤੀਨਿਧੀ ਸਦਨ- ਦੋਹਾਂ ਲਈ ਵੋਟਾਂ ਪੈਂਦੀਆਂ ਹਨ, ਪਰ ਰਾਸ਼ਟਰਪਤੀ ਅਹੁਦੇ ਲਈ ਜਿੱਤ ਹਾਰ ਦਾ ਫੈਸਲਾ ਵੱਖ-ਵੱਖ ਰਾਜਾਂ ਵਿੱਚ ਵੰਡੀਆਂ ਸੈਨੇਟ ਦੀਆਂ ਸੀਟਾਂ (ਇਲੈਕਟੋਰਲ ਵੋਟਸ) ਨਾਲ ਹੁੰਦਾ ਹੈ। ਸੈਨੇਟ ਰਾਜਾਂ ਦੀ ਪ੍ਰਤੀਨਿਧਤਾ ਕਰਨ ਵਾਲਾ ਸਦਨ ਹੈ, ਜਿਵੇਂ ਭਾਰਤ ਵਿੱਚ ਰਾਜ ਸਭਾ ਹੈ। ਪਰ ਰਾਜ ਸਭਾ ਦੇ ਮੁਕਾਬਲੇ ਅਮਰੀਕਾ ਵਿੱਚ ਸੈਨੇਟ ਦੀ ਸਰਦਾਰੀ ਹੈ। ਯਾਦ ਰਹੇ, ਵੋਟਾਂ ਪੈਣ ਦੇ ਦਿਨ ਤੋਂ ਪਹਿਲਾਂ ਹੀ ਅਮਰੀਕਾ ਵਿੱਚ 80 ਮਿਲੀਅਨ ਦੇ ਕਰੀਬ ਵੋਟਾਂ, ਬੈਲਟ ਵੋਟ ਅਤੇ ਡਾਕ ਰਾਹੀਂ ਪੈ ਚੁੱਕੀਆਂ ਹਨ। ਇਨ੍ਹਾਂ ਦੀ ਗਿਣਤੀ ਕਾਰਨ ਹੀ ਅਮਰੀਕਾ ਵਿੱਚ ਤਕਰੀਬਨ 15 ਦਿਨ ਤੱਕ ਵੋਟਾਂ ਦੀ ਗਿਣਤੀ ਚਲਦੀ ਰਹਿੰਦੀ ਹੈ। ਭਾਵੇਂਕਿ ਪ੍ਰਮੁੱਖ ਰੁਝਾਨ ਪਹਿਲਾਂ ਹੀ ਸਪਸ਼ਟ ਹੋ ਗਏ ਹਨ। ਜ਼ਿਕਰਯੋਗ ਹੈ ਕਿ ਅਮਰੀਕਾ ਦੇ ਬਹੁਤੇ ਅਖ਼ਬਾਰਾਂ ਅਤੇ ਚੈਨਲਾਂ ਵੱਲੋਂ ਥੋੜ੍ਹੇ ਜਿਹੇ ਫਰਕ ਨਾਲ ਕਮਲਾ ਹੈਰਿਸ ਨੂੰ ਅੱਗੇ ਵਿਖਾਇਆ ਜਾ ਰਿਹਾ ਸੀ, ਪਰ ਜ਼ਬਰਦਸਤ ਟੱਕਰ ਵਿੱਚ ਟਰੰਪ ਅੱਗੇ

⇒ ਬਾਕੀ ਸਫਾ 8 ਉਤੇ ਪੜ੍ਹੋ

ਬਰੈਂਪਟਨ 'ਚ ਮੰਦਰ 'ਤੇ ਹਮਲੇ ਦਾ ਮਾਮਲਾ

## ਕੈਨੇਡਾ ਦੇ ਹਿੰਦੂ-ਸਿੱਖ ਭਾਈਚਾਰਿਆਂ ਵਿਚਕਾਰ ਵਿਵਾਦ ਤਿੱਖਾ ਹੋਇਆ

ਜਸਵੀਰ ਸਿੰਘ ਸ਼ੀਰੀ

ਕੈਨੇਡਾ ਦੇ ਓਂਟਾਰੀਓ ਸ਼ਹਿਰ ਦੇ ਨੀਮ ਸ਼ਹਿਰੀ (ਸਬਅਰਬ) ਇਲਾਕੇ ਬਰੈਂਪਟਨ ਵਿਖੇ ਹਿੰਦੂ ਸਭਾ ਮੰਦਰ ਦੇ ਸਾਹਮਣੇ ਪ੍ਰਦਰਸ਼ਨ ਕਰ ਰਹੇ ਸਿੱਖ ਰੈਡੀਕਲ ਧਿਰਾਂ ਦੇ ਕਾਰਕੁੰਨਾਂ ਅਤੇ ਭਾਰਤੀ ਕੌਂਸਲਖਾਨੇ ਦੇ ਅਧਿਕਾਰੀਆਂ ਨੂੰ ਮਿਲਣ ਲਈ ਇਕੱਤਰ ਹੋਏ ਲੋਕਾਂ ਵਿਚਾਲੇ ਬੀਤੇ ਐਤਵਾਰ ਜੋ ਝੜਪਾਂ ਹੋਈਆਂ, ਉਨ੍ਹਾਂ ਬਾਰੇ ਸਮੁੱਚੇ ਸੋਸ਼ਲ ਮੀਡੀਆ ਤੇ ਭਾਰਤੀ ਮੀਡੀਆ ਵਿੱਚ ਇੱਕ ਵਿਆਪਕ ਚਰਚਾ ਹੋ ਰਹੀ ਹੈ। ਹਿੰਦੂ ਮੰਦਰ ਦੇ ਬਾਹਰ ਖਾਲਿਸਤਾਨੀ ਵਿਰੋਧੀ ਧਿਰਾਂ ਵੱਲੋਂ ਅਗਲੇ ਦਿਨ ਵੀ ਪ੍ਰਦਰਸ਼ਨ ਕੀਤਾ ਗਿਆ, ਪਰ ਇਸ ਪ੍ਰਦਰਸ਼ਨ ਵਿੱਚ ਹਥਿਆਰਾਂ ਦੀ ਮੌਜੂਦਗੀ ਕਾਰਨ ਪੀਲ ਰੀਜਨ ਪੁਲਿਸ ਵੱਲੋਂ ਇਸ ਪ੍ਰਦਰਸ਼ਨ ਨੂੰ ਰੋਕ ਦਿੱਤਾ ਗਿਆ।

ਮੀਡੀਆ ਚਰਚਾ ਵਿੱਚ ਮੁੱਖ ਰੂਪ ਵਿੱਚ ਇਹ ਗੱਲ ਉਭਰ ਕੇ ਸਾਹਮਣੇ ਆ ਰਹੀ ਹੈ ਕਿ ਬਰੈਂਪਟਨ ਦੇ ਇਸ ਹਿੰਦੂ ਮੰਦਰ ਵਿੱਚ ਟਰਾਂਟੋ ਦੇ ਭਾਰਤੀ ਕੌਂਸਲਖਾਨੇ ਦੇ ਅਧਿਕਾਰੀਆਂ ਨੇ ਲੋਕਾਂ ਦੇ ਛੋਟੇ-ਵੱਡੇ ਮਸਲੇ ਸੁਲਝਾਉਣ ਲਈ ਇੱਕ ਕੈਂਪ ਦਾ ਆਯੋਜਨ ਕੀਤਾ ਸੀ। ਸਿੱਖ ਕਾਰਕੁੰਨ ਭਾਰਤੀ ਕੌਂਸਲਖਾਨੇ ਦੇ ਅਧਿਕਾਰੀਆਂ ਖਿਲਾਫ ਪ੍ਰਦਰਸ਼ਨ ਕਰਨ ਲਈ ਮੰਦਰ ਦੇ ਬਾਹਰ ਇਕੱਠੇ ਹੋਏ ਸਨ। ਇਸ ਵਿਖਾਵੇ ਵਿਰੁਧ ਮੰਦਰ ਦੀ ਮੈਨੇਜਮੈਂਟ ਦੇ ਅਧਿਕਾਰੀ ਅਤੇ ਇੱਥੇ ਇਕੱਤਰ ਹੋਏ ਹਿੰਦੂ ਭਾਈਚਾਰੇ ਦੇ ਲੋਕ ਵੀ ਸਮਾਨੰਤਰ ਪ੍ਰਦਰਸ਼ਨ ਕਰਨ ਲੱਗੇ। ਇੰਜ ਦੋਹਾਂ ਧਿਰਾਂ ਵਿਚਕਾਰ ਜਿਹੜੀ ਨਾਹਰੇਬਾਜ਼ੀ ਹੋਈ, ਉਹ ਆਪਸੀ ਹੱਥੋਪਾਈ ਵਿੱਚ ਪਲਟ ਗਈ। ਘਟਨਾ ਇੰਨੀ ਕੁ ਹੀ ਹੈ ਅਤੇ ਖ਼ਬਰਾਂ ਨੂੰ ਸਨਸਨੀਖੇਜ ਬਣਾਉਣ ਦੇ ਮਾਹਿਰ ਮੀਡੀਏ ਵੱਲੋਂ ਇਸ ਨੂੰ ਹਿੰਦੂ ਸਭਾ ਮੰਦਰ 'ਤੇ ਹਮਲੇ ਦਾ ਨਾਂ ਦਿੱਤਾ ਜਾ ਰਿਹਾ ਹੈ। ਇਸ ਘਟਨਾ ਨੂੰ ਲੈ ਕੇ ਪੀਲ ਖੇਤਰ ਦੀ ਪੁਲਿਸ ਵੱਲੋਂ ਤਿੰਨ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕਰ ਲਿਆ ਗਿਆ ਹੈ ਅਤੇ ਖਾਲਿਸਤਾਨੀ ਧਿਰਾਂ ਨਾਲ ਪ੍ਰਦਰਸ਼ਨ ਕਰ ਰਹੇ ਇੱਕ ਪੰਜਾਬੀ ਪੁਲਿਸ ਮੁਲਾਜ਼ਮ ਨੂੰ ਮੁਅਤੱਲ ਕਰ ਦਿੱਤਾ ਗਿਆ ਹੈ। ਇੱਕ ਵੀਡੀਓ 'ਚ ਪੰਜਾਬੀ ਪੁਲਿਸ ਮੁਲਾਜ਼ਮ ਨੂੰ ਹਿੰਦੂ ਮੰਦਰ ਦੇ ਬਾਹਰ ਖਾਲਿਸਤਾਨ ਪੱਖੀ ਪ੍ਰਦਰਸ਼ਨ ਵਿੱਚ ਹਿੱਸਾ ਲੈਂਦੇ ਹੋਏ ਦਿਖਾਇਆ ਗਿਆ ਹੈ। ਇਸ ਅਧਿਕਾਰੀ ਨੂੰ 'ਕਮਿਊਨਿਟੀ ਸੇਫਟੀ ਐਂਡ ਪੁਲਿਸਿੰਗ ਐਕਟ' ਦੇ ਤਹਿਤ ਮੁਅੱਤਲ ਕਰ ਦਿੱਤਾ ਗਿਆ ਹੈ। ਪ੍ਰਦਰਸ਼ਨ ਵੇਲੇ ਇਹ ਮੁਲਾਜ਼ਮ ਡਿਊਟੀ 'ਤੇ ਨਹੀਂ ਸੀ।

ਇੱਕ ਪਾਸੇ ਇਕੱਤਰ ਹੋਈਆਂ ਰੈਡੀਕਲ ਸਿੱਖ ਧਿਰਾਂ ਭਾਰਤੀ ਕੌਂਸਲਖਾਨੇ ਦੇ ਅਧਿਕਾਰੀਆਂ ਖਿਲਾਫ ਨਾਹਰੇਬਾਜ਼ੀ ਕਰ ਰਹੀਆਂ ਸਨ, ਦੂਜੇ ਪਾਸੇ ਖਾਲਿਸਤਾਨੀ ਧਿਰਾਂ, ਕੁਝ ਸਮਾਂ ਪਹਿਲਾਂ ਕਤਲ ਕੀਤੇ ਗਏ ਇੱਕ ਖਾਲਿਸਤਾਨੀ ਕਾਰਕੁੰਨ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ ਵਿੱਚ ਇਨਸਾਫ ਦੀ ਮੰਗ ਕਰ ਰਹੀਆਂ ਸਨ। ਇੱਥੇ ਇਕੱਤਰ ਹੋਏ ਹਿੰਦੂ ਭਾਈਚਾਰੇ ਦੇ ਲੋਕ ਖਾਲਿਸਤਾਨੀਆਂ ਖਿਲਾਫ ਨਾਹਰੇਬਾਜ਼ੀ ਕਰਨ ਲੱਗੇ। ਇਸ ਦੌਰਾਨ ਵਾਪਰੀ ਤਲਖੀ ਵਿੱਚ ਦੋਨੋ ਧਿਰਾਂ ਨੇ ਇੱਕ ਦੂਜੇ ਦੇ ਝੰਡਿਆਂ ਦਾ ਪੈਰਾਂ ਵਿੱਚ ਰੋਲ ਕੇ ਅਪਮਾਨ ਵੀ ਕੀਤਾ। ਹਿੰਦੂ ਗੁੱਟ ਨੇ ਲਾਰੈਂਸ ਬਿਸ਼ਨੋਈ ਜ਼ਿੰਦਾਬਾਦ ਦੇ ਨਾਹਰੇ ਲਾਏ! ਇਹ ਸਾਰਾ ਕੁਝ ਸਾਹਮਣੇ ਆਈ ਵੀਡੀਓਜ਼ ਅਤੇ ਅਖ਼ਬਾਰੀ ਰਿਪੋਰਟਾਂ ਵਿੱਚ ਸਾਹਮਣੇ ਆ ਹੀ ਗਿਆ ਹੈ।

ਜਿੱਥੋਂ ਤੱਕ ਭਾਰਤੀ ਕੌਂਸਲਖਾਨੇ ਖਿਲਾਫ ਸ਼ਾਂਤਮਈ ਪ੍ਰਦਰਸ਼ਨ ਦਾ ਸੰਬੰਧ ਹੈ, ਅਜਿਹਾ ਕਰਨਾ ਕੈਨੇਡਾ ਦੇ

⇒ ਬਾਕੀ ਸਫਾ 17 ਉਤੇ ਪੜ੍ਹੋ









# ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥



# 'ਗੁਰੂ ਗ੍ਰੰਥ ਸਾਹਿਬ ਵੱਲ ਵਾਪਸੀ'
# ਅੰਤਰਰਾਸ਼ਟਰੀ ਕਾਨਫਰੰਸ

## 15, 16 ਤੇ 17 ਨਵੰਬਰ, 2024

## Illinois Sikh Community Center

**2131 Creekside Dr., Wheaton, IL 60189 (Ph: 630-510-9700)**

**International Conference on Back to Guru Granth Sahib**

**Nov. 15, 2024 (Friday) 6pm to 9pm**

**Nov. 16, 2024 (Saturday) 10am to 5pm**

**Nov. 17, 2024 (Sunday) 10am to 2pm**



S. Kuldip Singh
Radio & TV Host (Sanjha TV)



Prof. Darshan Singh Khalsa



S. Sukhdev Singh
Scholar & TV Host (Sanjha TV)



S. Varinder Singh Maan
Scholar & TV Host (Gurmat TV)



S. Sarbjit Singh Sacramento
Writer & Historian



S. Jagmohan Singh Tut
Scholar & TV Host (Gurmat TV)

**For Information:**

- Dr. Paramjeet Kaur
- Dr. Pardeep Singh Gill
- S. Amardev Singh Bandesha
- S. Avtar Singh Bassi
- S. Amarjit Singh MBA
- S. Sarwan Singh Bolina
- S. Preet Mohan Singh
- Bhai Mohinder singh
- Dr. Inderbir Singh Gill
- S. Irwin Preet Singh

# ਸਿੱਖ ਸੁਸਾਇਟੀ ਆਫ ਵਿਸਕਾਨਸਿਨ (ਮੈਡੀਸਨ)

**ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ॥**

# ਗੁਰਪੁਰਬ ਮੁਬਾਰਕ

## ਸਮੂਹ ਸੰਗਤਾਂ ਨੂੰ 'ਜਗਤ ਗੁਰੂ ਬਾਬਾ' ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ

*ਗੁਰਪੁਰਬ ਸਬੰਧੀ ਸਮਾਗਮ ਦਾ ਵੇਰਵਾ*




**15 ਨਵੰਬਰ 2024**
ਅਰੰਭ ਸ੍ਰੀ ਅਖੰਡ ਪਾਠ
ਸਵੇਰੇ 7 ਵਜੇ

**17 ਨਵੰਬਰ 2024**
ਭੋਗ ਸ੍ਰੀ ਅਖੰਡ ਪਾਠ
ਸਵੇਰੇ 10 ਵਜੇ
ਉਪਰੰਤ ਗੁਰਬਾਣੀ ਕੀਰਤਨ ਦਾ ਪਰਵਾਹ ਚੱਲੇਗਾ

*ਸਮੂਹ ਸੰਗਤ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਵਿਖੇ ਉਪਰੋਕਤ ਪ੍ਰੋਗਰਾਮ ਅਨੁਸਾਰ ਹੁੰਮਹੁਮਾ ਕੇ ਪਹੁੰਚੀਏ ਅਤੇ ਗੁਰਬਾਣੀ ਦੇ ਲੜ ਲੱਗ ਕੇ ਗੁਰਪੁਰਬ ਦੀਆਂ ਖੁਸ਼ੀਆਂ ਮਨਾਈਏ*

**Sikh Society of Wisconsin Madison**

**6970 Century Ave, Middleton, WI 53562**

**Ph: 608-831-4401 info@madisonwigurudwara.com**

# ਦੋ-ਦਿਨਾ ਦੀਵਾਲੀ ਨੇ ਵਧਾਇਆ ਹਵਾ 'ਚ ਪ੍ਰਦੂਸ਼ਣ

**ਪੰਜਾਬੀ ਪਰਵਾਜ਼ ਬਿਊਰੋ**

*ਹਵਾ ਪ੍ਰਦੂਸ਼ਣ ਦੇ ਵਧਣ ਨਾਲ ਏਅਰ ਟਰੈਫਿਕ ਹੋਈ ਪ੍ਰਭਾਵਤ
*ਪੰਜਾਬ 'ਚ ਝੋਨੇ ਨੂੰ ਅੱਗ ਲਾਉਣ ਦੀਆਂ ਘਟਨਾਵਾਂ 'ਚ ਆਈ ਕਮੀ

ਜਿਵੇਂ ਕਿ ਇਨ੍ਹਾਂ ਦਿਨਾਂ ਵਿੱਚ ਹਰ ਸਾਲ ਵਾਪਰਦਾ ਹੈ, ਪੰਜਾਬ ਵਿੱਚ ਪ੍ਰਦੂਸ਼ਣ ਦਾ ਪੱਧਰ ਇਸ ਵਾਰ ਵੀ ਕਾਫੀ ਵਧ ਗਿਆ ਹੈ। ਪਿਛਲੇ ਕੁਝ ਦਿਨਾਂ ਵਿੱਚ ਖਾਸ ਕਰਕੇ ਦੀਵਾਲੀ ਤੋਂ ਅਗਲੇ ਦਿਨ, ਹਵਾ ਵਿੱਚ ਧੂੰਏਂ ਅਤੇ ਧੁੰਦ ਦੀ ਮਿਲੀ-ਜੁਲੀ ਗਹਿਰ (ਸਮੋਗ) ਕਾਫੀ ਜ਼ਿਆਦਾ ਵੇਖਣ ਨੂੰ ਮਿਲੀ ਹੈ। ਰਾਜ ਦੇ ਕੁਝ ਇਲਾਕਿਆਂ ਵਿੱਚ ਤਾਂ ਕਈ ਮੌਕਿਆਂ 'ਤੇ ਸਾਹ ਲੈਣ ਵਿੱਚ ਤਕਲੀਫ ਵੀ ਨੋਟ ਕੀਤੀ ਗਈ। ਇਸ ਵਾਰ ਪੰਜਾਬ ਦਾ ਹਵਾ ਪ੍ਰਦੂਸ਼ਣ ਇਸ ਕਾਰਨ ਵੀ ਵਧਿਆ ਹੈ ਕਿ ਕੁਝ ਧਾਰਮਿਕ-ਸਮਾਜਕ ਕਾਰਨਾਂ ਕਰਕੇ ਦੀਵਾਲੀ ਦੋ ਦਿਨ ਚਲਦੀ ਰਹੀ। ਕੁਝ ਲੋਕਾਂ ਨੇ ਦੀਵਾਲੀ 31 ਅਕਤੂਬਰ ਨੂੰ ਮਨਾਈ ਅਤੇ ਹੋਰਾਂ ਨੇ ਪਹਿਲੀ ਨਵੰਬਰ ਨੂੰ। 31 ਅਕਤੂਬਰ ਅਤੇ ਇੱਕ ਨਵੰਬਰ, ਇੰਦਰਾ ਗਾਂਧੀ ਦੇ ਕਤਲ, ਨਵੰਬਰ 1984 ਦੇ ਦਿੱਲੀ ਅਤੇ ਭਾਰਤ ਦੇ ਹੋਰ ਬਹੁਤ ਸਾਰੇ ਸ਼ਹਿਰਾਂ ਵਿੱਚ ਹੋਏ ਸਿੱਖ ਵਿਰੋਧੀ ਦੰਗਿਆਂ ਲਈ ਵੀ ਜਾਣੇ ਜਾਂਦੇ ਹਨ। ਇਸ ਲਈ ਸਿੱਖ ਭਾਈਚਾਰੇ ਦੇ ਧਾਰਮਿਕ-ਸਿਆਸੀ ਆਗੂਆਂ ਅਤੇ ਆਮ ਲੋਕਾਂ ਵਿੱਚ ਵੀ ਇਸ ਵਾਰ ਦੀਵਾਲੀ ਦਾ ਤਿਉਹਾਰ ਮਨਾਉਣ ਸੰਬੰਧੀ ਭੰਬਲਭੂਸਾ ਵੇਖਣ ਨੂੰ ਮਿਲਿਆ। ਫਿਰ ਵੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਸ ਭੰਬਲਭੂਸੇ ਨੂੰ ਸਪਸ਼ਟ ਦਿਸ਼ਾ ਨਿਰਦੇਸ਼ਾਂ ਨਾਲ ਮੱਧਮ ਕਰਨ ਦਾ ਯਤਨ ਕੀਤਾ। ਉਨ੍ਹਾਂ ਸਿੱਖਾਂ ਨੂੰ ਦੀਵਾਲੀ ਦਾ ਤਿਉਹਾਰ ਇੱਕ ਨਵੰਬਰ ਨੂੰ ਮਨਾਉਣ ਦਾ ਸੱਦਾ ਦਿੱਤਾ ਅਤੇ ਇਸ ਦਿਨ ਬਿਜਲਈ ਰੌਸ਼ਨੀਆਂ ਨਾਲ ਸਜਾਵਟ ਦੀ ਥਾਂ ਘਿਉ ਦੇ ਦੀਵੇ ਬਾਲਣ ਦਾ ਸੱਦਾ ਦਿੱਤਾ ਗਿਆ।

ਹਿੰਦੂ ਭਾਈਚਾਰੇ ਵੱਲੋਂ ਦੀਵਾਲੀ ਦਾ ਤਿਉਹਾਰ ਮੁੱਖ ਤੌਰ 'ਤੇ 31 ਅਕਤੂਬਰ ਵਾਲੇ ਦਿਨ ਮਨਾਇਆ ਗਿਆ; ਪਰ ਜਨਤਕ ਪੱਧਰ 'ਤੇ ਦੀਵਾਲੀ ਦੀ ਅਸਲ ਤਾਰੀਖ ਬਾਰੇ ਰਹੀ ਸ਼ਸ਼ੋਪੰਜ ਕਾਰਨ ਬਹੁਤੇ ਲੋਕਾਂ ਵੱਲੋਂ ਇਹ ਦੋਨੋ ਦਿਨ ਮਨਾਈ ਜਾਂਦੀ ਰਹੀ। ਖਾਸ ਕਰਕੇ ਬੱਚਿਆਂ ਨੇ ਇਸ ਨੂੰ ਇੱਕ ਦਿਨ ਦੀ ਥਾਂ ਦੋ ਦਿਨ ਦੇ ਤਿਉਹਾਰ ਵਿੱਚ ਤਬਦੀਲ ਕਰ ਲਿਆ। ਇਸ ਦਾ ਸਿੱਟਾ ਇਹ ਨਿਕਲਿਆ ਕਿ ਲੋਕਾਂ ਵੱਲੋਂ ਦੋਨੋ ਦਿਨ ਰੱਜ ਕੇ ਪਟਾਕੇਬਾਜ਼ੀ ਕੀਤੀ ਗਈ, ਜਿਸ ਕਾਰਨ ਪਿਛਲੇ ਵਰ੍ਹੇ ਨਾਲੋਂ ਇਸ ਸਾਲ ਦੀਵਾਲੀ ਨੂੰ ਦੁਗਣਾ ਹਵਾ ਪ੍ਰਦੂਸ਼ਣ ਅਗਲੇ ਦਿਨਾਂ ਵਿੱਚ ਵੇਖਣ ਨੂੰ ਮਿਲਿਆ। ਦੀਵਾਲੀ ਤੋਂ ਇੱਕ ਦਿਨ ਬਾਅਦ 2 ਨਵੰਬਰ ਨੂੰ ਅੰਮ੍ਰਿਤਸਰ ਦਾ ਏਅਰ ਕੁਆਲਟੀ ਇੰਡੈਕਸ 401 ਪਾਇਆ ਗਿਆ। ਬਠਿੰਡਾ ਦਾ ਏਅਰ ਕੁਆਲਟੀ ਇਨਡੈਕਸ 368, ਲੁਧਿਆਣਾ ਦਾ 339, ਪਟਿਆਲਾ ਦਾ 264, ਮੰਡੀ ਗੋਬਿੰਦਗੜ੍ਹ ਦਾ 203, ਖੰਨਾ ਦਾ 198 ਅਤੇ ਜਲੰਧਰ 164 ਨੋਟ ਕੀਤਾ ਗਿਆ।



ਇਸ ਤੱਥ ਦੇ ਬਾਵਜੂਦ ਕਿ ਪਿਛਲੇ ਵਰ੍ਹੇ ਦੇ ਮੁਕਾਬਲੇ ਕਿਸਾਨਾਂ ਵੱਲੋਂ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਦਾ ਵਰਤਾਰਾ ਤਕਰੀਬਨ ਅੱਧਾ ਰਹਿ ਗਿਆ ਹੈ, ਤਾਂ ਵੀ ਹਵਾ ਪ੍ਰਦੂਸ਼ਣ ਦਾ ਪੱਧਰ ਪਿਛਲੇ ਸਾਲਾਂ ਜਿੰਨਾ ਹੀ ਵੇਖਣ ਨੂੰ ਮਿਲਿਆ। ਇਸ ਦਰਮਿਆਨ ਹਰਿਆਣਾ ਅਤੇ ਦਿੱਲੀ ਵਿੱਚ ਵੀ ਹਵਾ ਪ੍ਰਦੂਸ਼ਣ ਦੇ ਵਧਣ ਦੀਆਂ ਖ਼ਬਰਾਂ ਮਿਲੀਆਂ ਹਨ। ਪਰਾਲੀ ਨੂੰ ਲੱਗਣ ਵਾਲੀ ਅੱਗ ਦੇ ਘਟਣ ਨਾਲ ਇਹ ਵੀ ਸਾਫ ਹੋ ਗਿਆ ਹੈ ਕਿ ਦਿੱਲੀ ਐਨ.ਸੀ.ਆਰ. ਵਿੱਚ ਅਕਤੂਬਰ-ਨਵੰਬਰ ਦੇ ਮਹੀਨੇ ਵਿੱਚ ਵਧਣ ਵਾਲੇ ਪ੍ਰਦੂਸ਼ਣ ਦਾ ਸੰਬੰਧ ਨਿਰਾ ਪੰਜਾਬ-ਹਰਿਆਣਾ ਵਿੱਚ ਪਰਾਲੀ ਨੂੰ ਲਗਾਈ ਜਾਣ ਵਾਲੀ ਅੱਗ ਨਾਲ ਹੀ ਸੰਬੰਧਤ ਨਹੀਂ ਹੈ, ਇਸ ਦੇ ਹੋਰ ਵੀ ਕਾਰਨ ਹਨ। ਪਟਾਕੇਬਾਜ਼ੀ, ਸਨਅਤੀ ਸੈਕਟਰ ਅਤੇ ਵਾਹਨਾਂ ਦੁਆਰਾ ਕੀਤਾ ਜਾਣਾ ਵਾਲਾ ਪ੍ਰਦੂਸ਼ਣ ਵੀ ਦਿੱਲੀ ਦੀ ਹਵਾ ਨੂੰ ਬਦਤਰ ਬਣਾਉਂਦਾ ਹੈ।

ਸਰਕਾਰੀ ਅਤੇ ਪ੍ਰਾਈਵੇਟ ਸੋਮਿਆਂ ਤੋਂ ਇਕੱਤਰ ਕੀਤੇ ਗਏ ਅੰਕੜੇ ਦਰਸਾਉਂਦੇ ਹਨ ਕਿ 2 ਨਵੰਬਰ ਤੱਕ ਪੰਜਾਬ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਬਹੁਤ ਘੱਟ ਖੇਤਾਂ ਨੂੰ ਅੱਗ ਲੱਗੀ ਹੈ। ਨਾਸਾ ਦੇ ਵੀ.ਆਈ.ਆਈ.ਆਰ.ਐਸ. ਸੈਟੇਲਾਈਟ ਸਿਸਟਮ ਦੁਆਰਾ ਇਕੱਤਰ ਕੀਤੇ ਗਏ ਅੰਕੜਿਆਂ ਮੁਤਾਬਕ, ਪਿਛਲੇ ਵਰ੍ਹੇ 15 ਸਤੰਬਰ ਤੋਂ 2 ਨਵੰਬਰ ਤੱਕ ਪਰਾਲੀ ਨੂੰ ਅੱਗ ਲਗਾਉਣ ਦੀਆਂ ਕੁੱਲ 11262 ਘਟਨਾਵਾਂ ਵਾਪਰੀਆਂ ਸਨ, ਜਦੋਂਕਿ ਇਸ ਵਾਰ 3916 ਅੱਗ ਲੱਗਣ ਦੀਆਂ ਘਟਨਾਵਾਂ ਵਾਪਰੀਆਂ ਹਨ। ਇੱਕ ਅਕਤੂਬਰ ਤੋਂ 2 ਨਵੰਬਰ ਤੱਕ ਪਿਛਲੇ ਵਰ੍ਹੇ ਪੰਜਾਬ ਵਿੱਚ 8586 ਘਟਨਾਵਾਂ ਵਾਪਰੀਆਂ ਸਨ, ਜਦੋਂਕਿ ਇਸ ਵਾਰ ਸਿਰਫ 3570 ਘਟਨਾਵਾਂ ਅੱਗ ਲਾਉਣ ਦੀਆਂ ਵਾਪਰੀਆਂ ਹਨ। ਇੰਡੀਅਨ ਐਗਰੀਕਲਚਰ ਰਿਸਰਚ ਇੰਸਟੀਚਿਊਟਸ ਬੁਲਿਟਨ ਵੱਲੋਂ ਛਾਇਆ ਕੀਤੇ ਗਏ ਅੰਕੜਿਆਂ ਅਨੁਸਾਰ ਇਸ ਸਾਲ ਉਪਰੋਕਤ ਨਾਲੋਂ ਵੀ ਘੱਟ ਥਾਵਾਂ 'ਤੇ ਅੱਗ ਲੱਗਣ ਦੀਆਂ ਘਟਨਾਵਾਂ ਦਰਜ ਕੀਤੀਆਂ ਗਈਆਂ ਹਨ। ਇਸ ਸੰਸਥਾ ਅਨੁਸਾਰ ਪਿਛਲੇ ਵਰ੍ਹੇ 15 ਸਤੰਬਰ ਤੋਂ ਇੱਕ ਨਵੰਬਰ ਤੱਕ ਪੰਜਾਬ ਦੇ ਖੇਤਾਂ ਵਿੱਚ 9594 ਅੱਗ ਲੱਗਣ ਦੀਆਂ ਘਟਨਾਵਾਂ ਵਾਪਰੀਆਂ ਸਨ, ਜਦੋਂ ਕਿ ਇਸੇ ਸਮੇਂ ਦੌਰਾਨ ਇਸ ਵਰ੍ਹੇ ਇਹ ਅੰਕੜਾ 3537 ਹੈ।

ਉਂਝ ਇਸ ਸੰਦਰਭ ਵਿੱਚ ਇਹ ਵੀ ਨੋਟ ਕੀਤਾ ਜਾ ਰਿਹਾ ਹੈ ਕਿ ਮੰਡੀਆਂ ਵਿੱਚ ਫਸਲ ਦੀ ਵਿਕਰੀ ਅਤੇ ਚੁਕਾਈ ਲੇਟ ਹੋਣ ਕਾਰਨ ਅਗਲੇ ਦਿਨਾਂ ਵਿੱਚ ਪੰਜਾਬ ਵਿੱਚ ਅੱਗ ਲਗਾਉਣ ਦੀਆਂ ਘਟਨਾਵਾਂ ਵਧ ਸਕਦੀਆਂ ਹਨ। ਯਾਦ ਰਹੇ, ਹੁਣ ਤੱਕ ਕੁੱਲ 3.2 ਮਿਲੀਅਨ ਹੈਕਟਰ ਝੋਨੇ ਦਾ ਸਿਰਫ ਹਾਲੇ 52 ਫੀਸਦੀ ਕੱਟਿਆ ਗਿਆ ਹੈ। ਜਾਣਕਾਰਾਂ ਅਨੁਸਾਰ ਪਿਛਲੇ ਸਾਲ ਵੀ ਫਸਲ ਦੀ ਕਟਾਈ ਦੇ ਆਖਰੀ ਗੇੜ ਵਿੱਚ ਆਣ ਕੇ ਹੀ ਖੇਤਾਂ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਵਧੀਆਂ ਸਨ। 14-16 ਨਵੰਬਰ ਦਰਮਿਆਨ ਪੰਜਾਬ ਵਿੱਚ ਪਿਛਲੇ ਸਾਲ ਰੋਜ਼ਾਨਾ 1700 ਖੇਤਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਵਾਪਰੀਆਂ ਸਨ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਆਦਰਸ਼ ਪਾਲ ਵਿੱਜ ਅਨੁਸਾਰ ਪੰਜਾਬ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਦੇ ਘਟਣ ਦਾ ਕਾਰਨ ਇਸ ਵਾਰ ਪੰਜਾਬ ਸਰਕਾਰ ਦੇ ਸਿਵਲ ਅਤੇ ਪੁਲਿਸ ਅਧਿਕਾਰੀਆਂ ਵੱਲੋਂ ਮਿਲ ਕੇ ਵਿਆਪਕ ਪੱਧਰ 'ਤੇ ਕੀਤੀ ਗਈ ਮੈਨੇਜਮੈਂਟ ਦਾ ਸਿੱਟਾ ਹੈ। ਕਿਸਾਨਾਂ ਨੇ ਵੀ ਇਸ ਵਿੱਚ ਵੱਡੀ ਪੱਧਰ 'ਤੇ ਸਹਿਯੋਗ ਕੀਤਾ ਹੈ।

ਇਸ ਸੰਬੰਧ ਵਿੱਚ ਆਪਣੇ ਇੱਕ ਪ੍ਰਤੀਕਰਮ ਵਿੱਚ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਜਨਰਲ ਸਕੱਤਰ ਜਗਮੋਹਨ ਸਿੰਘ ਨੇ ਦੱਸਿਆ ਕਿ ਬਿਨਾ ਸ਼ੱਕ ਪਰਾਲੀ ਨੂੰ ਮੈਨੇਜ ਕਰਨ ਲਈ ਸਰਕਾਰ ਅਤੇ ਖੇਤੀਬਾੜੀ ਵਿਭਾਗ ਵੱਲੋਂ ਹੋਰ ਜ਼ਿਆਦਾ ਯਤਨ ਕੀਤੇ ਜਾਣ ਦੀ ਲੋੜ ਹੈ, ਫਿਰ ਵੀ ਕਿਸਾਨਾਂ ਨੇ ਅੱਗ ਲਾਉਣ ਤੋਂ ਗੁਰੇਜ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਕਿਸਾਨਾਂ ਦੀ ਕੋਈ ਮਦਦ ਨਹੀਂ ਕਰ ਰਹੀ, ਸਗੋਂ ਉਨ੍ਹਾਂ ਨੂੰ ਸਜ਼ਾ ਦੇ ਭਾਗੀ ਬਣਾਇਆ ਜਾ ਰਿਹਾ ਹੈ ਅਤੇ ਕਿਸਾਨਾਂ ਖਿਲਾਫ ਕੇਸ ਦਰਜ ਕੀਤੇ ਜਾ ਰਹੇ ਹਨ। ਉਨ੍ਹਾਂ ਦੇ ਜ਼ਮੀਨੀ ਰਿਕਾਰਡ ਵਿੱਚ ਰੈਡ ਐਂਟਰੀਆਂ ਪਾਈਆਂ ਜਾ ਰਹੀਆਂ ਹਨ। ਯਾਦ ਰਹੇ, ਰਾਜ ਸਰਕਾਰ ਵੱਲੋਂ ਪਰਾਲੀ ਨੂੰ ਅੱਗ ਲੱਗਣ ਤੋਂ ਰੋਕਣ ਲਈ ਇਸ ਸਾਲ 9492 ਫੀਲਡ ਵਰਕਰ ਨਿਯੁਕਤ ਕੀਤੇ ਸਨ। ਇਸ ਤੋਂ ਇਲਾਵਾ 1389 ਕਲਸਟਰ ਅਫਸਰ, 4965 ਨੋਡਲ ਅਫਸਰ ਨਿਯੁਕਤ ਕੀਤੇ ਗਏ ਸਨ। ਇਨ੍ਹਾਂ ਵੱਲੋਂ 31 ਅਕਤੂਬਰ ਤੱਕ 1267 ਅੱਗ ਲੱਗਣ ਦੇ ਕੇਸਾਂ ਦੀ ਪੁਸ਼ਟੀ ਕੀਤੀ ਗਈ ਹੈ, ਜਿਨ੍ਹਾਂ ਨੂੰ 33.20 ਲੱਖ ਦਾ ਜੁਰਮਾਨਾ ਕੀਤਾ ਗਿਆ ਹੈ। ਉਂਝ ਇਹ ਤੱਥ ਵੀ ਸਾਹਮਣੇ ਆ ਰਹੇ ਹਨ ਕਿ ਮਾਝੇ ਅਤੇ ਦੁਆਬੇ ਵਿੱਚ ਫਸਲ ਲਗਪਗ ਕਿਉਂਟੀ ਜਾਣ ਦੇ ਕਰੀਬ ਹੈ, ਜਦਕਿ ਮਾਲਵੇ ਵਿੱਚ ਫਸਲ ਕੱਟੇ ਜਾਣ ਦਾ ਅਮਲ ਹਾਲੇ ਵੀ ਸੁਸਤ ਹੈ।

ਵਧ ਰਹੇ ਹਵਾ ਪ੍ਰਦੂਸ਼ਣ ਕਾਰਨ ਪੰਜਾਬ ਵਿੱਚ ਹਵਾਈ ਆਵਾਜਾਈ ਵੀ ਪ੍ਰਭਾਵਤ ਹੋਈ ਹੈ। 2 ਨਵੰਬਰ ਨੂੰ ਸਵੇਰ ਵੇਲੇ ਗਾੜ੍ਹੀ ਧੁੰਦ (ਸਮੋਗ) ਕਾਰਨ ਅੰਮ੍ਰਿਤਸਰ ਹਵਾਈ ਅੱਡੇ 'ਤੇ ਉਤਰਨ ਵਾਲੀਆਂ ਤਿੰਨ ਉਡਾਣਾਂ ਨੂੰ ਚੰਡੀਗੜ੍ਹ ਹਵਾਈ ਅੱਡੇ ਵੱਲ ਮੋੜਨਾ ਪਿਆ। ਯਾਤਰੀਆਂ ਨੂੰ ਇਸ ਦੀ ਜਾਣਕਾਰੀ ਚੰਡੀਗੜ੍ਹ ਪਹੁੰਚ ਕੇ ਮਿਲੀ। ਇਸ ਦਿਨ ਹਵਾਈ ਅੱਡੇ ਨੇੜੇ ਏਅਰ ਕੁਅਲਟੀ ਇਨਡੈਕਸ 400 ਨੂੰ ਪਾਰ ਕਰ ਗਿਆ ਸੀ।

# ਲਾਹੌਰ ਦੇ ਪ੍ਰਦੂਸ਼ਣ ਦਾ ਠੀਕਰਾ ਪੰਜਾਬ ਸਿਰ !

**ਪੁਸ਼ਪਰੰਜਨ**

ਮੰਗਲਵਾਰ ਨੂੰ ਪਾਕਿਸਤਾਨ ਦੇ ਪ੍ਰਮੁੱਖ ਅਖਬਾਰ 'ਡਾਨ' ਨੇ ਆਪਣੇ ਸੰਪਾਦਕੀ 'ਚ ਪ੍ਰਦੂਸ਼ਣ ਦੀ ਪਹੁੰਚ ਅਤੇ ਸਰਕਾਰ ਦੀ ਲਾਚਾਰੀ ਨੂੰ ਉਜਾਗਰ ਕੀਤਾ ਹੈ। ਅਖਬਾਰ ਲਿਖਦਾ ਹੈ, 'ਲਾਹੌਰ ਵਿੱਚ ਹਵਾ ਦੀ ਗੁਣਵੱਤਾ ਹੁਣ ਪਹਿਲਾਂ ਨਾਲੋਂ ਵੀ ਮਾੜੀ ਹੋ ਗਈ ਹੈ, ਐਤਵਾਰ ਨੂੰ ਪਹਿਲੀ ਵਾਰ ਵਾਤਾਵਰਣ ਵਿੱਚ ਪ੍ਰਦੂਸ਼ਣ ਸੂਚਕ ਅੰਕ 1,000 ਤੋਂ ਵੱਧ ਗਿਆ। ਸੂਬਾਈ ਸਰਕਾਰ ਨੇ ਧੂੰਏਂ ਦੇ ਖਤਰੇ ਕਾਰਨ ਗ੍ਰੇਡ 5 ਤੱਕ ਦੇ ਪ੍ਰਾਇਮਰੀ ਸਕੂਲਾਂ ਨੂੰ ਬੰਦ ਕਰ ਦਿੱਤਾ ਹੈ। ਪ੍ਰਦੂਸ਼ਿਤ ਹਵਾ, ਜਿਸ ਵਿੱਚ ਵਿਸ਼ਵ ਸਿਹਤ ਸੰਗਠਨ ਦੁਆਰਾ ਨਿਰਧਾਰਤ ਮਾਪਦੰਡਾਂ ਤੋਂ ਕਈ ਗੁਣਾ ਖਤਰਨਾਕ ਰਸਾਇਣ ਹੁੰਦੇ ਹਨ, ਸਾਹ ਦੀਆਂ ਕਈ ਬਿਮਾਰੀਆਂ ਦੇ ਨਾਲ-ਨਾਲ ਸਟ੍ਰੋਕ, ਦਿਲ ਦੇ ਰੋਗ ਅਤੇ ਫੇਫੜਿਆਂ ਦੇ ਕੈਂਸਰ ਦਾ ਕਾਰਨ ਬਣ ਸਕਦੇ ਹਨ। ਹਾਲਾਂਕਿ, ਸੂਬਾਈ ਸਰਕਾਰ ਨੇ ਰੈਸਟੋਰੈਂਟ ਬਾਰਬਿਕਯੂਜ਼ ਤੋਂ ਬਹੁਤ ਜ਼ਿਆਦਾ ਧੂੰਏਂ ਦੇ ਨਿਕਾਸ ਸਮੇਤ ਪ੍ਰਦੂਸ਼ਣ ਦੇ ਸਾਰੇ ਸਰੋਤਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਹੈ, ਪਰ ਇਨ੍ਹਾਂ ਉਪਾਵਾਂ ਦੀ ਸਹੀ ਢੰਗ ਨਾਲ ਪਾਲਣਾ ਨਾ ਹੋਣ ਕਾਰਨ ਸਾਰੀਆਂ ਕੋਸ਼ਿਸ਼ਾਂ ਵਿਅਰਥ ਗਈਆਂ ਹਨ। ਪੰਜਾਬ ਦੇ ਅਧਿਕਾਰੀਆਂ ਨੇ ਇੱਕ ਹੋਰ ਕਾਰਕ ਨੂੰ ਵੀ ਜ਼ਿੰਮੇਵਾਰ ਠਹਿਰਾਇਆ ਹੈ: ਸਰਹੱਦ ਪਾਰ ਤੋਂ ਪ੍ਰਦੂਸ਼ਣ, ਜਿੱਥੋਂ ਪਰਾਲੀ ਸਾੜਨ ਅਤੇ ਪਟਾਕਿਆਂ ਦਾ ਧੂੰਆਂ ਪਾਕਿਸਤਾਨ ਵਿੱਚ ਆ ਰਿਹਾ ਹੈ। ਮੁੱਖ ਮੰਤਰੀ ਮਰੀਅਮ ਨਵਾਜ਼ ਹੁਣ ਧੂੰਏਂ ਦੇ ਸੰਕਟ ਨਾਲ ਨਜਿੱਠਣ ਲਈ ਦੋਹਾਂ ਪੰਜਾਬਾਂ ਤੋਂ ਸਾਂਝੇ ਯਤਨਾਂ ਦੀ ਮੰਗ ਕਰ ਰਹੀ ਹੈ।

ਅਖਬਾਰ ਇਹ ਦੱਸਣ ਤੋਂ ਅਸਮਰੱਥ ਹੈ ਕਿ ਪਾਕਿਸਤਾਨ ਦੇ ਪੰਜਾਬ ਵਿੱਚ ਕਿਸਾਨਾਂ ਵੱਲੋਂ ਪਰਾਲੀ ਸਾੜਨ ਨਾਲ ਵਾਤਾਵਰਣ ਕਿੰਨਾ ਪ੍ਰਦੂਸ਼ਿਤ ਹੋ ਰਿਹਾ ਹੈ। ਜੇਕਰ ਤੁਸੀਂ ਦੀਵਾਲੀ ਨੂੰ ਛੱਡ ਦਿੰਦੇ ਹੋ, ਤਾਂ ਪਾਕਿਸਤਾਨ ਦਾ ਮੁਸਲਿਮ ਰਾਸ਼ਟਰ ਭਾਰਤੀਆਂ ਵਾਂਗ ਹੀ ਸਮਾਗਮ ਵਾਲਾ ਹੈ। ਜੇਕਰ ਤੁਸੀਂ ਕਰਾਚੀ ਜਾਂਦੇ ਹੋ, ਤਾਂ ਉੱਥੇ ਪਟਾਕਿਆਂ ਦੀ ਚੰਗੀ ਮੰਡੀ ਹੈ। ਤੁਹਾਨੂੰ ਪਾਕਿਸਤਾਨ ਦੇ ਲਗਭਗ ਹਰ ਵੱਡੇ ਸ਼ਹਿਰ ਵਿੱਚ ਪਟਾਕਿਆਂ ਨਾਲ ਭਰੇ ਬਾਜ਼ਾਰ ਮਿਲਣਗੇ। ਰਾਵਲਪਿੰਡੀ, ਕਵੇਟਾ, ਕਹੂਟਾ, ਕਰਾਚੀ, ਲਾਹੌਰ ਸਮੇਤ ਸਿੰਧ ਦੇ ਕਈ ਸ਼ਹਿਰ ਪਟਾਕੇ ਬਣਾਉਣ ਦੇ ਕੇਂਦਰ ਹਨ, ਜਿੱਥੇ ਹਰ ਸਾਲ ਪੰਜ-ਦਸ ਲੋਕਾਂ ਦੀ ਮੌਤ ਹੋਣ ਦੀਆਂ ਖ਼ਬਰਾਂ ਆਮ ਆਉਂਦੀਆਂ ਰਹਿੰਦੀਆਂ ਹਨ। ਸਾਲ 2022 ਵਿੱਚ ਪਾਕਿਸਤਾਨ ਨੇ 5.46 ਮਿਲੀਅਨ ਡਾਲਰ ਦੇ ਪਟਾਕਿਆਂ ਦਾ ਨਿਰਯਾਤ ਕੀਤਾ, ਜਿਸ ਨਾਲ ਇਹ ਦੁਨੀਆ ਵਿੱਚ ਪਟਾਕਿਆਂ ਦਾ 16ਵਾਂ ਸਭ ਤੋਂ ਵੱਡਾ ਨਿਰਯਾਤਕ ਬਣ ਗਿਆ। ਪਾਕਿਸਤਾਨ ਤੋਂ ਪਟਾਕਿਆਂ ਦੇ ਨਿਰਯਾਤ ਦੇ ਮੁੱਖ ਸਥਾਨ ਹਨ: ਤੁਰਕੀ, ਨਾਈਜੀਰੀਆ ਅਤੇ ਅਫਗਾਨਿਸਤਾਨ। ਪਾਬੰਦੀ ਦੇ ਬਾਵਜੂਦ ਨਾ ਤਾਂ ਪਾਕਿਸਤਾਨ 'ਚ ਪਟਾਕਿਆਂ ਦਾ ਨਿਰਮਾਣ ਰੁਕਿਆ ਅਤੇ ਨਾ ਹੀ ਪਾਕਿਸਤਾਨੀ ਲੋਕਾਂ ਨੇ ਵਿਆਹ, ਕ੍ਰਿਕਟ, ਸ਼ਬੇ ਬਾਰਾਤ, ਈਦ ਵਰਗੇ ਤਿਉਹਾਰਾਂ 'ਤੇ ਪਟਾਕੇ ਚਲਾਉਣੇ ਬੰਦ ਕੀਤੇ।

ਇਸ ਤਰ੍ਹਾਂ ਚੀਨੀ ਪਟਾਕੇ ਪੂਰੀ ਦੁਨੀਆ ਦੇ ਬਾਜ਼ਾਰ 'ਚ ਆ ਗਏ ਹਨ, ਪਰ ਇਹ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਜਿਹੜੇ ਦੇਸ਼ ਵਾਤਾਵਰਣ ਪ੍ਰਤੀ ਸਭ ਤੋਂ ਵੱਧ ਚਿੰਤਤ ਜਾਪਦੇ ਹਨ, ਉਹ ਪਟਾਕਿਆਂ ਦੀ ਬਰਾਮਦ ਵਿੱਚ ਕਿਸ ਹੱਦ ਤੱਕ ਸ਼ਾਮਲ ਹਨ। ਪਿਛਲੇ ਸਾਲ ਪੂਰੀ ਦੁਨੀਆ 'ਚ ਪਟਾਕਿਆਂ ਦਾ ਕਾਰੋਬਾਰ ਡੇਢ ਅਰਬ ਡਾਲਰ ਦਾ ਸੀ। ਇਹ ਹਰ ਸਾਲ ਤਕਰੀਬਨ ਪੱਚੀ ਤੋਂ ਤੀਹ ਫੀਸਦੀ ਦੀ ਦਰ ਨਾਲ ਵਧ ਰਿਹਾ ਹੈ। ਚੀਨ, ਜਰਮਨੀ, ਨੀਦਰਲੈਂਡ, ਪੋਲੈਂਡ ਅਤੇ ਸਪੇਨ ਪਟਾਕਿਆਂ ਦੇ ਪ੍ਰਮੁੱਖ ਨਿਰਯਾਤਕ ਵਜੋਂ ਉਭਰੇ ਹਨ, ਜੋ ਕਿ ਸਮੂਹਿਕ ਤੌਰ 'ਤੇ ਪਟਾਕਿਆਂ ਦੇ ਨਿਰਯਾਤ ਤੋਂ ਕੁੱਲ ਅੰਤਰਰਾਸ਼ਟਰੀ ਮਾਲੀਏ ਦਾ 95 ਪ੍ਰਤੀਸ਼ਤ ਹਿੱਸਾ ਹੈ। ਤਾਂ ਕੀ ਇਨ੍ਹਾਂ ਦੇਸ਼ਾਂ ਦੀ ਕੋਈ ਜਵਾਬਦੇਹੀ ਨਹੀਂ ਹੈ?

ਇਹ ਕਿੰਨਾ ਵੱਡਾ ਮਜ਼ਾਕ ਹੈ, ਦਿੱਲੀ ਵਰਗੀ ਰਾਜਧਾਨੀ ਵਿੱਚ ਜਿੱਥੇ ਪ੍ਰਧਾਨ ਮੰਤਰੀ ਤੋਂ ਲੈ ਕੇ ਪੂਰੇ ਮੰਤਰਾਲੇ ਤੱਕ, ਸੁਪਰੀਮ ਕੋਰਟ ਅਤੇ ਪਟਾਕਿਆਂ 'ਤੇ ਪਾਬੰਦੀ ਲਾਗੂ ਕਰਨ ਵਾਲੀਆਂ ਸਾਰੀਆਂ ਏਜੰਸੀਆਂ ਮੌਜੂਦ ਹਨ, ਉਨ੍ਹਾਂ ਦੀ ਮੌਜੂਦਗੀ ਵਿੱਚ ਅਰਾਜਕਤਾਵਾਦੀਆਂ ਨੇ ਰਾਸ਼ਟਰੀ ਰਾਜਧਾਨੀ ਨੂੰ ਗੈਸ ਚੈਂਬਰ ਵਿੱਚ ਬਦਲ ਦਿੱਤਾ ਹੈ। ਕਿਸੇ ਨੂੰ ਦੱਸੋ, ਉਨ੍ਹਾਂ ਦੀ ਪਹਿਲੀ ਪ੍ਰਤੀਕਿਰਿਆ ਹੋਵੇਗੀ, 'ਇਹ ਕੋਈ ਨਵੀਂ ਗੱਲ ਨਹੀਂ ਹੈ!' ਜੇਕਰ ਦੀਵਾਲੀ ਦੌਰਾਨ ਆਤਿਸ਼ਬਾਜ਼ੀ ਦੀ ਵਰਤੋਂ ਹੁੰਦੀ ਹੈ, ਤਾਂ ਕ੍ਰਿਸਮਸ ਅਤੇ ਨਵੇਂ ਸਾਲ ਦੇ ਜਸ਼ਨਾਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ।

ਇੱਥੇ ਪਟਾਕਿਆਂ ਤੋਂ ਲੈ ਕੇ ਪਰਾਲੀ ਤੱਕ ਹਰ ਚੀਜ਼ 'ਤੇ ਪਾਬੰਦੀ ਹੈ, ਪਰ ਲਾਹੌਰ ਦੀ 14 ਮਿਲੀਅਨ ਦੀ ਆਬਾਦੀ 'ਚ ਦਮ ਹੈ। ਹਵਾ ਦੀ ਗੁਣਵੱਤਾ ਇੰਨੀ ਖ਼ਤਰਨਾਕ ਹੋ ਗਈ ਹੈ ਕਿ ਸਾਰੇ ਜੂਨੀਅਰ ਸਕੂਲਾਂ ਵਿੱਚ ਪੰਜਵੀਂ ਜਮਾਤ ਤੱਕ ਦੀਆਂ ਕਲਾਸਾਂ ਮਾਹੌਲ ਦੇ ਆਮ ਹੋਣ ਤੱਕ ਮੁਲਤਵੀ ਕਰ ਦਿੱਤੀਆਂ ਗਈਆਂ ਹਨ।

ਵਾਤਾਵਰਣ ਮੰਤਰੀ ਮਰੀਅਮ ਔਰੰਗਜ਼ੇਬ ਨੇ ਕਿਹਾ ਕਿ ਅੰਮ੍ਰਿਤਸਰ ਅਤੇ ਚੰਡੀਗੜ੍ਹ ਤੋਂ ਦੋ ਦਿਨ ਆਈਆਂ ਪੂਰਬੀ ਹਵਾਵਾਂ ਲਾਹੌਰ ਦੇ ਵਾਤਾਵਰਣ ਵਿੱਚ ਪ੍ਰਦੂਸ਼ਣ ਸੂਚਕ ਅੰਕ ਨੂੰ 1000 ਤੋਂ ਵੱਧ ਕਰ ਗਈਆਂ ਹਨ। ਪਾਕਿਸਤਾਨੀ ਪੰਜਾਬ ਨੇ ਬੀਤੇ ਸੋਮਵਾਰ ਨੂੰ ਵਿਦੇਸ਼ ਮੰਤਰਾਲੇ ਨੂੰ ਪੱਤਰ ਭੇਜ ਕੇ ਇਹ ਮੁੱਦਾ ਨਵੀਂ ਦਿੱਲੀ ਕੋਲ ਉਠਾਇਆ ਹੈ। ਜੇਕਰ ਲੋੜ ਪਈ ਤਾਂ ਮੁੱਖ ਮੰਤਰੀ ਮਰੀਅਮ ਨਵਾਜ਼ ਪੰਜਾਬ ਦੇ ਮੁੱਖ ਮੰਤਰੀ ਨਾਲ ਮੁਲਾਕਾਤ ਕਰਨਗੇ। ਕੁਝ ਦਿਨ ਪਹਿਲਾਂ ਮੁੱਖ ਮੰਤਰੀ ਮਰੀਅਮ ਨਵਾਜ਼ ਨੇ ਦੀਵਾਲੀ ਦੇ ਇੱਕ ਸਮਾਗਮ ਵਿੱਚ ਸੰਕੇਤ ਦਿੱਤਾ ਸੀ ਕਿ ਉਹ ਧੂੰਏਂ ਵਿਰੁੱਧ ਇੱਕ ਸੰਯੁਕਤ ਮੋਰਚਾ ਬਣਾਉਣ ਲਈ ਭਾਰਤੀ ਪੰਜਾਬ ਦੇ ਮੁੱਖ ਮੰਤਰੀ ਤੱਕ ਪਹੁੰਚ ਕਰੇਗੀ। ਵਾਤਾਵਰਣ ਮੰਤਰੀ ਮਰੀਅਮ ਔਰੰਗਜ਼ੇਬ ਨੇ ਮੰਨਿਆ ਕਿ ਹਵਾ ਦੀ ਦਿਸ਼ਾ ਨਹੀਂ ਬਦਲੀ ਜਾ ਸਕਦੀ ਅਤੇ ਸਰਹੱਦ ਪਾਰੋਂ ਧੁੰਦ ਦਾ ਮੁੱਦਾ ਗੱਲਬਾਤ ਰਾਹੀਂ ਹੀ ਹੱਲ ਕੀਤਾ ਜਾ ਸਕਦਾ ਹੈ। ਇਸ ਨੂੰ ਪੀੜ੍ਹੀ ਦਰ ਪੀੜ੍ਹੀ ਜਿਉਂਦੇ ਰਹਿਣ ਦਾ ਮਸਲਾ ਦੱਸਦੇ ਹੋਏ ਇਸ ਦਾ ਸਿਆਸੀਕਰਨ ਕਰਨ ਵਿਰੁੱਧ ਚੇਤਾਵਨੀ ਦਿੱਤੀ। ਉਸਨੇ ਭੱਠਾ ਮਾਲਕਾਂ ਅਤੇ ਟਰਾਂਸਪੋਰਟਰਾਂ ਨੂੰ ਨਿਕਾਸੀ ਨੂੰ ਹੋਰ ਬਦਤਰ ਬਣਾਉਣ ਵਿਰੁੱਧ ਚੇਤਾਵਨੀ ਦਿੱਤੀ। ਉਨ੍ਹਾਂ ਕਿਹਾ ਕਿ ਸਰਕਾਰ ਉਸਾਰੀ ਪ੍ਰਾਜੈਕਟਾਂ ਨੂੰ ਅਸਥਾਈ ਤੌਰ 'ਤੇ ਬੰਦ ਕਰਨ ਅਤੇ ਤਾਲਾਬੰਦੀ ਲਗਾਉਣ ਸਮੇਤ ਸਖ਼ਤ ਕਦਮ ਚੁੱਕ ਸਕਦੀ ਹੈ। 'ਉਲੰਘਣਾ ਕਰਨ ਵਾਲਿਆਂ 'ਤੇ ਕੇਸ ਦਰਜ ਹੋ ਸਕਦੇ ਹਨ, ਉਨ੍ਹਾਂ ਨੂੰ ਗ੍ਰਿਫਤਾਰ ਵੀ ਕੀਤਾ ਜਾ ਸਕਦਾ ਹੈ।'

ਪਰ ਸਵਾਲ ਇਹ ਹੈ ਕਿ ਕੀ ਮਰੀਅਮ ਨਵਾਜ਼ ਦੀ ਵਾਤਾਵਰਣ ਕੂਟਨੀਤੀ ਦੋਹਾਂ ਪਾਸਿਆਂ ਦੇ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕ ਦੇਵੇਗੀ? ਮਰੀਅਮ ਨਵਾਜ਼ ਤੋਂ ਲੈ ਕੇ ਮਰੀਅਮ ਔਰੰਗਜ਼ੇਬ ਤੱਕ ਪ੍ਰਦੂਸ਼ਣ ਫੈਲਾਉਣ ਲਈ ਕਿਸਾਨਾਂ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਂਦਾ। ਬਿਲਕੁਲ ਉਸੇ ਤਰ੍ਹਾਂ ਦੇ ਬਿਆਨ ਜੋ ਦਿੱਲੀ ਦੇ ਵਾਤਾਵਰਣ ਮੰਤਰੀ ਗੋਪਾਲ ਰਾਏ ਪਰਾਲੀ ਸਾੜਨ ਵਾਲੇ ਕਿਸਾਨਾਂ ਵਿਰੁੱਧ ਦੇਣ ਤੋਂ ਝਿਜਕਦੇ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਪਰਾਲੀ ਸਾੜਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਦਾ ਸੰਕੇਤ ਦੇਣ ਵਾਲਾ ਕੋਈ ਬਿਆਨ ਨਹੀਂ ਦਿੱਤਾ। ਫਿਰ ਪੰਜਾਬ ਦੇ ਦੋ ਮੁੱਖ ਮੰਤਰੀ ਆਪਸ ਵਿੱਚ ਗੱਲ ਕਰਕੇ ਕੀ ਹੱਲ ਕੱਢਣਗੇ? ਕੀ ਕਿਸਾਨ ਪ੍ਰਤੀਨਿਧੀ ਇਸ ਵਾਤਾਵਰਣ ਕੂਟਨੀਤੀ ਵਿੱਚ ਹਿੱਸਾ ਲੈਣਗੇ? ਅਤੇ ਕੀ ਤਿਉਹਾਰਾਂ ਮੌਕੇ ਪਟਾਕੇ ਚਲਾ ਕੇ ਪ੍ਰਦੂਸ਼ਣ ਫੈਲਾਉਣ ਵਾਲੀ ਪੀੜ੍ਹੀ ਅਜਿਹਾ ਕਰਨਾ ਬੰਦ ਕਰ ਦੇਵੇਗੀ? ਕੀ ਕੇਂਦਰ ਅਤੇ ਰਾਜ ਸਰਕਾਰਾਂ, ਅਦਾਲਤਾਂ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਈਕੋ-ਅਪਰਾਧੀਆਂ ਨੂੰ ਰੋਕਣ ਦੇ ਸੱਚਮੁੱਚ ਸਮਰੱਥ ਹਨ?

ਵਿਸ਼ਵ ਸਿਹਤ ਸੰਗਠਨ ਨੇ ਹਾਲ ਹੀ ਵਿੱਚ ਬਿਆਨ ਦਿੱਤਾ ਹੈ ਕਿ ਇਸ ਵਾਰ ਜਿਸ ਤਰ੍ਹਾਂ ਨਾਲ ਹਵਾ ਪ੍ਰਦੂਸ਼ਿਤ ਹੋਈ ਹੈ, ਉਸ ਕਾਰਨ ਦਿੱਲੀ-ਲਾਹੌਰ ਦੇ ਲੋਕਾਂ ਦੀ ਉਮਰ ਸਾਢੇ ਸੱਤ ਸਾਲ ਘੱਟ ਗਈ ਹੈ। ਯੂਨੀਸੇਫ ਅਨੁਸਾਰ, 'ਦੱਖਣੀ ਏਸ਼ੀਆ ਵਿੱਚ ਲਗਭਗ 600 ਮਿਲੀਅਨ ਬੱਚੇ ਹਵਾ ਪ੍ਰਦੂਸ਼ਣ ਦੇ ਉੱਚ ਪੱਧਰ ਦੇ ਸੰਪਰਕ ਵਿੱਚ ਹਨ।' ਪਾਕਿਸਤਾਨ ਬਿਜਲੀ ਪੈਦਾ ਕਰਨ ਲਈ ਸਾਲਾਨਾ ਲਗਭਗ 7.2 ਮਿਲੀਅਨ ਮੀਟ੍ਰਿਕ ਟਨ ਕੋਲੇ ਦੀ ਵਰਤੋਂ ਕਰਦਾ ਹੈ, ਜੋ ਦੇਸ਼ ਦੀ ਕੁੱਲ ਕੋਲੇ ਦੀ ਖਪਤ ਦਾ 47.3 ਪ੍ਰਤੀਸ਼ਤ ਹੈ। ਇੱਟ-ਭੱਠਾ ਉਦਯੋਗ ਕੋਲੇ ਦੀ ਖਪਤ ਦਾ 21.5 ਪ੍ਰਤੀਸ਼ਤ ਹੈ, ਜਦੋਂ ਕਿ ਸੀਮਿੰਟ ਉਦਯੋਗ ਅਤੇ ਹੋਰ ਖੇਤਰਾਂ ਵਿੱਚ 31.2 ਪ੍ਰਤੀਸ਼ਤ ਹਿੱਸਾ ਹੈ। ਬਚੀ-ਖੁਚੀ ਹਵਾ ਦੀ ਗੁਣਵੱਤਾ ਖਟਾਰਾ ਵਾਹਨਾਂ ਨੇ ਖਰਾਬ ਕਰ ਦਿੱਤੀ ਸੀ। ਇੱਥੇ ਵੀ ਹਫੜਾ-ਦਫੜੀ ਵਾਲੀ ਸਥਿਤੀ ਹੈ ਅਤੇ ਉੱਥੇ ਵੀ ਇਹੀ ਸਥਿਤੀ ਹੈ, ਤਾਂ ਅਸੀਂ ਪ੍ਰਦੂਸ਼ਣ ਨੂੰ ਕਿਵੇਂ ਘਟਾਵਾਂਗੇ?

# ਜ਼ਿਮਨੀ ਚੋਣਾਂ ਦੀਆਂ ਤਰੀਕਾਂ ਬਦਲੀਆਂ; ਸਿਆਸੀ ਪਾਰਟੀਆਂ 'ਚ ਕਸ਼ਮਕਸ਼ ਵਧੀ


**ਜਸਵੀਰ ਸਿੰਘ ਮਾਂਗਟ**

*ਹੁਣ 20 ਨਵੰਬਰ ਨੂੰ ਪੈਣਗੀਆਂ ਵੋਟਾਂ, ਨਤੀਜੇ 23 ਨੂੰ
*ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਅਤੇ ਕੁਝ ਹੋਰ ਤਿਉਹਾਰਾਂ ਕਾਰਨ ਕੀਤਾ ਫੇਰ ਬਦਲ

ਕੇਂਦਰੀ ਚੋਣ ਕਮਿਸ਼ਨ ਨੇ ਵੱਖ-ਵੱਖ ਰਾਜਾਂ ਵਿੱਚ 13 ਨਵੰਬਰ ਨੂੰ ਹੋਣ ਵਾਲੀਆਂ 14 ਵਿਧਾਨ ਸਭਾ ਸੀਟਾਂ ਅਤੇ ਦੋ ਲੋਕ ਸਭਾ ਸੀਟਾਂ ਉੱਪਰ ਕਰਵਾਈਆਂ ਜਾ ਰਹੀਆਂ ਜ਼ਿਮਨੀ ਚੋਣਾਂ ਦੀਆਂ ਤਾਰੀਕਾਂ ਵਿੱਚ ਫੇਰਬਦਲ ਕਰ ਦਿੱਤਾ ਹੈ। ਇਨ੍ਹਾਂ ਸੀਟਾਂ ਲਈ ਵੋਟਾਂ ਹੁਣ 13 ਨਵੰਬਰ ਦੀ ਥਾਂ 20 ਨਵੰਬਰ ਨੂੰ ਪੈਣਗੀਆਂ। ਇਸ ਤਬਦੀਲੀ ਲਈ ਕਾਰਨਾਂ ਦਾ ਜ਼ਿਕਰ ਕਰਦਿਆਂ ਚੋਣ ਕਮਿਸ਼ਨ ਨੇ ਕਿਹਾ ਕਿ ਇਨ੍ਹਾਂ ਦਿਨਾਂ ਵਿੱਚ ਆ ਰਹੇ ਕੁਝ ਤਿਉਹਾਰਾਂ ਕਾਰਨ ਇਹ ਤਬਦੀਲੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਵੱਖ ਵੱਖ ਪਾਰਟੀਆਂ ਵੱਲੋਂ ਇਸ ਸੰਬੰਧ ਵਿੱਚ ਉਨ੍ਹਾਂ ਨੂੰ ਪੱਤਰ ਲਿਖੇ ਗਏ ਸਨ। ਹੁਣ ਇਹ ਵੋਟਾਂ 20 ਨਵੰਬਰ ਨੂੰ ਪੈਣਗੀਆਂ ਅਤੇ ਚੋਣ ਨਤੀਜੇ 23 ਨਵੰਬਰ ਨੂੰ ਐਲਾਨੇ ਜਾਣਗੇ। ਇਸ ਤਰ੍ਹਾਂ ਰਾਜਨੀਤਿਕ ਪਾਰਟੀਆਂ ਨੂੰ ਆਪੋ ਆਪਣੇ ਉਮੀਦਵਾਰਾਂ ਦੇ ਹੱਕ ਵਿੱਚ ਪ੍ਰਚਾਰ ਕਰਨ ਲਈ ਤਕਰੀਬਨ ਇੱਕ ਹਫਤੇ ਦਾ ਸਮਾਂ ਹੋਰ ਮਿਲ ਗਿਆ ਹੈ।

ਇਸ ਦੌਰਾਨ ਪੰਜਾਬ ਵਿੱਚ ਚਾਰ ਵਿਧਾਨ ਸਭਾ ਸੀਟਾਂ ਲਈ ਜ਼ਿਮਨੀ ਚੋਣਾਂ ਦਾ ਅਖਾੜਾ ਪਹਿਲਾਂ ਹੀ ਭਖਣ ਲੱਗ ਪਿਆ ਹੈ। ਗਿੱਦੜਬਾਹਾ, ਬਰਨਾਲਾ, ਡੇਹਰਾ ਬਾਬਾ ਨਾਨਕ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਚੱਬੇਵਾਲ ਹਲਕੇ ਦੀ ਵਿਧਾਨ ਸਭਾ ਸੀਟ 'ਤੇ ਹੋ ਰਹੀ ਚੋਣ ਸਰਗਰਮੀ ਨੇ ਰਾਜਨੀਤਿਕ ਪਾਰਟੀਆਂ ਵਿੱਚ ਖਿੱਚੋਤਾਣ ਵਧਾ ਦਿੱਤੀ ਹੈ। ਇਨ੍ਹਾਂ ਚਾਰ ਸੀਟਾਂ 'ਤੇ ਹੋ ਰਹੀ ਚੋਣ ਵਿੱਚ ਅਕਾਲੀ ਦਲ ਗੈਰ-ਹਾਜ਼ਰ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਅਕਾਲ ਤਖਤ ਵੱਲੋਂ ਤਨਖਾਹੀਆ ਕਰਾਰ ਦਿੱਤੇ ਹੋਣ ਕਾਰਨ ਪਾਰਟੀ ਨੇ ਇਹ ਕਹਿ ਕੇ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ ਕਿ ਆਪਣੇ ਜਰਨੈਲ ਦੀ ਗੈਰ-ਹਾਜ਼ਰੀ ਵਿੱਚ ਸ੍ਰੋਮਣੀ ਅਕਾਲੀ ਦਲ ਜ਼ਿਮਨੀ ਚੋਣਾਂ ਵਿੱਚ ਹਿੱਸਾ ਨਹੀਂ ਲੈ ਸਕਦਾ। ਹਾਲਾਂ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਹ ਆਖ ਦਿੱਤਾ ਸੀ ਕਿ ਤਨਖਾਹੀਆ ਹੋਣ ਕਰਕੇ ਸਿਰਫ ਸੁਖਬੀਰ ਬਾਦਲ ਚੋਣਾਂ ਵਿੱਚ ਹਿੱਸਾ ਨਹੀਂ ਲੈ ਸਕਦੇ, ਅਕਾਲੀ ਦਲ 'ਤੇ ਇੱਕ ਪਾਰਟੀ ਵਜੋਂ ਚੋਣਾਂ ਲੜਨ 'ਤੇ ਕੋਈ ਪਾਬੰਦੀ ਨਹੀਂ ਹੈ। ਸੀਨੀਅਰ ਅਕਾਲੀ ਆਗੂ ਅਤੇ ਸੁਖਬੀਰ ਸਿੰਘ ਬਾਦਲ ਦੇ ਨਜ਼ਦੀਕੀ ਰਿਸ਼ਤੇਦਾਰ ਬਿਕਰਮ ਸਿੰਘ ਮਜੀਠੀਆ ਨੇ ਚੋਣਾਂ ਨਾ ਲੜਨ ਦੇ ਫੈਸਲੇ ਦਾ ਵਿਰੋਧ ਕਰਦਿਆਂ ਆਖਿਆ ਸੀ ਕਿ ਅਕਾਲੀ ਦਲ ਨੂੰ ਹਰ ਹਾਲਤ ਵਿੱਚ ਚੋਣ ਲੜਨੀ ਚਾਹੀਦੀ ਹੈ। ਇਸ ਦੇ ਬਾਵਜੂਦ ਅਕਾਲੀ ਦਲ ਦੀ ਲੀਡਰਸ਼ਿੱਪ ਚੋਣਾਂ ਲੜਨ ਤੋਂ ਮੁਕਰੀ ਖਾ ਗਈ।

ਇੰਜ ਅਕਾਲੀ ਦਲ ਦੀ ਗੈਰ-ਹਾਜ਼ਰੀ ਵਿੱਚ ਤਕਰੀਬਨ ਸਾਰੀਆਂ ਪਾਰਟੀਆਂ ਹੀ ਅਕਾਲੀ ਵੋਟ ਬੈਂਕ ਨੂੰ ਆਪੋ-ਆਪਣੇ ਹੱਕ ਵਿੱਚ ਭੁਗਤਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੀਆਂ ਹਨ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀਆਂ ਨੂੰ ਸਾਢੇ ਅਠਾਰਾਂ ਫੀਸਦੀ ਵੋਟ ਪਈ ਸੀ। ਜਿੱਤ ਹਾਰ ਦੀ ਦ੍ਰਿਸ਼ਟੀ ਤੋਂ ਇਹ ਵੱਡੀ ਵੋਟ ਫੀਸਦੀ ਹੈ। ਕਾਂਗਰਸ, ਭਾਜਪਾ ਅਤੇ ਆਮ ਆਦਮੀ ਪਾਰਟੀ ਦਰਮਿਆਨ ਹੋਣ ਵਾਲੀ ਤਿਕੋਣੀ ਟੱਕਰ ਦੌਰਾਨ ਉਂਝ ਤਾਂ ਸਾਰੀਆਂ ਸੀਟਾਂ 'ਤੇ ਹੀ ਮੁਕਾਬਲੇ ਸਖਤ ਹੋਣ ਦੀ ਉਮੀਦ ਕੀਤੀ ਜਾ ਰਹੀ ਹੈ, ਫਿਰ ਵੀ ਗਿੱਦੜਬਾਹਾ ਦੀ ਸੀਟ ਇਨ੍ਹਾਂ ਚਾਰਾਂ ਵਿੱਚੋਂ ਵੱਧ ਮਹੱਤਵਪੂਰਨ ਬਣ ਗਈ ਹੈ। ਇਸ ਸੀਟ ਤੋਂ ਇੱਕ ਪਾਸੇ ਤਾਂ ਬਾਦਲ ਪਰਿਵਾਰ ਦੇ ਫਰਜੰਦ ਮਨਪ੍ਰੀਤ ਸਿੰਘ ਬਾਦਲ ਆਪਣੀ ਕਿਸਮਤ ਅਜ਼ਮਾ ਰਹੇ ਹਨ, ਦੂਜੇ ਪਾਸੇ ਕਾਂਗਰਸ ਪਾਰਟੀ ਵੱਲੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤ ਵੜਿੰਗ ਚੋਣ ਲੜ ਰਹੇ ਹਨ। ਚੋਣਾਂ ਤੋਂ ਐਨ ਪਹਿਲਾਂ ਅਕਾਲੀ ਦਲ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਗਏ ਹਰੀਦਪ ਸਿੰਘ ਡਿੰਪੀ ਢਿੱਲੋਂ ਵੀ ਚੋਣ ਮੈਦਾਨ ਵਿੱਚ ਹਨ। ਉਨ੍ਹਾਂ ਨੇ ਇਸ ਸੀਟ ਤੋਂ 2022 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਆਪਣੀ ਕਿਸਮਤ ਅਜ਼ਮਾਈ ਸੀ, ਪਰ ਉਹ ਕਾਂਗਰਸ ਪਾਰਟੀ ਦੇ ਪ੍ਰਧਾਨ ਰਾਜਾ ਵੜਿੰਗ ਤੋਂ ਥੋੜ੍ਹੀਆਂ ਜਿਹੀਆਂ ਵੋਟਾਂ ਨਾਲ ਹਾਰ ਗਏ ਸਨ।




ਇਸ ਜ਼ਿਮਨੀ ਚੋਣ ਤੋਂ ਕੁਝ ਦੇਰ ਪਹਿਲਾਂ ਹੀ ਉਨ੍ਹਾਂ ਨੇ ਅਕਾਲੀ ਦਲ (ਬਾਦਲ) ਦਾ ਸਾਥ ਛੱਡ ਕੇ ਆਮ ਆਦਮੀ ਪਾਰਟੀ ਦਾ ਲੜ ਫੜਿਆ ਸੀ। ਉਹ ਬਾਦਲ ਪਰਿਵਾਰ ਦੇ ਸਭ ਤੋਂ ਨੇੜੇ ਸਮਝੇ ਜਾਣ ਵਾਲੇ ਨੌਜਵਾਨ ਅਕਾਲੀ ਆਗੂਆਂ ਵਿੱਚੋਂ ਇੱਕ ਸਨ। ਉਨ੍ਹਾਂ ਦੀ ਸੁਖਬੀਰ ਬਾਦਲ ਨਾਲ ਬੇਹੱਦ ਗਹਿਰੀ ਨੇੜਤਾ ਰਹੀ ਹੈ। ਪਾਰਟੀ ਛੱਡਣ ਲੱਗਿਆਂ ਵੀ ਉਸ ਨੇ ਸੁਖਬੀਰ ਬਾਦਲ ਖਿਲਾਫ ਕੋਈ ਇਤਰਾਜ਼ਯੋਗ ਟਿੱਪਣੀ ਨਹੀਂ ਸੀ ਕੀਤੀ। ਉਨ੍ਹਾਂ ਇਹ ਬਹਾਨਾ ਬਣਾ ਕੇ ਪਾਰਟੀ ਛੱਡੀ ਸੀ ਕਿ ਅਕਾਲੀ ਦਲ ਮਨਪ੍ਰੀਤ ਸਿੰਘ ਬਾਦਲ ਨੂੰ ਇਸ ਸੀਟ ਤੋਂ ਚੋਣ ਲੜਾਉਣੀ ਚਾਹੁੰਦਾ ਹੈ ਅਤੇ ਉਹ ਇਸ ਹਾਲਤ ਵਿੱਚ ਪਾਰਟੀ ਵਿੱਚ ਨਹੀਂ ਰਹਿ ਸਕਦੇ। ਡਿੰਪੀ ਢਿੱਲੋਂ ਨੂੰ ਟਿਕਟ ਦੇ ਵਾਅਦੇ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਮ ਆਦਮੀ ਪਾਰਟੀ ਜੁਆਇਨ ਕਰਵਾਈ ਸੀ। ਸੋ ਇਸ ਤਰ੍ਹਾਂ ਗਿੱਦੜਬਾਹਾ ਸੀਟ ਤੋਂ ਜਿੱਥੇ ਰਾਜਾ ਵੜਿੰਗ ਦਾ ਵੱਕਾਰ ਦਾਅ 'ਤੇ ਲੱਗਾ ਹੋਇਆ ਹੈ, ਉਥੇ 'ਆਪ' ਅਤੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਲਈ ਵੀ ਇਹ ਸੀਟ ਘੱਟ ਮਹੱਤਵਪੂਰਨ ਨਹੀਂ ਹੈ। ਉਂਝ ਭਾਜਪਾ ਦਾ ਭਾਵੇਂ ਇਸ ਇਲਾਕੇ ਵਿੱਚ ਬਹੁਤਾ ਆਧਾਰ ਨਹੀਂ ਹੈ, ਪਰ ਬਾਦਲ ਪਰਿਵਾਰ ਅਤੇ ਅਕਾਲੀ ਦਲ ਦਾ ਇਸ ਖੇਤਰ ਵਿੱਚ ਵੱਡਾ ਆਧਾਰ ਹੈ। ਇਸ ਹਾਲਤ ਵਿੱਚ ਅਕਾਲੀ ਵੋਟ 'ਆਪ' ਅਤੇ ਭਾਜਪਾ ਦੇ ਉਮੀਦਵਾਰਾਂ ਵਿਚਕਾਰ ਵੰਡੇ ਜਾਣ ਦੇ ਆਸਾਰ ਹਨ। ਡਿੰਪੀ ਢਿੱਲੋਂ ਕਿਉਂਕਿ ਖੁਦ ਇਸ ਇਲਾਕੇ ਵਿੱਚ ਅਕਾਲੀ ਆਗੂ ਵਜੋਂ ਵਿਚਰਦੇ ਰਹੇ ਹਨ, ਇਸ ਲਈ ਉਹ ਅਕਾਲੀ ਵੋਟ ਦਾ ਇੱਕ ਵੱਡਾ ਹਿੱਸਾ ਆਪਣੇ ਵੱਲ ਭੁਗਤਾਉਣ ਦੇ ਸਮਰੱਥ ਹਨ।

ਪੰਜਾਬ ਵਿੱਚ 'ਆਪ' ਕਿਉਂਕਿ ਸੱਤਾ ਵਿੱਚ ਵੀ ਹੈ, ਇਸ ਦਾ ਵੀ ਉਸ ਨੂੰ ਫਾਇਦਾ ਮਿਲਣ ਦੀ ਸੰਭਾਵਨਾ ਹੈ। ਦੂਜੇ ਪਾਸੇ ਜੇ ਅਕਾਲੀ ਦਲ (ਬਾਦਲ) ਅੰਦਰ ਖਾਤੇ ਮਨਪ੍ਰੀਤ ਬਾਦਲ ਦੀ ਮਦਦ ਕਰ ਦਿੰਦਾ ਹੈ ਤਾਂ ਅਕਾਲੀ ਵੋਟ ਦਾ ਇੱਕ ਹਿੱਸਾ ਮਨਪ੍ਰੀਤ ਵੱਲ ਵੀ ਭੁਗਤ ਸਕਦਾ ਹੈ। ਇੰਜ ਮਨਪ੍ਰੀਤ ਦੇ ਹੱਕ ਵਿੱਚ ਵੋਟਾਂ ਪੁਆਉਣ ਦੇ ਨਜ਼ਰੀਏ ਤੋਂ ਭਾਰਤੀ ਜਨਤਾ ਪਾਰਟੀ ਦੀ ਤਾਂ ਕੋਈ ਜ਼ਿਆਦਾ ਭੂਮਿਕਾ ਹੋ ਨਹੀਂ ਸਕਦੀ, ਪਰ ਅਕਾਲੀ ਦਲ ਦੇ ਲੀਡਰਾਂ ਦੀ ਮਨਪ੍ਰੀਤ ਦੇ ਹੱਕ ਵਿੱਚ ਸਰਗਰਮੀ ਮਨਪ੍ਰੀਤ ਨੂੰ ਮੁਕਾਬਲੇ ਵਿੱਚ ਲਿਆ ਸਕਦੀ ਹੈ। ਬੀਤੇ ਸਮੇਂ ਵਿੱਚ ਮਨਪ੍ਰੀਤ ਨਾਲ ਟਕਰਾਅ ਵਿੱਚ ਰਹੇ ਅਤੇ ਹੁਣ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ

⇒ ਬਾਕੀ ਸਫਾ 17 ਉਤੇ ਪੜ੍ਹੋ




17115 W. Bluemound Rd, Suite D1, Brookfield, WI 53005

We Do Catering
ਅਸੀਂ ਕੇਟਰਿੰਗ ਵੀ ਕਰਦੇ ਹਾਂ

ਟੇਸਟ ਆਫ ਇੰਡੀਆ
ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ



ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

BOLLYWOOD Grill
Restaurant - Bar - Banquet
1038 N. Jackson St,
Milwaukee, WI 53202

We Also Provide
Onsite Tandoor Service For Fresh Naan & KABABS and Onsite Fresh DOSA Service.

ਫੋਨ: 262-894-0913
ਜਾਂ 414-588-3325

# ਦ ਕੌਰਜ਼ ਆਫ਼ 1984: ਹੰਝੂ ਅਜੇ ਤੱਕ ਪੂੰਝੇ ਨਹੀਂ ਜਾ ਸਕੇ...

## *ਸਿੱਖ ਕਤਲੇਆਮ ਦੀ 40 ਸਾਲਾ ਦੁਖਦਾਈ ਯਾਦ

**ਨਵਜੋਤ ਕੌਰ**

1984 ਦੇ ਸਿੱਖ ਕਤਲੇਆਮ ਨੂੰ 40 ਸਾਲ ਬੀਤ ਚੁੱਕੇ ਹਨ। ਅਜੇ ਵੀ ਕਈ ਪੀੜਤ ਹਨ, ਜਿਨ੍ਹਾਂ ਨੂੰ ਇਨਸਾਫ਼ ਨਹੀਂ ਮਿਲਿਆ ਹੈ। ਸਿੱਖ ਭਾਈਚਾਰੇ ਦੇ ਜ਼ਹਿਨ ਵਿੱਚ ਸਿੱਖ ਕਤਲੇਆਮ ਦੇ ਨਿਸ਼ਾਨ ਹਾਲੇ ਮਿਟੇ ਨਹੀਂ ਹਨ। ਇਨ੍ਹਾਂ ਮਾਮਲਿਆਂ ਦੇ ਕੁਝ ਮੁਲਜ਼ਮਾਂ ਨੂੰ ਸਜ਼ਾ ਹੋਈ, ਕੁਝ ਬਰੀ ਹੋ ਚੁੱਕੇ ਹਨ ਅਤੇ ਕਈ ਮੁਕੱਦਮੇ ਅਜੇ ਵੀ ਅਦਾਲਤਾਂ ਵਿੱਚ ਸੁਣਵਾਈ ਅਧੀਨ ਹਨ। 31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰ ਗਾਂਧੀ ਦਾ ਉਨ੍ਹਾਂ ਦੇ ਨਿੱਜੀ ਸੁਰੱਖਿਆ ਗਾਰਡਾਂ ਵੱਲੋਂ ਗੋਲੀਆਂ ਮਾਰ ਕੇ ਕਤਲ ਕਰ ਦੇਣ ਮਗਰੋਂ ਦਿੱਲੀ ਤੇ ਹੋਰ ਸੂਬਿਆਂ ਵਿੱਚ ਸਿੱਖਾਂ ਦਾ ਕਤਲੇਆਮ ਹੋਇਆ। ਉਸ ਦੌਰ ਦੀਆਂ ਪੀੜਤਾਂ ਦੀਆਂ ਹੱਡਬੀਤੀਆਂ ਮਨੁੱਖੀ ਅਧਿਕਾਰ ਕਾਰਕੁੰਨ ਸੁਤੀਰਥ ਵਜੀਰ ਦੀ ਕਿਤਾਬ 'ਦ ਕੌਰਜ਼ ਆਫ਼ 1984' ਵਿੱਚ ਅੰਕਿਤ ਕੀਤੀਆਂ ਗਈਆਂ ਹਨ। ਪੇਸ਼ੇ ਵਜੋਂ ਵਕੀਲ ਸਨਮ ਸੁਤੀਰਥ ਵਜੀਰ ਦਿੱਲੀ, ਪੰਜਾਬ, ਹਰਿਆਣਾ ਅਤੇ ਹੋਰ ਕਈ ਥਾਵਾਂ ਉੱਤੇ ਘੁੰਮ ਕੇ ਪੀੜਤਾਂ ਨੂੰ ਮਿਲੇ ਅਤੇ ਉਨ੍ਹਾਂ ਦੀਆਂ ਗਵਾਹੀਆਂ ਦੇ ਆਧਾਰ ਉੱਤੇ ਉਨ੍ਹਾਂ ਨੇ 'ਦ ਕੌਰਜ਼ ਆਫ਼ 1984' ਸਿਰਲੇਖ ਹੇਠ ਇਹ ਕਿਤਾਬ ਤਿਆਰ ਕੀਤੀ ਹੈ। ਇਹ ਲੇਖ ਕਿਤਾਬ ਵਿੱਚ ਦਰਜ ਕੀਤੇ ਗਏ ਕੁਝ ਬਿਆਨਾਂ ਅਤੇ ਲੇਖਕ ਸੁਤੀਰਥ ਵਜੀਰ ਦੀਆਂ ਗੱਲਾਂ ਦੇ ਆਧਾਰ ਉੱਤੇ ਹੈ।

ਪਹਿਲੀ ਨਵੰਬਰ 1984 ਦੇ ਦਿਨ ਦਾ ਇੱਕ ਵਾਕਿਆ: ਦਿੱਲੀ ਦੇ ਤ੍ਰਿਲੋਕਪੁਰੀ ਇਲਾਕੇ ਵਿੱਚ ਰਹਿੰਦੇ ਦਰਸ਼ਨ ਕੌਰ ਆਪਣੇ ਸਹੁਰੇ ਘਰ ਵਿੱਚ ਜਲਦੀ ਕੰਮ ਮੁਕਾ ਕੇ ਭਰਾ ਦੇ ਘਰ ਇੱਕ ਸਮਾਗਮ ਵਿੱਚ ਜਾਣ ਦੀ ਤਿਆਰੀ ਕਰ ਰਹੇ ਸਨ। ਉਨ੍ਹਾਂ ਨੇ ਘਰ ਦੇ ਬਾਹਰ ਦੇਖਿਆ ਕਿ ਚਿੱਟੇ ਕੁੜਤੇ-ਪਜਾਮੇ ਪਹਿਨੇ ਕਈ ਲੋਕ ਉਨ੍ਹਾਂ ਦੀ ਗਲੀ ਵਿੱਚ ਘੁੰਮ ਰਹੇ ਸਨ। ਇਹ ਲੋਕ ਕੋਈ ਬਾਹਰਲੇ ਨਹੀਂ ਸਨ, ਉਨ੍ਹਾਂ ਦੇ ਗੁਆਂਢੀ ਹੀ ਸਨ, ਜਿਨ੍ਹਾਂ ਨਾਲ ਪੁਲਿਸ ਵਾਲੇ ਵੀ ਮੌਜੂਦ ਸਨ।' ਇਸੇ ਦੌਰਾਨ ਇੱਕ ਪੁਲਿਸ ਵਾਲਾ ਬੋਲਿਆ, "ਤੁਸੀਂ ਇੱਥੇ ਖੜ੍ਹੇ ਕੀ ਕਰ ਰਹੇ ਹੋ, ਕੀ ਤੁਸੀਂ ਸਿੱਖਾਂ ਤੋਂ ਡਰ ਗਏ ਹੋ? ਜਾਓ, ਜਾ ਕੇ ਸਰਦਾਰਾਂ ਨੂੰ ਮਾਰ ਦਿਓ।" ਦਰਸ਼ਨ ਕੌਰ ਦੇ ਪੈਰਾਂ ਥੱਲਿਓਂ ਜ਼ਮੀਨ ਖਿਸਕ ਗਈ। ਡਰੀ-ਸਹਿਮੀ ਦਰਸ਼ਨ ਕੌਰ ਨੇ ਘਰ ਪਹੁੰਚ ਕੇ ਆਪਣੀ ਸੱਸ ਨੂੰ ਆਵਾਜ਼ਾਂ ਮਾਰੀਆਂ। ਸੱਸ ਨੇ ਇੱਕ ਸਾਹ 'ਚ ਕਿਹਾ, 'ਜਾਹ, ਜਾ ਕੇ ਆਪਣੇ ਘਰਵਾਲੇ ਨੂੰ ਲੁਕੋ ਦੇ।' ਏਨੇ ਨੂੰ ਚਾਰ-ਪੰਜ ਬੰਦਿਆਂ ਦਾ ਇੱਕ ਕਾਫ਼ਲਾ ਉਨ੍ਹਾਂ ਦੇ ਘਰ ਦੇ ਦਰਵਾਜ਼ੇ 'ਤੇ ਆ ਗਿਆ। ਉਹ ਦਰਸ਼ਨ ਦੇ ਘਰਵਾਲੇ ਨੂੰ ਲੱਭ ਰਹੇ ਸਨ। ਦਰਸ਼ਨ ਨੇ ਗੌਰ ਨਾਲ ਦੇਖਿਆ ਤਾਂ ਸਥਾਨਕ ਆਗੂ ਵੀ ਇਨ੍ਹਾਂ ਬੰਦਿਆਂ ਵਿੱਚ ਸ਼ਾਮਲ ਸੀ। ਉਹ ਪੁੱਛ ਰਿਹਾ ਸੀ, 'ਰਾਮ ਸਿੰਘ ਕਿੱਥੇ ਹੈ?'

'ਭੀੜ ਨੇ ਦਰਵਾਜ਼ੇ ਉੱਤੇ ਖੜੀਆਂ ਦੋਵੇਂ ਸੱਸ-ਨੂੰਹ 'ਤੇ ਹਮਲਾ ਕਰ ਦਿੱਤਾ। ਦਰਵਾਜ਼ਾ ਟੁੱਟ ਗਿਆ। ਰਸੋਈ ਵਿੱਚ ਲੁਕੇ ਦਰਸ਼ਨ ਦੇ ਘਰਵਾਲੇ ਰਾਮ ਸਿੰਘ ਨੂੰ ਵਾਲਾਂ ਤੋਂ ਘਸੀਟ ਕੇ ਬਾਹਰ ਲਿਆਂਦਾ ਗਿਆ। ਉਨ੍ਹਾਂ ਉੱਤੇ ਰਜਾਈ ਪਾਈ ਗਈ ਤੇ ਗਲੇ ਵਿੱਚ ਟਾਇਰ ਪਾ ਅੱਗ ਲਾ ਦਿੱਤੀ।' ਦਰਸ਼ਨ ਕੌਰ ਦੇ ਸ਼ਬਦਾਂ ਵਿੱਚ, 'ਮੈਂ ਆਪਣੇ ਘਰਵਾਲੇ ਨੂੰ ਮਦਦ ਲਈ ਰੋਂਦੇ-ਕੁਰਲਾਉਂਦੇ ਦੇਖਿਆ ਹੈ। ਮੈਂ ਉਨ੍ਹਾਂ ਨੂੰ ਮਰਦੇ ਦੇਖਿਆ ਹੈ।...ਭੀੜ ਨੇ ਮੇਰੇ ਦਿਓਰ ਨੂੰ ਵੀ ਨਹੀਂ ਛੱਡਿਆ। ਉਹ ਜਦੋਂ ਘਰ ਵੱਲ ਭੱਜਿਆ ਆ ਰਿਹਾ ਸੀ ਤਾਂ ਉਸ ਉੱਤੇ ਤਲਵਾਰਾਂ ਨਾਲ ਹਮਲਾ ਕਰ ਦਿੱਤਾ ਗਿਆ। ਉਸ ਨੂੰ ਵੀ ਅੱਧ ਮੋਇਆ ਕਰਕੇ ਛੱਡ ਦਿੱਤਾ ਗਿਆ।'

ਲੇਖਕ ਸੁਤੀਰਥ ਵਜ਼ੀਰ ਮੁਤਾਬਕ '1984 ਦੇ 40 ਸਾਲ ਬੀਤ ਜਾਣ ਤੋਂ ਬਾਅਦ ਵੀ ਇਨ੍ਹਾਂ ਸਿੱਖ ਔਰਤਾਂ ਦੇ ਜ਼ਖਮ ਅੱਲ੍ਹੇ ਦੇ ਅੱਲ੍ਹੇ ਹਨ। ਕੋਈ ਮਲ੍ਹਮ ਲਾਉਣ ਵਾਲਾ ਨਹੀਂ ਹੈ। ਮੈਂ ਇਨ੍ਹਾਂ ਨਾਲ ਗੱਲ ਕਰਦਿਆਂ ਕਈ ਵਾਰ ਉਨ੍ਹਾਂ ਜ਼ਖਮਾਂ ਨੂੰ ਨਰਮ ਹੁੰਦਿਆਂ ਦੇਖਿਆ ਹੈ, ਉਹ ਮੇਰੇ ਕੋਲ ਬਹੁਤ ਵਾਰ ਰੋਈਆਂ ਹਨ।' ਵਜੀਰ ਨੇ ਦਰਸ਼ਨ ਕੌਰ ਦੇ ਹਵਾਲੇ ਨਾਲ ਆਪਣੀ ਕਿਤਾਬ ਵਿੱਚ ਲਿਖਿਆ ਹੈ, 'ਤਿਰਲੋਕਪੁਰੀ ਵਿੱਚ ਜਦੋਂ ਸਾਰੇ ਸਿੱਖ ਬੰਦੇ ਮਾਰ ਦਿੱਤੇ ਤਾਂ ਭੀੜ ਨੇ ਔਰਤਾਂ ਨੂੰ ਬਲਾਕ 32 ਨੇੜੇ ਇੱਕ ਪਾਰਕ ਵਿੱਚ ਇਕੱਠਾ ਕਰ ਲਿਆ। ਭੀੜ ਨੇ ਔਰਤਾਂ ਵਿੱਚੋਂ ਆਪਣੀ ਮਰਜ਼ੀ ਦੀਆਂ ਜਵਾਨ ਕੁੜੀਆਂ ਨੂੰ ਇੱਕ-ਇੱਕ ਕਰਕੇ ਕੱਢਣਾ ਸ਼ੁਰੂ ਕੀਤਾ ਤੇ ਉਨ੍ਹਾਂ ਨਾਲ ਜਬਰ ਜਨਾਹ ਕੀਤਾ।'


ਸੁਲਤਾਨਪੁਰੀ ਇਲਾਕੇ ਵਿੱਚ ਸਿਕਲੀਗਰ ਸਿੱਖ ਭਾਈਚਾਰੇ ਦੇ ਲੋਕ ਰਹਿੰਦੇ ਸਨ। ਉਹ ਹਥਿਆਰ ਬਣਾਉਣ ਦਾ ਕੰਮ ਕਰਦੇ ਹਨ। ਇੱਥੇ ਸਤਵੰਤ ਕੌਰ ਦੇ ਪੇਕੇ ਅਤੇ ਸਹੁਰੇ ਦੋਵੇਂ ਸਨ। ਸਤਵੰਤ ਦੇ ਪਿਤਾ ਕਾਂਗਰਸ ਦੇ ਆਗੂ ਸਨ, ਪਰ ਉਨ੍ਹਾਂ ਨੂੰ ਪਤਾ ਸੀ ਕਿ ਭੀੜ ਤੋਂ ਬਚਣ ਲਈ ਇੰਨਾ ਕਾਫ਼ੀ ਨਹੀਂ ਸੀ। ਸਤਵੰਤ ਦੋ ਮਹੀਨੇ ਦੀ ਗਰਭਵਤੀ ਸੀ, ਜਦੋਂ ਉਸ ਨੇ ਆਪਣੇ ਦੋਵੇਂ ਘਰ ਅੱਖਾਂ ਸਾਹਮਣੇ ਸੜਦੇ ਦੇਖੇ। ਸਤਵੰਤ ਨੇ ਦੱਸਿਆ ਸੀ, 'ਮੈਂ ਘਰ ਵਿੱਚੋਂ ਨਿਕਲਦੀਆਂ ਲਾਟਾਂ ਦੇਖ ਰਹੀ ਸੀ। ਕੋਈ ਮਦਦ ਲਈ ਅੱਗੇ ਨਹੀਂ ਆ ਰਿਹਾ ਸੀ। ਇੱਕ ਔਰਤ ਅੱਗੇ ਆਈ ਤਾਂ ਉਸਨੂੰ ਸਿੱਖਾਂ ਦੀ ਮਦਦ ਕਰਨ ਦੇ ਨਤੀਜੇ ਭੁਗਤਣ ਦੀ ਧਮਕੀ ਦਿੱਤੀ ਗਈ।...ਮੈਂ ਖੜ੍ਹੀ ਨਹੀਂ ਹੋ ਪਾ ਰਹੀ ਸੀ। ਭੀੜ ਨੇ ਮੈਨੂੰ ਇੱਕ ਗੱਡੀ ਵਿੱਚ ਬੈਠਾ ਲਿਆ। ਕੁਝ ਮਿੰਟਾਂ ਬਾਅਦ ਮੈਂ ਦੇਖਿਆ ਕਿ ਮੈਂ ਇੱਕ ਬਾੜੇ ਵਿੱਚ ਸੀ। ਉਸ ਵਿਅਕਤੀ ਦਾ ਘਰ, ਜਿਸਨੇ ਮੇਰੇ ਨਾਲ ਬਲਾਤਕਾਰ ਕੀਤਾ ਸੀ।' ਲੇਖਕ ਮੁਤਾਬਕ ਸਤਵੰਤ ਨੇ ਹਿੰਮਤ ਕੀਤੀ ਤੇ ਆਪਣੇ ਘਰ ਵੱਲ ਨੂੰ ਤੁਰ ਪਏ। ਸਤਵੰਤ ਕੌਰ ਕਹਿੰਦੇ ਹਨ, 'ਰਾਹ ਵਿੱਚ ਖੜ੍ਹੀਆਂ ਔਰਤਾਂ ਮੇਰੇ ਬਾਰੇ ਗੱਲਾਂ ਕਰ ਰਹੀਆਂ ਸਨ। ਕਈ ਮੇਰੇ ਉੱਤੇ ਹੱਸ ਰਹੀਆਂ ਸਨ। ਮੇਰੇ ਬਾਰੇ ਭੱਦੇ ਸ਼ਬਦ ਵਰਤੇ ਗਏ। ਇਹ ਸ਼ਬਦ ਮਰਦਾਂ ਨੇ ਨਹੀਂ ਔਰਤਾਂ ਨੇ ਕਹੇ। ਉਸ ਦਿਨ ਮੈਨੂੰ ਲੱਗਿਆ ਕਿ ਇਨਸਾਨੀਅਤ ਮਰ ਗਈ ਸੀ।'

ਰਾਜ ਨਗਰ ਦੀ ਕਹਾਣੀ: 1984 ਵਿੱਚ ਨਿਰਪ੍ਰੀਤ ਕੌਰ ਦੀ ਉਮਰ 16 ਸਾਲ ਸੀ। ਉਨ੍ਹਾਂ ਦੇ ਪਿਤਾ ਨਿਰਮਲ ਸਿੰਘ ਦਾ ਟੈਕਸੀ ਦਾ ਕਾਰੋਬਾਰ ਸੀ। ਨਿਰਪ੍ਰੀਤ ਦੇ ਦੱਸਿਆ ਸੀ ਕਿ ਇੰਦਰਾ ਗਾਂਧੀ ਦੇ ਕਤਲ ਤੋਂ ਅਗਲੇ ਦਿਨ ਭੀੜ ਉਨ੍ਹਾਂ ਦੇ ਘਰ ਦੇ ਬਾਹਰ ਆ ਗਈ ਸੀ ਤੇ ਉਨ੍ਹਾਂ ਦੇ ਪਿਤਾ ਨੂੰ ਨਾਲ ਲੈ ਗਈ ਸੀ।...ਗੁਆਂਢੀ ਮੋਹਨ ਅੰਕਲ ਬੋਲੇ ਸਨ, 'ਹੁਣ ਨਿਰਮਲ ਸਿੰਘ ਵਾਪਸ ਨਹੀਂ ਆਉਣਗੇ।'

ਪੁਲਿਸ ਸਿੱਖਾਂ ਦੀ ਮਦਦ ਨਹੀਂ ਕਰ ਰਹੀ ਸੀ: ਲੇਖਕ ਸੁਤੀਰਥ ਵਜ਼ੀਰ ਲਿਖਦੇ ਹਨ, '2016 ਵਿੱਚ ਮੈਂ ਚੰਡੀਗੜ੍ਹ 'ਚ ਭਾਰਤ ਦੇ ਸਾਬਕਾ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਦੀ ਧੀ ਡਾ. ਗੁਰਦੀਪ ਕੌਰ ਨੂੰ ਮਿਲਣ ਗਿਆ ਸੀ। ਉਨ੍ਹਾਂ ਨੇ ਮੈਨੂੰ ਦੱਸਿਆ ਸੀ ਕਿ 1984 ਵੇਲੇ ਹੋਏ ਸਿੱਖ ਕਤਲੇਆਮ ਬਾਰੇ ਮੇਰੇ ਪਿਤਾ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਸੀ। ਮੇਰੇ ਪਿਤਾ ਨੇ ਤਤਕਾਲੀ ਗ੍ਰਹਿ ਮੰਤਰੀ ਪੀ.ਵੀ. ਨਰਸਿਮ੍ਹਾ ਰਾਓ ਨੂੰ ਫ਼ੌਜ ਬੁਲਾਉਣ ਲਈ ਫੋਨ ਕੀਤਾ ਸੀ। ਉਨ੍ਹਾਂ ਨੇ ਪ੍ਰਧਾਨ ਮੰਤਰੀ ਦਫ਼ਤਰ ਵਿੱਚ ਵੀ ਫ਼ੋਨ ਕੀਤੇ, ਪਰ ਜਾਂ ਤਾਂ ਫ਼ੋਨ ਕੱਟ ਦਿੱਤੇ ਜਾਂਦੇ ਸੀ ਜਾਂ ਕੋਈ ਗੱਲ ਨਹੀਂ ਕਰਦਾ ਸੀ। ਪੁਲਿਸ ਸਿੱਖਾਂ ਦੀ ਮਦਦ ਨਹੀਂ ਕਰ ਰਹੀ ਸੀ। ਉਸ ਵੇਲੇ ਦੀ ਸਰਕਾਰ ਨੇ ਸਮੇਂ ਸਿਰ ਕੋਈ ਐਕਸ਼ਨ ਨਹੀਂ ਲਿਆ।'

ਤਤਕਾਲੀ ਚੀਫ਼ ਜਸਟਿਸ ਦਾ ਬਿਆਨ: 2016 ਵਿੱਚ ਲੇਖਕ ਨੇ ਦਿੱਲੀ ਹਾਈ ਕੋਰਟ ਦੇ ਤਤਕਾਲੀ ਚੀਫ਼ ਜਸਟਿਸ ਰਜਿੰਦਰ ਸੱਚਰ ਨਾਲ ਵੀ ਮੁਲਾਕਾਤ ਕੀਤੀ ਸੀ। ਉਨ੍ਹਾਂ ਨੇ ਲੇਖਕ ਨੂੰ ਦੱਸਿਆ, '1984 ਵਿੱਚ ਜਦੋਂ ਦਿੱਲੀ ਸੜ ਰਹੀ ਸੀ ਤਾਂ ਵਿਰੋਧੀ ਪਾਰਟੀ ਦੇ ਇੱਕ ਐੱਮ.ਪੀ. ਨੇ ਨਵੇਂ ਬਣੇ ਗ੍ਰਹਿ ਮੰਤਰੀ ਪੀ.ਵੀ. ਨਰਸਿਮ੍ਹਾ ਰਾਓ ਨੂੰ ਫ਼ੋਨ ਉੱਤੇ ਦਿੱਲੀ ਦਾ ਹਾਲ ਦੱਸਿਆ ਅਤੇ ਕਿਹਾ ਸੀ ਕਿ ਦਿੱਲੀ ਵਿੱਚ ਕਰਫਿਊ ਲਾ ਦਿੱਤਾ ਜਾਣਾ ਚਾਹੀਦਾ ਹੈ।... ਇੱਕ ਨਵੰਬਰ ਨੂੰ ਕਈ ਸਰਕਾਰੀ ਅਧਿਕਾਰੀ ਰਾਸ਼ਟਰਪਤੀ ਨੂੰ ਮਿਲਣ ਵੀ ਗਏ, ਪਰ ਉਨ੍ਹਾਂ ਨੂੰ ਦੱਸਿਆ ਗਿਆ ਕਿ ਸਰਕਾਰ ਇਸ ਉੱਤੇ ਵਿਚਾਰ ਕਰ ਰਹੀ ਹੈ ਕਿ ਅੱਗੇ ਕੀ ਕੀਤਾ ਜਾਣਾ ਹੈ।... ਸਿੱਖ ਕਤਲੇਆਮ ਦਾ ਸ਼ਿਕਾਰ ਹੋਏ ਇਲਾਕਿਆਂ ਵਿੱਚ ਸਭ ਤੋਂ ਜ਼ਿਆਦਾ ਪ੍ਰਭਾਵਿਤ ਇਲਾਕੇ ਤਿਰਲੋਕਪੁਰੀ ਦਾ ਬਲਾਕ 32, ਸੁਲਤਾਨਪੁਰੀ, ਮੰਗੋਲਪੁਰੀ, ਸੀਮਾਪੁਰੀ ਸਨ। ਇਨ੍ਹਾਂ ਇਲਾਕਿਆਂ ਵਿੱਚ ਵਧੇਰੇ ਕਰਕੇ ਘੱਟ ਆਮਦਨ ਵਾਲੇ ਸਿੱਖ ਪਰਿਵਾਰ ਰਹਿੰਦੇ ਸਨ।'

3000 ਸਿੱਖਾਂ ਦਾ ਹੋਇਆ ਕਤਲ: ਇਸ ਘਟਨਾ ਨੂੰ ਰਿਪੋਰਟ ਕਰਨ ਵਾਲੇ ਸਭ ਤੋਂ ਪਹਿਲੇ ਪੱਤਰਕਾਰਾਂ ਵਿੱਚੋਂ ਇੱਕ ਰਾਹੁਲ ਬੇਦੀ ਸਨ। ਉਹ ਉਸ ਵੇਲੇ ਇੰਡੀਅਨ ਐਕਸਪ੍ਰੈਸ ਨਾਲ ਕੰਮ ਕਰ ਰਹੇ ਸਨ। ਬੇਦੀ ਮੁਤਾਬਕ 'ਇਸ ਕਤਲੇਆਮ ਵਿੱਚ ਤਕਰੀਬਨ 3000 ਸਿੱਖਾਂ ਨੂੰ ਮਾਰ ਦਿੱਤਾ ਗਿਆ ਸੀ। ਸਭ ਤੋਂ ਖ਼ੌਫ਼ਨਾਕ ਮੰਜ਼ਰ ਦਿੱਲੀ ਦੇ ਗਰੀਬ ਇਲਾਕੇ ਤ੍ਰਿਲੋਕਪੁਰੀ ਦਾ ਸੀ। ਜਿੱਥੋਂ ਦੀਆਂ ਦੋ ਤੰਗ ਗਲੀਆਂ ਵਿੱਚ ਔਰਤਾਂ ਅਤੇ ਬੱਚਿਆਂ ਸਣੇ ਲਗਭਗ 350 ਸਿੱਖਾਂ ਨੂੰ 72 ਘੰਟਿਆਂ ਵਿੱਚ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਦੋ ਨਵੰਬਰ ਦੀ ਸ਼ਾਮ ਨੂੰ ਤ੍ਰਿਲੋਕਪੁਰੀ ਦੇ ਬਲਾਕ 32 ਵਿੱਚ ਮਾਰੇ ਗਏ ਸੈਂਕੜੇ ਸਿੱਖਾਂ ਦੇ ਸੜੇ ਅਤੇ ਕੱਟੇ ਹੋਏ ਮ੍ਰਿਤਕ ਸਰੀਰ ਕਤਲੇਆਮ ਦੀ ਪ੍ਰਤੱਖ ਗਵਾਹੀ ਸਨ।'






ਸਨਮ ਸੁਤੀਰਥ ਵਜੀਰ ਆਪਣੀ ਪੁਸਤਕ 'ਦ ਕੌਰਜ਼ ਆਫ 1984' ਨਾਲ

ਮੌਜੂਦਾ ਕੇਸਾਂ ਦੀ ਸੁਣਵਾਈ ਕਿੱਥੇ ਪਹੁੰਚੀ: ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਮੁਤਾਬਕ 'ਕਤਲੇਆਮ ਦੇ ਮੁੱਖ ਮੁਲਜ਼ਮ ਕਾਂਗਰਸੀ ਆਗੂ ਜਗਦੀਸ਼ ਟਾਈਟਲਰ, ਸੱਜਣ ਕੁਮਾਰ, ਐੱਚ.ਕੇ.ਐਲ. ਭਗਤ, ਧਰਮਦਾਸ ਸ਼ਾਸਤਰੀ ਸਨ (ਐੱਚ.ਕੇ.ਐਲ. ਭਗਤ ਤੇ ਧਰਮਦਾਸ ਸ਼ਾਸਤਰੀ ਦੀ ਮੌਤ ਹੋ ਚੁੱਕੀ ਹੈ; ਸੱਜਣ ਕੁਮਾਰ ਇਸ ਵੇਲੇ ਜੇਲ੍ਹ ਵਿੱਚ ਹੈ)। ਉਨ੍ਹਾਂ ਨੂੰ ਦਿੱਲੀ ਛਾਉਣੀ ਵਿੱਚ ਦਰਜ ਹੋਈ ਇੱਕ ਐੱਫ਼.ਆਈ.ਆਰ. ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਸੱਜਣ ਕੁਮਾਰ ਖ਼ਿਲਾਫ਼ ਜਨਕਪੁਰੀ ਅਤੇ ਵਿਕਾਸਪੁਰੀ ਥਾਣਿਆਂ ਵਿੱਚ ਵੀ ਐੱਫ.ਆਈ.ਆਰ. ਦਰਜ ਹੈ। ਦੋਹਾਂ ਮਾਮਲਿਆਂ ਵਿੱਚ ਟਰਾਇਲ ਤਕਰੀਬਨ ਮੁਕੰਮਲ ਹੋ ਚੁੱਕਿਆ ਹੈ। ਸੁਲਤਾਨਪੁਰੀ ਥਾਣੇ ਦੀ ਐੱਫ਼.ਆਈ.ਆਰ. ਵਿੱਚ ਉਸਨੂੰ ਬਰੀ ਕੀਤਾ ਗਿਆ ਹੈ, ਪਰ ਸਰਸਵਤੀ ਵਿਹਾਰ ਥਾਣੇ ਵਿੱਚ ਦਰਜ ਹੋਏ ਕੇਸ ਵਿੱਚ ਵੀ ਸੱਜਣ ਕੁਮਾਰ ਖ਼ਿਲਾਫ਼ ਟਰਾਇਲ ਚੱਲ ਰਿਹਾ ਹੈ। ਜਗਦੀਸ਼ ਟਾਇਟਲਰ ਦੇ ਖ਼ਿਲਾਫ਼ ਪੁਲਬੰਗਸ਼ ਵਿੱਚ ਕੇਸ ਦਰਜ ਹੈ। ਸੀ.ਬੀ.ਆਈ. ਉਸ ਨੂੰ ਤਿੰਨ ਵਾਰ ਕਲੀਨ ਚਿੱਟ ਦੇ ਚੁੱਕੀ ਸੀ, ਪਰ ਹੁਣ ਮੁੜ ਤੋਂ ਟਰਾਇਲ ਸ਼ੁਰੂ ਹੋ ਗਿਆ ਹੈ। ਹੁਣ ਤੱਕ 164 ਗਵਾਹਾਂ ਦੇ ਬਿਆਨ ਦਰਜ ਹੋ ਚੁੱਕੇ ਹਨ। ਇਸ ਤੋਂ ਇਲਾਵਾ ਯਮੁਨਾ ਪਾਰ ਬਾਬਰਪੁਰ ਦਾ ਕੇਸ ਹੈ, ਜਿਸ ਵਿੱਚ ਇੱਕੋ ਪਰਿਵਾਰ ਦੇ ਸੱਤ ਜੀਆਂ ਦਾ ਕਤਲ ਹੋਇਆ ਸੀ ਤੇ ਇੱਕ ਬੱਚਾ ਬੱਚ ਗਿਆ ਸੀ। ਇਸ ਕੇਸ ਵਿੱਚ 12 ਲੋਕਾਂ ਖ਼ਿਲਾਫ਼ ਚਾਰਜਸ਼ੀਟ ਦਰਜ ਹੋਈ ਸੀ, ਪਰ ਉਨ੍ਹਾਂ ਵਿੱਚੋਂ ਚਾਰ ਦੀ ਮੌਤ ਹੋ ਚੁੱਕੀ ਹੈ ਤੇ ਅੱਠ ਖ਼ਿਲਾਫ਼ ਟਰਾਇਲ ਆਖਰੀ ਪੜਾਅ ਉੱਤੇ ਹੈ।... ਪਟਿਆਲਾ ਹਾਊਸ ਅਦਾਲਤ ਨੇ ਦਿੱਲੀ ਦੇ ਮਹਿਪਾਲਪੁਰ ਵਿੱਚ ਦੋ ਸਿੱਖਾਂ ਦੇ ਕਤਲ ਦੇ ਮਾਮਲਿਆਂ ਵਿੱਚ ਮੁਲਜ਼ਮ ਯਸ਼ਪਾਲ ਸਿੰਘ ਨੂੰ ਸਜ਼ਾ-ਏ-ਮੌਤ ਅਤੇ ਨਰੇਸ਼ ਸਹਿਰਾਵਤ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਕਾਂਗਰਸੀ ਆਗੂ ਕਮਲ ਨਾਥ ਖ਼ਿਲਾਫ਼ ਕੇਸ ਵੀ ਦਿੱਲੀ ਹਾਈ ਕੋਰਟ ਵਿੱਚ ਚਲ ਰਿਹਾ ਹੈ, ਜਿਸ ਵਿੱਚ ਰਿਪੋਰਟ ਪੇਸ਼ ਕਰਨ ਦਾ ਨੋਟਿਸ ਜਾਰੀ ਹੋ ਚੁੱਕਿਆ ਹੈ।'

ਨਾਨਾਵਤੀ ਕਮਿਸ਼ਨ ਦੀ ਰਿਪੋਰਟ ਕੀ ਦੱਸਦੀ ਹੈ: 2000 ਵਿੱਚ ਭਾਰਤ ਵਿੱਚ ਐੱਨ.ਡੀ.ਏ. ਦੀ ਸਰਕਾਰ ਸੀ। ਤਤਕਾਲੀ ਪ੍ਰਧਾਨ ਮੰਤਰੀ ਅਟਲ ਵਿਹਾਰੀ ਵਾਜਪਾਈ ਨੇ 8 ਮਈ 2000 ਨੂੰ 1984 ਦੇ ਸਿੱਖ ਕਤਲੇਆਮ ਦੀ ਜਾਂਚ ਲਈ ਨਾਨਾਵਤੀ ਕਮਿਸ਼ਨ ਦਾ ਗਠਨ ਕੀਤਾ ਸੀ। ਇਸ ਕਮਿਸ਼ਨ ਦੇ ਚੇਅਰਮੈਨ ਸੁਪਰੀਮ ਕੋਰਟ ਦੇ ਰਿਟਾਇਰਡ ਜੱਜ ਜੀ.ਟੀ. ਨਾਨਾਵਤੀ ਸਨ। ਇਸ ਕਮਿਸ਼ਨ ਨੇ ਪੰਜ ਸਾਲ ਜਾਂਚ ਕਰਨ ਤੋਂ ਬਾਅਦ 2005 ਦੇ ਫ਼ਰਵਰੀ ਮਹੀਨੇ ਵਿੱਚ ਆਪਣੀ ਰਿਪੋਰਟ ਪੇਸ਼ ਕੀਤੀ। ਰਿਪੋਰਟ ਵਿੱਚ 1984 ਸਿੱਖ ਕਤਲੇਆਮ ਦੇ ਗਵਾਹਾਂ, ਇਲਜ਼ਾਮਾਂ ਵਿੱਚ ਘਿਰੇ ਕਾਂਗਰਸੀ ਆਗੂਆਂ, ਪੁਲਿਸ ਅਧਿਕਾਰੀਆਂ, ਸਰਕਾਰੀ ਅਧਿਕਾਰੀਆਂ ਦੇ ਬਿਆਨ ਦਰਜ ਕੀਤੇ ਗਏ ਹਨ।

ਕਮਿਸ਼ਨ ਦੀ ਰਿਪੋਰਟ ਵਿੱਚ ਲਿਖਿਆ ਗਿਆ ਕਿ ਇਸ ਗੱਲ ਦੇ ਕੋਈ ਸਬੂਤ ਨਹੀਂ ਹਨ ਕਿ ਸਿੱਖਾਂ ਉੱਤੇ ਹੋਏ ਹਮਲਿਆਂ ਪਿੱਛੇ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਜਾਂ ਕਿਸੇ ਹੋਰ ਸੀਨੀਅਰ ਕਾਂਗਰਸੀ ਆਗੂ ਦਾ ਹੱਥ ਹੋਵੇ; ਪਰ ਨਾਲ ਹੀ ਰਿਪੋਰਟ ਵਿੱਚ ਇਹ ਵੀ ਲਿਖਿਆ ਹੈ ਕਿ ਇਨ੍ਹਾਂ ਹਮਲਿਆਂ ਪਿੱਛੇ ਸਥਾਨਕ ਕਾਂਗਰਸੀ ਆਗੂਆਂ ਦੀ ਭੂਮਿਕਾ ਰਹੀ ਹੈ; ਕਿਉਂਜੋ ਉਹ ਆਪਣੇ ਸਿਆਸੀ ਫ਼ਾਇਦੇ ਚਾਹੁੰਦੇ ਸਨ। ਸਬੂਤਾਂ ਦੀ ਘਾਟ ਕਾਰਨ ਕਮਿਸ਼ਨ ਕਿਸੇ ਵੀ ਤਰ੍ਹਾਂ ਦੀ ਕੋਈ ਕਾਰਵਾਈ ਕਰਨ ਦਾ ਸੁਝਾਅ ਨਹੀਂ ਦੇ ਸਕਿਆ। ਰਿਪੋਰਟ ਵਿੱਚ ਇਹ ਵੀ ਲਿਖਿਆ ਹੈ ਕਿ ਅਹੂਜਾ ਕਮੇਟੀ ਦੀ ਰਿਪੋਰਟ ਮੁਤਾਬਕ 31 ਅਕਤੂਬਰ ਤੋਂ 7 ਨਵੰਬਰ 1984 ਵਿਚਾਲੇ 2733 ਸਿੱਖਾਂ ਦਾ ਕਤਲ ਹੋਇਆ। ਇਨ੍ਹਾਂ ਵਿੱਚੋਂ ਬਹੁਤੇ ਕਤਲ 1 ਅਤੇ 2 ਨਵੰਬਰ ਨੂੰ ਕੀਤੇ ਗਏ। ਸਿੱਖ ਅਬਾਦੀ ਦਾ ਇੱਕ ਵੱਡਾ ਹਿੱਸਾ ਟੈਕਸੀ ਦੇ ਕਾਰੋਬਾਰ ਵਿੱਚ ਸੀ, ਇਸ ਕਰਕੇ ਟੈਕਸੀਆਂ ਵੱਡੀ ਗਿਣਤੀ ਵਿੱਚ ਸਾੜੀਆਂ ਗਈਆਂ।

## ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।


**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ



ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਬੇਅੰਤ ਸਿੰਘ ਬੋਪਾਰਾਏ
ਅਮਰਜੀਤ ਸਿੰਘ ਢੀਂਡਸਾ
ਦੀਦਾਰ ਸਿੰਘ ਧਨੋਆ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਅਜੈਬ ਸਿੰਘ ਲੱਖਣ
ਹਰਕੇਵਲ ਸਿੰਘ ਲਾਲੀ
ਹਰਮੀਕ ਸਿੰਘ ਗਿਰਨ

# ਸ਼੍ਰੋਮਣੀ ਕਮੇਟੀ ਦੀ ਚੋਣ ਅਤੇ ਅਕਾਲੀ ਦਲ ਦੀ ਸਿਆਸੀ ਸ਼ਾਖ

ਪੰਜਾਬੀ ਪਰਵਾਜ਼ ਬਿਊਰੋ

***ਹਰਜਿੰਦਰ ਸਿੰਘ ਧਾਮੀ ਸ਼੍ਰੋਮਣੀ ਕਮੇਟੀ ਦੇ ਚੌਥੀ ਵਾਰ ਪ੍ਰਧਾਨ ਬਣੇ***
***ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਜ਼ਮੀਰ ਮਰੀ-ਬੀਬੀ ਜਗੀਰ ਕੌਰ***
***ਜਥੇਦਾਰ ਦੀ ਸਹਾਇਤਾ ਲਈ 11 ਮੈਂਬਰੀ ਸਲਾਹਕਾਰ ਬੋਰਡ ਦੀ ਤਜਵੀਜ਼***

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਲਾਨਾ ਚੋਣ ਲੰਘੀ 28 ਅਕਤੂਬਰ ਨੂੰ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਹੋਈ, ਜਿਸ ਵਿੱਚ ਹਰਜਿੰਦਰ ਸਿੰਘ ਧਾਮੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੜ ਪ੍ਰਧਾਨ ਬਣ ਗਏ। ਇਸ ਸੰਬੰਧ ਵਿੱਚ ਹੋਏ ਸਮਾਗਮ ਅਤੇ ਪਾਈਆਂ ਗਈਆਂ ਵੋਟਾਂ ਵਿੱਚ ਵਿਰੋਧੀ ਧੜੇ ਦੀ ਆਗੂ ਬੀਬੀ ਜਗੀਰ ਕੌਰ ਨੂੰ ਸਿਰਫ 33 ਵੋਟਾਂ ਪਈਆਂ, ਜਦਕਿ ਇਸ ਦੇ ਮੁਕਾਬਲੇ ਹਰਜਿੰਦਰ ਸਿੰਘ ਧਾਮੀ ਨੂੰ 102 ਵੋਟਾਂ ਪਈਆਂ। ਇਸ ਤਰ੍ਹਾਂ ਸ. ਧਾਮੀ ਬੀਬੀ ਜਗੀਰ ਕੌਰ ਨੂੰ 74 ਵੋਟਾਂ ਦੇ ਵੱਡੇ ਫਰਕ ਨਾਲ ਹਰਾ ਕੇ ਚੌਥੀ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣ ਗਏ ਹਨ।

ਇਸ ਚੋਣ ਦੌਰਾਨ ਕੁੱਲ 148 ਮੈਂਬਰਾਂ ਵਿੱਚੋਂ 142 ਨੇ ਵੋਟ ਪਾਈ। ਇਸ ਤੋਂ ਇਲਾਵਾ 2 ਵੋਟਾਂ ਰੱਦ ਹੋ ਗਈਆਂ। ਬੀਬੀ ਜਗੀਰ ਕੌਰ ਨੂੰ ਪਿਛਲੀ ਚੋਣ ਵੇਲੇ ਮਿਲੀਆਂ 42 ਵੋਟਾਂ ਤੋਂ ਵੀ ਇਹ 10 ਘੱਟ ਹਨ। ਇਸ ਜਿੱਤ ਨੇ ਆਪਣੇ ਪੁਨਰ ਉਥਾਨ ਲਈ ਹੱਥ ਪੈਰ ਮਾਰ ਰਹੇ ਅਕਾਲੀ ਦਲ ਬਾਦਲ ਧੜੇ ਨੂੰ ਚੋਖਾ ਢਾਰਸ ਮੁਹੱਈਆ ਕੀਤਾ ਹੈ। ਇਸ ਨੂੰ ਇੱਕ ਸੀਨੀਅਰ ਪੱਤਰਕਾਰ ਨੇ ਅਕਾਲੀ ਦਲ ਬਾਦਲ ਗੁੱਟ ਦੇ 'ਸਰਵਾਈਵਲ' ਦਾ ਨਾਂ ਦਿੱਤਾ ਹੈ। ਉਨ੍ਹਾਂ ਅਨੁਸਾਰ ਅਕਾਲੀ ਦਲ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਆਪਣਾ 'ਰਿਵਾਈਵਲ' ਵੀ ਯਕੀਨੀ ਬਣਾ ਪਾਉਂਦਾ ਹੈ ਜਾਂ ਨਹੀਂ, ਇਹ ਆਉਣ ਵਾਲੇ ਸਮੇਂ ਵਿੱਚ ਵੇਖਣ ਵਾਲੀ ਦਿਲਚਸਪ ਕਹਾਣੀ ਹੋਏਗੀ। ਇਸ ਦੇ ਉਲਟ ਜੇ ਬੀਬੀ ਜਗੀਰ ਕੌਰ ਜਿੱਤਣ ਦੀ ਸਥਿਤੀ ਵਿੱਚ ਆ ਜਾਂਦੇ ਤਾਂ ਇਹ ਅਕਾਲੀ ਦਲ ਬਾਦਲ ਗੁੱਟ ਲਈ ਨਵੀਆਂ ਨਿਵਾਣਾ ਵੱਲ ਜਾਣ ਦਾ ਸੰਕੇਤ ਹੋਣਾ ਸੀ।

ਇੱਥੇ ਇਹ ਜ਼ਿਕਰਯੋਗ ਹੈ ਕਿ ਹਰਜਿੰਦਰ ਸਿੰਘ ਧਾਮੀ 1996 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਣੇ ਸਨ। ਉਦੋਂ ਤੋਂ ਬਾਅਦ ਉਹ ਲਗਾਤਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਣਦੇ ਰਹੇ। ਸਾਲ 2020 ਵਿੱਚ ਉਹ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਰਹੇ। ਇਸ ਤੋਂ ਅੱਗੇ ਸਾਲ 2021, 2022 ਅਤੇ 2023 ਵਿੱਚ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ। ਯਾਦ ਰਹੇ, ਵਿਅਕਤੀਗਤ ਤੌਰ 'ਤੇ ਹਰਜਿੰਦਰ ਸਿੰਘ ਧਾਮੀ ਇੱਕ ਨੇਕ, ਨਿਮਰ, ਸਾਦਾ ਅਤੇ ਧੀਰਜਵਾਨ ਆਗੂ ਦੇ ਤੌਰ 'ਤੇ ਸਵਿਕਾਰੇ ਜਾਂਦੇ ਹਨ। ਸ. ਧਾਮੀ ਦੇ ਦੁਬਾਰਾ ਪ੍ਰਧਾਨ ਚੁਣੇ ਜਾਣ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਜ਼ਮੀਰ ਮਰ ਚੁੱਕੀ ਹੈ। ਦੂਜੇ ਪਾਸੇ ਸੁਖਬੀਰ ਬਾਦਲ ਨੇ ਇਸ ਚੋਣ ਲਈ ਖਾਲਸਾ ਪੰਥ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਾਰੀਆਂ ਏਜੰਸੀਆਂ ਅਤੇ ਪੰਜਾਬ ਸਰਕਾਰ ਵੱਲੋਂ ਅੱਡੀ ਚੋਟੀ ਦਾ ਜ਼ੋਰ ਲਾਉਣ ਦੇ ਬਾਵਜੂਦ ਸਿੱਖਾਂ ਨੇ ਸਹੀ ਲੀਡਰਸ਼ਿੱਪ ਦੀ ਚੋਣ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਆਗੂ ਗੁਰਪ੍ਰਤਾਪ ਸਿੰਘ ਬਡਾਲਾ ਨੇ ਵੀ ਇਸ ਨਤੀਜੇ 'ਤੇ ਨਿਰਾਸ਼ਾ ਜ਼ਾਹਿਰ ਕੀਤੀ ਹੈ।

ਯਾਦ ਰਹੇ, ਪਿਛਲੇ ਕਾਫੀ ਲੰਮੇ ਸਮੇਂ ਤੋਂ ਅਕਾਲੀ ਦਲ (ਬਾਦਲ) ਦੀ ਲਗਾਤਾਰ ਗਿਰ ਰਹੀ ਸਿਆਸੀ ਸ਼ਾਖ ਅਤੇ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਵਿੱਚ ਮਿਲ ਲਈ ਨਿਰੰਤਰ ਹਾਰ ਨੇ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਸਥਾਪਤ ਲੀਡਰਸ਼ਿੱਪ 'ਤੇ ਬਹੁਤ ਸਾਰੇ ਸੁਆਲ ਖੜ੍ਹੇ ਕਰ ਦਿੱਤੇ ਸਨ। ਖਾਸ ਕਰਕੇ ਢਾਈ ਸਾਲ ਪਹਿਲਾਂ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਅਤੇ ਮਗਰੋਂ ਲੋਕ ਸਭਾ ਚੋਣਾਂ ਵਿੱਚ ਅਕਾਲੀ ਦਲ ਨੂੰ ਮਿਲੀ ਵੱਡੀ ਹਾਰ ਨੇ ਅਕਾਲੀ ਲੀਡਰਸ਼ਿੱਪ ਤੇ ਵਰਕਰਾਂ ਦੇ ਉਤਸ਼ਾਹ ਨੂੰ ਵੀ ਪ੍ਰਭਾਵਤ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸੇ ਕਾਰਨ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਅਕਾਲੀ ਦਲ (ਬਾਦਲ) ਦੇ ਬਹੁਤ ਸਾਰੇ ਸੀਨੀਅਰ ਆਗੂਆਂ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਸੀ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਕਾਰਜਸ਼ੀਲ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿੱਪ ਦਾ ਨਾਤਾ ਸਿੱਖ ਆਵਾਮ ਨਾਲੋਂ ਟੁੱਟ ਗਿਆ ਹੈ ਅਤੇ ਇਹ ਲੀਡਰਸ਼ਿੱਪ ਅਕਾਲੀ ਦਲ ਨੂੰ ਮੁੜ ਲੋਕਾਂ ਨਾਲ ਜੋੜਨ ਅਤੇ ਅਕਾਲੀ ਦਲ ਦੇ ਪੁਨਰ ਉਥਾਨ ਦੇ ਸਮਰੱਥ ਨਹੀਂ ਹੈ।

ਅਕਾਲੀ ਦਲ ਤੋਂ ਵੱਖ ਹੋਏ ਸੀਨੀਅਰ ਲੀਡਰਾਂ ਦੇ ਇੱਕ ਧੜੇ ਨੇ ਗੁਰਪ੍ਰਤਾਪ ਸਿੰਘ ਵਡਾਲਾ ਦੀ ਅਗਵਾਈ ਵਿੱਚ ਆਪਣੇ ਆਪ ਨੂੰ ਜਥੇਬੰਦ ਕਰਦਿਆਂ 'ਅਕਾਲੀ ਦਲ ਸੁਧਾਰ ਲਹਿਰ' ਦੀ ਸ਼ੁਰੂਆਤ ਕਰ ਦਿੱਤੀ ਸੀ। ਇਨ੍ਹਾਂ ਆਗੂਆਂ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਇੱਕ ਸਮੂਹਿਕ ਪੱਤਰ ਸੌਂਪ ਕੇ ਅਕਾਲੀ ਦਲ ਦੇ 2007 ਤੋਂ ਲੈ ਕੇ 2017 ਤੱਕ ਦੇ ਰਾਜਕਾਲ ਵਿੱਚ ਹੋਈਆਂ ਗੰਭੀਰ ਗਲਤੀਆਂ ਵਿੱਚ ਆਪਣੀ ਸ਼ਮੂਲੀਅਤ ਨੂੰ ਸਵੀਕਾਰ ਕਰਦਿਆਂ ਸਜ਼ਾ ਦੀ ਮੰਗ ਕੀਤੀ ਸੀ। ਨਾਲ ਹੀ ਉਪਰੋਕਤ ਗਲਤੀਆਂ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਰਹੇ ਸੁਖਬੀਰ ਸਿੰਘ ਬਾਦਲ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਸਜ਼ਾ ਦੀ ਮੰਗ ਵੀ ਕੀਤੀ ਸੀ। ਸੁਖਬੀਰ ਸਿੰਘ ਬਾਦਲ ਵੱਲੋਂ ਕੀਤੀਆਂ ਗਈਆਂ ਇਨ੍ਹਾਂ ਗਲਤੀਆਂ ਵਿੱਚ ਸੌਦਾ ਸਾਧ ਨੂੰ ਮੁਆਫੀ ਦਿਵਾਉਣਾ, ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਇਸ ਖਿਲਾਫ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਸਿੱਖ ਕਾਰਕੁੰਨਾਂ ਨੂੰ ਪੁਲਿਸ ਗੋਲੀ ਨਾਲ ਕਤਲ ਕਰਨ ਅਤੇ ਸਮੇਧ ਸਿੰਘ ਸੈਣੀ ਨੂੰ ਪੰਜਾਬ ਦਾ ਪੁਲਿਸ ਮੁਖੀ ਲਾਉਣ ਆਦਿ ਜਿਹੇ ਮੁੱਦੇ ਸ਼ਾਮਲ ਸਨ। ਇਨ੍ਹਾਂ ਮੁੱਦਿਆਂ ਬਾਰੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਇੱਕ ਪੱਤਰ ਸੌਂਪ ਕੇ ਜਿੱਥੇ ਆਪਣੇ ਆਪ ਨੂੰ ਮੂਕ ਸਹਿਮਤੀ ਦੇ ਦੋਸ਼ੀ (ਪੈਸਿਵ ਸ਼ਮੂਲੀਅਤ) ਮੰਨਦਿਆਂ ਸਜ਼ਾ ਦੀ ਮੰਗ ਕੀਤੀ ਗਈ ਸੀ, ਉਥੇ ਅਕਾਲੀ ਦਲ ਦੇ ਪ੍ਰਧਾਨ ਦੀਆਂ ਉਪਰ ਬਿਆਨੀਆਂ ਗਲਤੀਆਂ ਦੇ ਮਾਮਲੇ ਵਿੱਚ ਜੁਆਬ ਤਲਬੀ ਦੀ ਮੰਗ ਰੱਖ ਦਿੱਤੀ ਸੀ।

ਦਰਅਸਲ ਇਸੇ ਸਾਲ ਹੋਈਆਂ ਲੋਕ ਸਭਾ ਚੋਣਾਂ ਵਿੱਚ ਅਕਾਲੀ ਉਮੀਦਵਾਰਾਂ ਦੀ ਇੰਨੀ ਬੁਰੀ ਹਾਲਤ ਹੋਈ ਕਿ 10 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਸਨ। ਇਸ ਤੋਂ ਇਲਾਵਾ ਅਕਾਲੀ ਦਲ ਵੋਟ ਫੀਸਦੀ ਦੇ ਮਾਮਲੇ ਵਿੱਚ ਭਾਰਤੀ ਜਨਤਾ ਪਾਰਟੀ ਨਾਲੋਂ ਵੀ ਪਛੜ ਗਿਆ ਸੀ ਅਤੇ ਉਸ ਦੀ ਝੋਲੀ ਵਿੱਚ ਸਿਰਫ 18 ਫੀਸਦੀ ਵੋਟ ਆਈ ਸੀ; ਜਦੋਂਕਿ ਭਾਜਪਾ ਦੀ ਵੋਟ ਫੀਸਦੀ ਅਕਾਲੀ ਦਲ ਨਾਲੋਂ ਕਿਤੇ ਬਿਹਤਰ ਰਹੀ। ਇਸ ਹਾਰ ਨਾਲ ਅਕਾਲੀ ਲੀਡਰਸ਼ਿੱਪ ਦੇ ਵੱਡੇ ਹਿੱਸਿਆਂ ਵਿੱਚ ਇੱਕ ਡੂੰਘੀ ਨਿਰਾਸ਼ਾ ਫੈਲੀ ਅਤੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਸੁਖਬੀਰ ਸਿੰਘ ਬਾਦਲ ਦੀਆਂ ਗੰਭੀਰ ਗਲਤੀਆਂ ਕਾਰਨ ਉਨ੍ਹਾਂ ਦੀ ਅਗਵਾਈ ਵਿੱਚ ਹੁਣ ਅਕਾਲੀ ਦਲ ਆਪਣਾ ਸਿੱਖ ਵੋਟ ਆਧਾਰ ਦੁਬਾਰਾ ਹਾਸਲ ਨਹੀਂ ਕਰ ਸਕੇਗਾ। ਇਸ ਮਕਸਦ ਲਈ ਇੱਕ ਪਾਸੇ ਤਾਂ ਉਨ੍ਹਾਂ ਨੇ ਅਕਾਲੀ ਦਲ ਸੁਧਾਰ ਲਹਿਰ ਵਾਲਾ ਬੀੜਾ ਚੁੱਕਿਆ, ਦੂਜੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੀ ਸਥਾਪਤ ਅਕਾਲੀ ਲੀਡਰਸ਼ਿੱਪ ਨੂੰ ਬਦਲਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ। ਅਕਾਲੀ ਦਲ ਸੁਧਾਰ ਲਹਿਰ ਨੇ ਭਾਵੇਂ ਪੁਰਾਣੀਆਂ ਅਕਾਲੀ ਰਵਾਇਤਾਂ ਨੂੰ ਮੁੜ ਸੁਰਜੀਤ ਕਰਨ ਅਤੇ ਟਕਸਾਲੀ ਸਿੱਖ ਆਗੂਆਂ ਦੀਆਂ ਬਰਸੀਆਂ ਜਾਂ ਜਨਮ ਦਿਨ ਮਨਾਉਣ ਦੀ ਮੁਹਿੰਮ ਅੱਗੇ ਵਧਾਈ, ਪਰ ਉਨ੍ਹਾਂ ਦਾ ਅਸਲ ਮਕਸਦ ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ ਦੀ ਲੀਡਰਸ਼ਿਪ ਤੋਂ ਵੱਖ ਕਰਨਾ ਹੀ ਸੀ। ਇਸ ਨੁਕਤੇ ਤੋਂ ਸ਼੍ਰੋਮਣੀ ਕਮੇਟੀ ਦੀ ਸਾਲਾਨਾ ਚੋਣ ਦਾ ਇਹ ਨਤੀਜਾ ਅਕਾਲੀ ਦਲ ਸੁਧਾਰ ਲਹਿਰ ਦੇ ਆਗੂਆਂ ਲਈ ਇੱਕ ਗਹਿਰਾ ਧੱਕਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਮੌਕੇ ਹੋਏ ਇਸ ਇਜਲਾਸ ਵਿੱਚ ਕਈ ਮਤੇ ਵੀ ਪਾਸ ਕੀਤੇ ਗਏ। ਇਨ੍ਹਾਂ ਮਤਿਆਂ ਵਿੱਚ ਅਕਾਲ ਤਖਤ ਸਾਹਿਬ ਦੇ ਕਾਰਜਕਰਮ ਨੂੰ ਸਾਹਿਲ ਬਣਾਉਣ ਲਈ ਇੱਕ 11 ਮੈਂਬਰੀ ਸਲਾਹਕਾਰ ਬੋਰਡ ਕਾਇਮ ਕਰਨ ਦਾ ਐਲਾਨ ਵੀ ਕੀਤਾ ਗਿਆ। ਜਥੇਦਾਰ ਸਾਹਿਬ ਦੇ ਇਹ ਸਲਾਹਕਾਰ ਸਿਰਫ ਆਪਣੀ ਰਾਏ ਦੇ ਸਕਣਗੇ, ਜਦਕਿ ਸਜ਼ਾ ਆਦਿ ਦਾ ਫੈਸਲਾ ਜਥੇਦਾਰ ਸਾਹਿਬਾਨ ਵੱਲੋਂ ਆਜ਼ਾਦਾਨਾ ਰੂਪ ਵਿੱਚ ਲਿਆ ਜਾਵੇਗਾ। ਵਿਰੋਧੀ ਅਕਾਲੀ ਆਗੂਆਂ ਨੇ ਇਸ ਮੌਕੇ ਸਲਾਹਕਾਰ ਬੋਰਡ ਲਗਾਉਣ ਦੇ ਯਤਨਾਂ ਦੀ ਆਲੋਚਨਾ ਕਰਦਿਆਂ ਕਿਹਾ ਹੈ ਕਿ ਇਹ ਸਿੰਘ ਸਾਹਿਬ ਦੇ ਆਜ਼ਾਦਾਨਾ ਫੈਸਲਿਆਂ ਨੂੰ ਪ੍ਰਭਾਵਤ ਕਰਨ ਦਾ ਇੱਕ ਯਤਨ ਹੈ। ਇਸ 11 ਮੈਂਬਰੀ ਬੋਰਡ ਦੀ ਨਾਮਜ਼ਦਗੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੱਲੋਂ ਕੀਤੀ ਜਾਵੇਗੀ।

ਇਸ ਤੋਂ ਇਲਾਵਾ ਹੋਰਨਾਂ ਮਤਿਆਂ ਵਿੱਚ ਸਿੱਖਾਂ ਵਿਰੁਧ ਸੋਸ਼ਲ ਮੀਡੀਆ 'ਤੇ ਹੋ ਰਹੇ ਦੁਰਪ੍ਰਚਾਰ ਨੂੰ ਠੱਲ੍ਹ ਮਾਰਨ ਲਈ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਗਈ ਹੈ। ਇਸੇ ਤਰ੍ਹਾਂ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਵੱਲੋਂ ਕਰਤਾਰਪੁਰ ਲਾਂਘੇ ਦੀ ਮਿਆਦ ਪੰਜ ਸਾਲਾਂ ਵਾਸਤੇ ਹੋਰ ਵਧਾਉਣ ਲਈ ਸ਼ਲਾਘਾ ਕੀਤੀ ਗਈ ਅਤੇ ਇਸ ਮੌਕੇ ਯਾਤਰੀਆਂ ਤੋਂ ਲਈ ਜਾਂਦੀ 20 ਡਾਲਰ ਦੀ ਫੀਸ ਖਤਮ ਕਰਨ ਅਤੇ ਦਰਸ਼ਨਾਂ ਲਈ ਜਾਂਦੀਆਂ ਸੰਗਤਾਂ ਲਈ ਲਾਂਘੇ ਦੇ ਅਮਲ ਨੂੰ ਸਾਹਿਲ ਬਣਾਉਣ ਦੀ ਵੀ ਅਪੀਲ ਕੀਤੀ ਗਈ। ਡੇਰਾ ਸਰਸਾ ਦੇ ਮੁਖੀ ਰਾਮ ਰਹੀਮ ਅਤੇ ਉਸ ਦੇ ਸਾਥੀਆਂ ਦੀ ਗ੍ਰਿਫਤਾਰੀ ਦੀ ਮੰਗ ਕੀਤੀ ਗਈ।

ਇੱਕ ਮਤੇ ਵਿੱਚ 'ਐਮਰਜੈਂਸੀ' ਫਿਲਮ ਅਤੇ ਕਈ ਹੋਰ ਸੀਰੀਅਲਾਂ ਵਿੱਚ ਸਿੱਖ ਕਿਰਦਾਰਾਂ ਦਾ ਮੌਜੂ ਉਡਾਉਣ ਤੋਂ ਰੋਕਣ ਲਈ ਫਿਲਮ ਸੈਂਸਰ ਬੋਰਡ ਵਿੱਚ ਸ਼੍ਰੋਮਣੀ ਕਮੇਟੀ ਦੇ ਨੁਮਾਇੰਦੇ ਸ਼ਾਮਲ ਕਰਨ ਦੀ ਮੰਗ ਕੀਤੀ ਗਈ ਹੈ। ਇੱਕ ਹੋਰ ਮਹੱਤਵਪੂਰਨ ਮਤੇ ਵਿੱਚ ਸਿੱਖ ਕੌਮ ਦੀਆਂ ਤਕਨੀਕੀ ਅਤੇ ਮੈਡੀਕਲ ਸੰਸਥਾਵਾਂ ਦਾ ਸਟੇਟਸ ਪਹਿਲਾਂ ਦੀ ਤਰ੍ਹਾਂ ਜਿਉਂ ਦਾ ਤਿਉਂ ਬਰਕਰਾਰ ਰੱਖਣ ਦੀ ਮੰਗ ਕੀਤੀ ਗਈ ਹੈ। ਇਸ ਦੇ ਨਾਲ ਹੀ ਕੈਨੇਡਾ ਅਤੇ ਅਮਰੀਕਾ ਵਿੱਚ ਸਿੱਖ ਸ਼ਖਸੀਅਤਾਂ ਨੂੰ ਨਿਸ਼ਾਨਾ ਬਣਾਏ ਜਾਣ 'ਤੇ ਵੀ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ।

Prepare for Tomorrow Now With Comprehensive Retirement Planning
■Annuities ■Life Insurance ■Long-Term Care
■Medicare Planning ■Disability Income

Call Gurpreet Singh
Retirement and Insurance Advisor
Cell: 630-677-6144
Email: Preetisingh@ffig.com
FUTURITY FIRST
Retirement | Life | Health
Futurity First Insurance Group

Hiring Local & Midwest Drivers and Dedicated Lanes & Owner Operators

NT corp
4800 Vernon Ave,
Ste. C,
McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ

HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ
ਵਧੀਆ ਕਿਸਮ ਦੇ ਟਾਇਰ
ਲੈਣ ਲਈ ਸੰਪਰਕ ਕਰੋ
*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਕੈਨੇਡਾ ’ਚ ਪਰਵਾਸ ਬਾਰੇ ਬਰਖਿਲਾਫੀ ਦਾ ਆਲਮ

(ਮੀਡੀਆ ਵਿੱਚ ਪ੍ਰਕਾਸ਼ਿਤ ਵੇਰਵਿਆਂ ’ਤੇ ਆਧਾਰਤ ਸੰਖੇਪ ਰਿਪੋਰਟ)



ਜਸਟਿਨ ਟਰੂਡ

ਦਹਾਕਿਆਂ ਤੱਕ ਕੈਨੇਡਾ ਨੇ ਆਪਣੇ ਆਪ ਨੂੰ ਇੱਕ ਅਜਿਹੇ ਮੁਲਕ ਵਜੋਂ ਘੜਿਆ ਹੈ, ਜਿਸ ਦੇ ਦਰਵਾਜ਼ੇ ਪਰਵਾਸੀਆਂ ਲਈ ਖੁੱਲ੍ਹੇ ਹਨ। ਇਸ ਦੀਆਂ ਪਰਵਾਸ ਬਾਰੇ ਨੀਤੀਆਂ ਆਬਾਦੀ ਵਧਾਉਣ, ਮਜਦੂਰਾਂ ਦੀ ਘਾਟ ਨੂੰ ਭਰਨ ਅਤੇ ਸੰਸਾਰ ਭਰ ਦੇ ਤਣਾਅ ਵਾਲੇ ਮੁਲਕਾਂ ਤੋਂ ਭੱਜ ਕੇ ਆ ਰਹੇ ਸ਼ਰਨਾਰਥੀਆਂ ਨੂੰ ਸ਼ਰਨ ਦੇਣ ਦੇ ਮਨੋਰਥਾਂ ਨੂੰ ਪੂਰਾ ਕਰਨ ਵਾਲੀਆਂ ਰਹੀਆਂ ਹਨ; ਪਰ ਪਿਛਲੇ ਕੁਝ ਮਹੀਨਿਆਂ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਉਹ ਕੈਨੇਡਾ ਵਿੱਚ ਪਰਵਾਸੀਆਂ ਦੀ ਗਿਣਤੀ ਵੱਡੇ ਪੱਧਰ ਉੱਤੇ ਘਟਾਉਣਾ ਚਾਹੁੰਦੇ ਹਨ। ਇਹ ਉਸ ਵੇਲੇ ਹੋ ਰਿਹਾ ਹੈ, ਜਦੋਂ ਕੈਨੇਡਾ ਦੇ ਲੋਕਾਂ ਦੀ ਸਮਾਜਿਕ ਸਹੂਲਤਾਂ ਤੱਕ ਪਹੁੰਚ ਪ੍ਰਭਾਵਿਤ ਹੋਈ ਹੈ ਅਤੇ ਲੋਕ ਵੱਧ ਖਰਚੇ ਤੇ ਮਹਿੰਗੇ ਘਰਾਂ ਦੇ ਸੰਕਟ ਨਾਲ ਜੂਝ ਰਹੇ ਹਨ। ਇਹ ਕੈਨੇਡਾ ਅਤੇ ਟਰੂਡੋ- ਦੋਵਾਂ ਲਈ ਵੱਡੀ ਤਬਦੀਲੀ ਹੈ।

ਜ਼ਿਕਰਯੋਗ ਹੈ ਕਿ ਟਰੂਡੋ ਸਾਲ 2015 ਵਿੱਚ ਸਭਿਆਚਾਰਕ ਵੰਨ-ਸੁਵੰਨਤਾ ਨੂੰ ਅਪਣਾਉਣ ਅਤੇ ਇਸ ਨੂੰ ਕੈਨੇਡੀਆਈ ਪਛਾਣ ਦਾ ਮੁੱਖ ਅੰਗ ਬਣਾਉਣ ਦੀ ਗੱਲ ਲੈ ਕੇ ਅੱਗੇ ਆਏ ਸਨ। ਉਨ੍ਹਾਂ ਦੀ ਸਰਕਾਰ ਆਰਥਿਕ ਵਿਕਾਸ ਲਈ ਪਰਵਾਸ ਵਧਾਉਣ ਉੱਤੇ ਕੇਂਦਰਤ ਰਹੀ ਹੈ। ਹੁਣ ਕੈਨੇਡਾ ਵਿੱਚ ਟਰੂਡੋ ਵਿਰੋਧ ਅਤੇ ਲੋਕਾਂ ਦੇ ਰੋਸ ਦਾ ਸਾਹਮਣਾ ਕਰ ਰਹੇ ਹਨ। ਪ੍ਰਧਾਨ ਮੰਤਰੀ ਦਾ ਕਹਿਣਾ ਹੈ ਕਿ ਕੈਨੇਡਾ ਲਈ ਆਪਣੀ ਆਬਾਦੀ ਨੂੰ ‘ਸਥਿਰ’ ਕਰਨਾ ਜ਼ਰੂਰੀ ਹੈ ਤਾਂ ਜੋ ਸਰਕਾਰੀ ਢਾਂਚਾ ਉਸ ਹਿਸਾਬ ਨਾਲ ਵਧ ਸਕੇ। ਇਸੇ ਸਬੰਧੀ ਪਿਛਲੇ ਦਿਨੀਂ ਜਸਟਿਨ ਟਰੂਡੋ ਅਤੇ ਪਰਵਾਸ ਮੰਤਰੀ ਮਾਰਕ ਮਿਲਰ ਨੇ ਪਰਵਾਸ ਵਿੱਚ ਵੱਡੀ ਕਟੌਤੀ ਦੇ ਅੰਕੜੇ ਪੇਸ਼ ਕੀਤੇ, ਜਿਸ ਮੁਤਾਬਕ ਕੈਨੇਡਾ ਸਾਲ 2025 ਵਿੱਚ ਸਥਾਈ ਵਸਨੀਕਾਂ ਦੀ ਗਿਣਤੀ 21 ਫ਼ੀਸਦ ਘਟਾਏਗਾ।

ਕੈਨੇਡਾ ਵੱਲੋਂ ਅਸਥਾਈ ਵਸਨੀਕ ਪ੍ਰੋਗਰਾਮਾਂ ਵਿੱਚ ਵੀ ਕਟੌਤੀ ਕੀਤੀ ਗਈ ਹੈ, ਜਿਸ ਵਿੱਚ ਅਸਥਾਈ ਵਿਦੇਸ਼ੀ ਕਾਮੇ ਅਤੇ ਕੌਮਾਂਤਰੀ ਵਿਦਿਆਰਥੀ ਸ਼ਾਮਲ ਹਨ। ਟਰੂਡੋ ਨੇ ਇਹ ਮੰਨਿਆ ਕਿ ਉਨ੍ਹਾਂ ਦੀ ਸਰਕਾਰ ਸਹੀ ਸਮਤੋਲ ਨਹੀਂ ਬਣਾ ਸਕੀ। ਇਸ ਨੇ ਕੋਵਿਡ-19 ਮਹਾਂਮਾਰੀ ਤੋਂ ਬਾਅਦ ਮਜ਼ਦੂਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਵੱਡੀ ਗਿਣਤੀ ਵਿੱਚ ਅਸਥਾਈ ਵਸਨੀਕਾਂ ਨੂੰ ਦਾਖ਼ਲਾ ਦਿੱਤਾ; ਪਰ ਹੁਣ ਕੈਨੇਡੀਆਈ ਪਰਵਾਸ ਪ੍ਰਬੰਧ ਨੂੰ ‘ਸਥਿਰ’ ਕਰਨ ਦੀ ਲੋੜ ਹੈ। ਸਰਕਾਰ ਦਾ ਇਹ ਐਲਾਨ ਕੈਨੇਡਾ ਵਿੱਚ ਪਰਵਾਸ ਪ੍ਰਤੀ ਲੋਕਾਂ ਵਿੱਚ ਸਮਰਥਨ ਘਟਣ ਤੋਂ ਬਾਅਦ ਆਇਆ ਹੈ।

ਤੱਥ ਸਾਹਮਣੇ ਆ ਰਹੇ ਹਨ ਕਿ ਦਸ ’ਚੋਂ ਛੇ ਕੈਨੇਡੀਅਨ ਪਰਵਾਸੀਆਂ ਖ਼ਿਲਾਫ਼ ਹਨ ਅਤੇ 43 ਫੀਸਦ ਕੈਨੇਡੀਅਨ ਦਾ ਮੰਨਣਾ ਕਿ ਪਰਵਾਸੀਆਂ ’ਚ ਫ਼ਰਜ਼ੀ ਸ਼ਰਨਾਰਥੀ ਵੀ ਸ਼ਾਮਲ ਹਨ। ਇਹ ਖੁਲਾਸਾ ਐਨਵਾਇਰੋਨਿਕਸ ਸੰਸਥਾ ਦੇ ਸਰਵੇਖਣ ਵਿੱਚ ਹੋਇਆ ਹੈ। ਸਰਵੇਖਣ ਮੁਤਾਬਕ ਕੈਨੇਡਾ ਵਿੱਚ ਪਰਵਾਸੀਆਂ ਲਈ ਜਨਤਕ ਸਹਿਯੋਗ ਘਟ ਰਿਹਾ ਹੈ। ‘ਦਿ ਏਸ਼ੀਅਨ ਪੈਸੇਫਿਕ ਪੋਸਟ’ ਦੀ ਖ਼ਬਰ ਮੁਤਾਬਕ ਐਨਵਾਇਰੋਨਿਕਸ ਸੰਸਥਾ ਵੱਲੋਂ ਇਮੀਗ੍ਰੇਸ਼ਨ ਦੇ ਵਿਸ਼ੇ ’ਤੇ ਕਰਵਾਏ ਗਏ ਦੇਸ਼ ਦੇ ਸਭ ਤੋਂ ਲੰਬੇ ਸਰਵੇਖਣ ਮੁਤਾਬਕ ਦਸ ਵਿੱਚੋਂ ਤਕਰੀਬਨ ਛੇ (58 ਫ਼ੀਸਦ) ਕੈਨੇਡੀਆਈ ਨਾਗਰਿਕਾਂ ਦਾ ਮੰਨਣਾ ਹੈ ਕਿ ਦੇਸ਼ ਵਿੱਚ ਕਾਫੀ ਜ਼ਿਆਦਾ ਪਰਵਾਸੀ ਹੋ ਗਏ ਹਨ। ਸਰਕਾਰੀ ਡੇਟਾ ਮੁਤਾਬਕ ਕੈਨੇਡਾ ਵਿੱਚ ਅਸਥਾਈ ਵਿਦੇਸ਼ੀ ਕਾਮਿਆਂ ਦੀ ਗਿਣਤੀ ਪਿਛਲੇ ਪੰਜ ਸਾਲਾਂ ਵਿੱਚ ਦੁੱਗਣੀ ਹੋ ਗਈ ਹੈ।

ਸਰਵੇਖਣ ਰਿਪੋਰਟ ਮੁਤਾਬਕ “ਦੇਸ਼ ਵਿੱਚ 2023 ਤੋਂ ਹੁਣ ਤੱਕ ਪਰਵਾਸੀਆਂ ਦੀ ਗਿਣਤੀ ਵਿੱਚ 14 ਫੀਸਦ ਪੁਆਇੰਟ ਦਾ ਵਾਧਾ ਹੋਇਆ ਹੈ, ਜੋ ਕਿ ਪਿਛਲੇ ਸਾਲ (2022-23) ਨਾਲੋਂ 17 ਪੁਆਇੰਟ ਜ਼ਿਆਦਾ ਹੈ।” ਸਰਵੇਖਣ ਖੋਜ ਬਾਰੇ ਐਨਵਾਇਰੋਨਿਕਸ ਸੰਸਥਾ ਨੂੰ ਜਨਤਕ ਰਾਏ ਲੈਣ ਅਤੇ ਕੈਨੇਡਾ ਦਾ ਭਵਿੱਖ ਤੈਅ ਕਰਨ ਬਾਰੇ ਮੁੱਦਿਆਂ ’ਤੇ ਸਮਾਜਿਕ ਖੋਜ ਕਰਨ ਲਈ ਸਾਲ 2006 ਵਿੱਚ ਮਾਈਕਲ ਐਡਮਜ਼ ਨੇ ਸਥਾਪਤ ਕੀਤਾ ਸੀ। ਸੰਸਥਾ ਨੇ ਆਪਣੀ ਵੈੱਬਸਾਈਟ ’ਤੇ ਕਿਹਾ ਹੈ, “ਅਜਿਹੀ ਖੋਜ ਰਾਹੀਂ ਕੈਨੇਡਿਆਈ ਨਾਗਰਿਕ ਆਪਣੇ ਆਪ ਨੂੰ ਅਤੇ ਉਨ੍ਹਾਂ ਦੇ ਬਦਲ ਰਹੇ ਸਮਾਜ ਨੂੰ ਬਿਹਤਰ ਢੰਗ ਨਾਲ ਸਮਝ ਸਕਦੇ ਹਨ।” ਸਰਵੇਖਣ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪਿਛਲੇ ਇੱਕ ਸਾਲ ਤੋਂ ਅਜਿਹੇ ਕੈਨੇਡੀਆਈ ਨਾਗਰਿਕਾਂ ਦੀ ਗਿਣਤੀ (43 ਫੀਸਦ) ਵਧੀ ਹੈ, ਜਿਨ੍ਹਾਂ ਦਾ ਮੰਨਣਾ ਹੈ ਕਿ ਕਈ ਲੋਕ ਜੋ ਕਿ ਸ਼ਰਨਾਰਥੀ ਹੋਣ ਦਾ ਦਾਅਵਾ ਕਰਦੇ ਹਨ, ਅਸਲੀ ਸ਼ਰਨਾਰਥੀ ਨਹੀਂ ਹਨ ਅਤੇ ਕਾਫੀ ਜ਼ਿਆਦਾ ਪਰਵਾਸੀ ਕੈਨੇਡਾ ਦੀਆਂ ਕਦਰਾਂ ਕੀਮਤਾਂ ਨਹੀਂ ਅਪਣਾ ਰਹੇ ਹਨ। ਦੋਵੇਂ ਮਾਮਲਿਆਂ ਵਿੱਚ ਚਿੰਤਾਵਾਂ ਵਿੱਚ ਇੱਕ ਜ਼ਿਕਰਯੋਗ ਵਾਧਾ ਹੋਇਆ ਹੈ, ਜੋ ਕਿ ਪਿਛਲੇ ਕਈ ਸਾਲਾਂ ਤੋਂ ਸਥਿਰ ਸੀ।

ਸਰਵੇਖਣ ਮੁਤਾਬਕ 1977 ਵਿੱਚ ਫੋਕਸ ਕੈਨੇਡਾ ਨੇ ਜਦੋਂ ਇਹ ਸਵਾਲ ਪੁੱਛਣਾ ਸ਼ੁਰੂ ਕੀਤਾ ਸੀ, ਉਦੋਂ ਤੋਂ ਪਿਛਲੇ ਦੋ ਸਾਲਾਂ ਵਿੱਚ ਬੜੀ ਤੇਜ਼ੀ ਨਾਲ ਬਦਲਾਅ ਆਇਆ ਹੈ, ਜੋ ਇਹ ਦਰਸਾਉਂਦਾ ਹੈ ਕਿ ਜ਼ਿਆਦਾਤਰ ਕੈਨੇਡੀਆਈ ਨਾਗਰਿਕਾਂ ਦਾ ਕਹਿਣਾ ਹੈ ਕਿ 1998 ਤੋਂ ਲੈ ਕੇ ਹੁਣ ਤੱਕ ਇਮੀਗ੍ਰੇਸ਼ਨ ਵਿੱਚ ਕਾਫੀ ਜ਼ਿਆਦਾ ਵਾਧਾ ਹੋਇਆ ਹੈ। ਸਰਵੇਖਣ ਮੁਤਾਬਕ ਪਿਛਲੇ 25 ਸਾਲਾਂ ਵਿੱਚ ਪਹਿਲੀ ਵਾਰ ਜ਼ਿਆਦਾਤਰ ਕੈਨੇਡੀਆਈ ਨਾਗਰਿਕਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਦੇਸ਼ ਵਿੱਚ ਕਾਫੀ ਜ਼ਿਆਦਾ ਪਰਵਾਸੀ ਹੋ ਗਏ ਹਨ। ਇਹ ਰੁਝਾਨ ਦੇਸ਼ ਭਰ ਵਿੱਚ ਵਧਿਆ ਹੈ, ਪਰ ਸਭ ਤੋਂ ਜ਼ਿਆਦਾ ਕੈਨੇਡਾ ਦੇ ਮੈਦਾਨੀ (ਪ੍ਰੇਅਰੀ) ਸੂਬਿਆਂ ਵਿੱਚ ਦੇਖਣ ਨੂੰ ਮਿਲ ਰਿਹਾ ਹੈ। ਇਨ੍ਹਾਂ ਸੂਬਿਆਂ ਵਿੱਚ ਐਲਬਰਟਾ, ਸਸਕੈਚਵਿਨ ਅਤੇ ਮਿਨੀਟੋਬਾ ਸ਼ਾਮਲ ਹਨ। ਇਹ ਰੁਝਾਨ ਸਭ ਤੋਂ ਘੱਟ ਕਿਊਬਿਕ ਵਿੱਚ ਦੇਖਣ ਨੂੰ ਮਿਲ ਰਿਹਾ ਹੈ।

ਰਿਪੋਰਟ ਮੁਤਾਬਕ ਕੰਜ਼ਰਵੇਟਿਵ ਪਾਰਟੀ ਦੇ ਜ਼ਿਆਦਾਤਰ ਸਮਰਥਕਾਂ (ਹੁਣ 80 ਫੀਸਦ) ਦਾ ਮੰਨਣਾ ਹੈ ਕਿ ਦੇਸ਼ ਵਿੱਚ ਕਾਫੀ ਪਰਵਾਸੀ ਹੋ ਗਏ ਹਨ, ਜਦਕਿ ਲਿਬਰਲ ਪਾਰਟੀ ਦੇ 45 ਫੀਸਦ ਤੇ ਐੱਨ.ਡੀ.ਪੀ. ਦੇ 36 ਫੀਸਦ ਸਮਰਥਕਾਂ ਦਾ ਵੀ ਇਹੀ ਮੰਨਣਾ ਹੈ। ਇਮੀਗ੍ਰੇਸ਼ਨ ਨੂੰ ਨਕਾਰਨ ਦੇ ਕਾਰਨਾਂ ਬਾਰੇ ਕੈਨੇਡੀਆਈ ਨਾਗਰਿਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਚਿੰਤਾ ਹੈ, ਨਵੇਂ ਆਉਣ ਵਾਲੇ ਪਰਵਾਸੀ ਰਿਹਾਇਸ਼ ਤੇ ਮਹਿੰਗਾਈ ਨਾਲ ਕਿਵੇਂ ਨਜਿੱਠਣਗੇ? ਇਸ ਤੋਂ ਇਲਾਵਾ ਦੇਸ਼ ਵਿੱਚ ਹੱਦੋਂ ਵੱਧ ਆਬਾਦੀ ਹੋਣ ਨਾਲ ਜਨਤਕ ਵਿੱਤ ’ਤੇ ਬੋਝ ਵਧੇਗਾ।

ਇੰਸਟੀਟਿਊਟ ਦਾ ਕਹਿਣਾ ਹੈ ਕਿ ਕੈਨੇਡੀਆਈ ਲੋਕਾਂ ਵਿੱਚ ਆਏ ਬਦਲਾਅ ਘਰਾਂ ਦੀ ਘਾਟ ਕਾਰਨ ਹੋਏ ਹਨ; ਪਰ ਆਰਥਿਕਤਾ, ਵਧਦੀ ਆਬਾਦੀ ਅਤੇ ਇਮੀਗ੍ਰੇਸ਼ਨ ਸਿਸਟਮ ਕਿਵੇਂ ਚਲਾਇਆ ਜਾ ਰਿਹਾ ਹੈ! ਇਹ ਵੀ ਵੱਡੇ ਕਾਰਨ ਹਨ। ਅਕਤੂਬਰ ਦੇ ਨਿਊਜ਼ਲੈਟਰ ਵਿੱਚ ਅਬੇਕਸ ਡੇਟਾ ਵਿੱਚ ਮਾਹਰ ਡੇਵਿਡ ਕੋਲੇਟਾ ਨੇ ਕਿਹਾ ਕਿ ਪਰਵਾਸ ਦਾ ਮੁੱਦਾ ਅਗਲੇ ਸਾਲ ਫੈਡਰਲ ਅਤੇ ਸੂਬਾਈ ਚੋਣਾਂ ਵਿਚਲੇ ਅਹਿਮ ਮੁੱਦਿਆਂ ਵਿੱਚ ਹੋਵੇਗਾ। ਡੇਟਾ ਮੁਤਾਬਕ ਸ਼ਰਨਾਰਥੀਆਂ ਦੇ ਮੁੜ ਵਸੇਬੇ ਵਿੱਚ ਇਸ ਨੇ ਸੰਸਾਰ ਦੀ ਅਗਵਾਈ ਕੀਤੀ ਹੈ ਅਤੇ ਕੈਨੇਡਾ ਨੇ ਪਿਛਲੇ 50 ਸਾਲਾਂ ਵਿੱਚ ਅਜਿਹੇ ਮੁਲਕ ਵਜੋਂ ਆਪਣਾ ਨਾਂ ਬਣਾਇਆ ਹੈ, ਜੋ ਪਰਵਾਸੀਆਂ ਨੂੰ ‘ਜੀ ਆਇਆਂ ਨੂੰ’ ਕਹਿੰਦੇ ਹਨ।

ਸਾਲ 1988 ਵਿੱਚ ਪਾਸ ਕੀਤਾ ਗਿਆ ਕੈਨੇਡੀਆਈ ਮਲਟੀਕਲਚਰਿਜ਼ਮ ਐਕਟ ਵੰਨ-ਸੁਵੰਨਤਾ ਨੂੰ ਕੈਨੇਡਾ ਦੀ ਪਛਾਣ ਦਾ ਅੰਗ ਮੰਨਦਾ ਹੈ। ਇਸ ਦੀ ਵੰਨ-ਸੁਵੰਨੀ ਵਿਰਾਸਤ ਨੂੰ ਸੰਵਿਧਾਨ ਵਿੱਚ ਸੁਰੱਖਿਆ ਹਾਸਲ ਹੈ। ਯੂਨੀਵਰਸਿਟੀ ਆਫ ਟੋਰਾਂਟੋ ਵਿੱਚ ਰਾਜਨੀਤੀ ਸ਼ਾਸਤਰ ਦੇ ਪ੍ਰੋਫ਼ੈਸਰ ਮਾਕਿਲ ਡੋਨੈਲੀ ਦੱਸਦੇ ਹਨ, “1990 ਵਿਆਂ ਤੋਂ ਲੈ ਕੇ ਕੈਨੇਡੀਆਈ ਦਾ ਵਤੀਰਾ ਪਰਵਾਸ ਪੱਖੀ ਰਿਹਾ ਹੈ।”

ਸਾਲ 2019 ਦੀ ‘ਪਿਊ ਰਿਸਰਚ ਰਿਪੋਰਟ’ ਵਿੱਚ ਸਾਹਮਣੇ ਆਇਆ ਸੀ ਕਿ ਪਰਵਾਸ ਵਾਲੇ ਸਿਖਰਲੇ 10 ਮੁਲਕਾਂ ਵਿੱਚੋਂ ਕੈਨੇਡਾ ਪਰਵਾਸ ਬਾਰੇ ਸਭ ਤੋਂ ਵੱਧ ਸਕਾਰਾਤਮਕ ਸੀ। ਕੈਨੇਡੀਆਈ ਵੋਟਰਾਂ ਵਿੱਚ ਵੱਡੀ ਗਿਣਤੀ ਵਿੱਚ ਪਰਵਾਸੀ ਹਨ, ਜੋ ਵੱਡੀਆਂ ਸਿਆਸੀ ਪਾਰਟੀਆਂ ਨੂੰ ਪਰਵਾਸ ਵਿਰੋਧੀ ਸਟੈਂਡ ਲੈਣ ਤੋਂ ਰੋਕਦੀ ਹੈ। ਇਸ ਤੋਂ ਇਲਾਵਾ ਕੈਨੇਡਾ ਨੇ ਬੇਕਾਬੂ ਪਰਵਾਸ ਕਾਰਨ ਹੋਣ ਵਾਲੀਆਂ ਮੁਸ਼ਕਲਾਂ ਨੂੰ ਵੀ ਅਨੁਭਵ ਨਹੀਂ ਕੀਤਾ; ਕਿਉਂਕਿ ਕੈਨੇਡਾ ਤਿੰਨ ਸਮੁੰਦਰਾਂ ਨਾਲ ਘਿਰਿਆ ਹੋਇਆ ਹੈ ਅਤੇ ਇਸ ਦੇ ਦੱਖਣ ਵਿੱਚ ਅਮਰੀਕਾ ਹੈ। ਇੱਥੋਂ ਦਾ ‘ਇਮੀਗ੍ਰੇਸ਼ਨ ਸਿਸਟਮ’ ਲੋਕਾਂ ਵੱਲੋਂ ਪਾਰਦਰਸ਼ੀ ਅਤੇ ਨਿਯਮਬੱਧ ਵਜੋਂ ਦੇਖਿਆ ਜਾਂਦਾ ਸੀ।

ਕੈਨੇਡਾ ਵੱਲੋਂ ਸਾਲ 2016 ਵਿੱਚ ਮੈਕਸੀਕੋ ਤੋਂ ਆਉਣ ਵਾਲੇ ਸੈਲਾਨੀਆਂ ਲਈ ਵੀਜ਼ਾ ਦੀ ਲੋੜ ਹਟਾਏ ਜਾਣ ਤੋਂ ਬਾਅਦ ਕੈਨੇਡਾ ਵਿੱਚ ਸ਼ਰਨ ਦੀਆਂ ਅਪੀਲਾਂ ਵਿੱਚ ਵਾਧਾ ਹੋਇਆ, ਜਿਸ ਮਗਰੋਂ ਕੈਨੇਡਾ ਨੇ ਇਹ ਰੋਕਾਂ ਪਿਛਲੇ ਸਾਲ ਫਿਰ ਲਗਾ ਦਿੱਤੀਆਂ। ਕੈਨੇਡੀਆਈ ਮੀਡੀਆ ਨੇ ਵੀ ਇਹ ਰਿਪੋਰਟਾਂ ਛਾਪੀਆਂ ਕਿ ਕੁਝ ਕੌਮਾਂਤਰੀ ਵਿਦਿਆਰਥੀ ਆਪਣੇ ਅਸਥਾਈ ਵੀਜ਼ਾ ਨੂੰ ਕੈਨੇਡਾ ਵਿੱਚ ਪੱਕੀ ਸ਼ਰਨ ਲੈਣ ਲਈ ਵਰਤ ਰਹੇ ਹਨ। ਇਸ ਰੁਝਾਨ ਨੂੰ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ‘ਚਿੰਤਾਜਨਕ’ ਵੀ ਦੱਸਿਆ ਸੀ।

ਇਨ੍ਹਾਂ ਤੇ ਹੋਰ ਘਟਨਾਵਾਂ ਨੇ ਲੋਕਾਂ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਪਰਵਾਸ ਸਰਕਾਰ ਦੇ ਕਾਬੂ ਤੋਂ ਬਾਹਰ ਹੋ ਗਿਆ ਹੈ। ਕੈਨੇਡਾ ਵਿੱਚ ਘਰਾਂ ਦੇ ਸੰਕਟ ਨੇ ਵੀ ਇਨ੍ਹਾਂ ਚਿੰਤਾਵਾਂ ਨੂੰ ਵਧਾਇਆ। ਘਰਾਂ ਦੀ ਘਾਟ ਨੇ ਕਈ ਲੋਕਾਂ ਲਈ ਕਿਰਾਏ ਅਤੇ ਘਰਾਂ ਦੇ ਮੁੱਲ ਵਧਾ ਦਿੱਤੇ ਹਨ। ਕੈਨੇਡਾ ਵਿੱਚ ਪਰਵਾਸ ਬਾਰੇ ਕੁਝ ਨਸਲੀ ਬਿਆਨਬਾਜ਼ੀ ਵੀ ਸਾਹਮਣੇ ਆਈ ਹੈ। ਕੈਨੇਡਿਆਈ ਲੋਕਾਂ ਦਾ ਬਦਲ ਰਿਹਾ ਵਤੀਰਾ ਯੂਰਪੀ ਮੁਲਕਾਂ ਤੇ ਅਮਰੀਕਾ ਵਿੱਚ ਦਿਖਦੀਆਂ ਭਾਵਨਾਵਾਂ ਕਰਕੇ ਨਹੀਂ ਹੈ; ਪਰ ਇਸ ਦਾ ਕਾਰਨ ਕੈਨੇਡਾ ਦੇ ਲੋਕਾਂ ਦਾ ਕੈਨੇਡਾ ਵਿੱਚ ਪਰਵਾਸ ਨੂੰ ਕਾਬੂ ਹੇਠ ਲਿਆਉਣ ਦੀ ਚਾਹ ਹੈ।

## ਅਮਰੀਕੀ ਰਾਸ਼ਟਰਪਤੀ ਦੀ ਚੋਣ ਵਿੱਚ ਟਰੰਪ ਦੀ ਝੰਡੀ

*...ਸਫਾ 5 ਦੀ ਬਾਕੀ ⇒*

ਨਿਕਲਦੇ ਵਿਖਾਈ ਦੇ ਰਹੇ ਹਨ। ਮਿਸਾਲ ਦੇ ਤੌਰ ‘ਤੇ ‘ਦਾ ਇਕਾਨੋਮਿਸਟ’ ਵੱਲੋਂ 56% ਵੋਟਾਂ ਨਾਲ ਕਮਲਾ ਨੂੰ ਅੱਗੇ ਵਿਖਾਇਆ ਜਾ ਰਿਹਾ ਸੀ, ਪਰ ਨਾਲ ਹੀ ਇਹ ਵੀ ਕਿਹਾ ਗਿਆ ਸੀ ਕਿ ਵਿੱਤੀ ਮਾਰਕੀਟ ਟਰੰਪ ਦੀ ਮੁਹਿੰਮ ਨੂੰ ਸ਼ਕਤੀ ਪ੍ਰਦਾਨ ਕਰ ਰਹੀ ਹੈ।

ਰਾਸ਼ਟਰਪਤੀ ਦੀ ਚੋਣ ਵਿੱਚ ਜਿੱਤ ਪ੍ਰਾਪਤ ਕਰਨ ਲਈ 538 ਇਲੈਕਟੋਰਲ ਵੋਟਸ ਵਿੱਚੋਂ ਸੰਬੰਧਤ ਉਮੀਦਵਾਰ ਨੂੰ 270 ਇਲੈਕਟੋਰਲ ਵੋਟਸ ਪ੍ਰਾਪਤ ਕਰਨੇ ਹੋਣਗੇ। ਟਰੰਪ ਇਸ ਅੰਕੜੇ ਨੂੰ ਪਹਿਲਾਂ ਹੀ ਛੂਹ ਚੁੱਕੇ ਹਨ। ਸਾਰੀ ਦੁਨੀਆਂ ਦੀਆਂ ਨਜ਼ਰਾਂ ਪਿਛਲੇ ਕੁਝ ਦਿਨਾਂ ਤੋਂ ਅਮਰੀਕੀ ਰਾਸ਼ਟਰਪਤੀ ਦੀ ਚੋਣ ‘ਤੇ ਲੱਗੀਆਂ ਹੋਈਆਂ ਹਨ। ਇਸ ਚੋਣ ਲਈ ਦੌੜ ਦਾ ਫੈਸਲਾ ਪ੍ਰਮੁਖ ਤੌਰ ‘ਤੇ ਅਨਿਸ਼ਚਿਤ ਵੋਟਿੰਗ ਬਿਹੇਵੀਅਰ ਵਾਲੀਆਂ ਸਟੇਟਾਂ ਦੇ ਹੱਥ ਵਿੱਚ ਹੈ, ਜਿਨ੍ਹਾਂ ਨੂੰ ਸਵਿੰਗ ਸਟੇਟਸ ਵੀ ਕਿਹਾ ਜਾਂਦਾ ਹੈ। ਇਨ੍ਹਾਂ ਵਿੱਚ ਪ੍ਰਮੁੱਖ ਤੌਰ ‘ਤੇ ਵਿਸਕਾਨਿਸਨ, ਪੈਨਸਿਲਵੇਨੀਆ, ਜਾਰਜੀਆ ਅਤੇ ਐਰੀਜ਼ੋਨਾ ਸ਼ਾਮਲ ਹਨ।

ਇਸ ਵਾਰ ਦੋਹਾਂ ਉਮੀਦਵਾਰਾਂ ਵਿੱਚ ਮੁਕਾਬਲਾ ਇੰਨਾ ਜ਼ਬਰਦਸਤ ਰਿਹਾ ਕਿ ਰੇਖ ਵਿੱਚ ਮੇਖ ਮਾਰਨ ਵਾਲੇ ਸਿਆਸੀ ਪੰਡਿਤ ਵੀ ਕੁਝ ਕਹਿਣ ਤੋਂ ਗੁਰੇਜ਼ ਕਰ ਰਹੇ ਸਨ। ਪਰ ਜੇ ਆਖਰੀ ਨਤੀਜੇ ਮੁਢਲੇ ਨਤੀਜਿਆਂ ਦੇ ਅਨਕੂਲ ਹੀ ਹੁੰਦੇ ਹਨ ਤਾਂ ਇਹ ਨਤੀਜੇ ਆਉਣ ਵਾਲੇ ਸਮੇਂ ਵਿੱਚ ਅਮਰੀਕਾ ਦੀ ਅੰਦਰੂਨੀ ਸਿਆਸਤ ਲਈ ਵੀ ਅਤੇ ਅੰਤਰਰਾਸ਼ਟਰੀ ਪੱਧਰ ‘ਤੇ ਅਮਰੀਕਾ ਦੀ ਸਿਆਸੀ ਭੂਮਿਕਾ ਲਈ ਵੀ ਬੜੇ ਉਥਲ-ਪੁਥਲ ਵਾਲੇ ਹੋਣਗੇ। ਅਸਲ ਵਿੱਚ ਡੋਨਾਲਡ ਟਰੰਪ ਉਸ ਕਿਸਮ ਦੀਆਂ ਅਥੌਰੀਟੇਰੀਅਨ ਰੁਚੀਆਂ ਦੇ ਹੀ ਮਾਲਕ ਹਨ, ਜਿਸ ਤਰ੍ਹਾਂ ਦੇ ਰੂਸ ਦੇ ਰਾਸ਼ਟਰਪਤੀ ਪੂਤਿਨ ਹਨ। ਇਸ ਚੋਣ ਦਾ ਚੰਗਾ ਪੱਖ ਇਹ ਹੈ ਕਿ ਯੂਕਰੇਨ ਦੀ ਜੰਗ ਅਤੇ ਮੱਧ ਏਸ਼ੀਆ ਦਾ ਕਲੇਸ਼ ਮੁੱਕਣ ਦੇ ਮੌਕੇ ਵੀ ਬਣ ਸਕਦੇ ਹਨ। ਟਰੰਪ ਦਾ ਜ਼ੋਰ ਅਸਲ ਵਿੱਚ ਆਪਣੀ ਅੰਦਰੂਨੀ ਆਰਥਿਕਤਾ ਨੂੰ ਸੁਧਾਰਨ ਵੱਲ ਹੋਵੇਗਾ। ਬਾਹਰੀ ਮੁਲਕਾਂ ਵਿੱਚ ਅਮਰੀਕਾ ਦੀ ਦਖਲਅੰਦਾਜ਼ੀ ਘਟੇਗੀ। ਬਾਇਡਨ ਕਲਾਈਮੇਟ ਚੇਂਜ ਪ੍ਰਤੀ ਸੰਵੇਦਨ ਸਨ ਅਤੇ ਉਨ੍ਹਾਂ ਨੇ ਕਲਾਈਮੇਟ ਚੇਂਜ ਬਾਰੇ ਪੈਰਿਸ ਸਮਝੌਤੇ ਦਾ ਅਮਰੀਕਾ ਨੂੰ ਮੁੜ ਕੇ ਭਾਗੀਦਾਰ ਬਣਾ ਦਿੱਤਾ ਸੀ, ਪਰ ਟਰੰਪ ਮੁੜ ਇਸ ‘ਝੰਜਟ’ ਤੋਂ ਆਪਣਾ ਹੱਥ ਪਿੱਛੇ ਖਿੱਚ ਲੈਣਗੇ। ਇਸ ਤੋਂ ਇਲਾਵਾ ਪਰਵਾਸੀਆਂ, ਕਾਲੇ ਅਤੇ ਭੂਰੇ ਲੋਕਾਂ ਖਿਲਾਫ ਅਮਰੀਕਾ ਵਿੱਚ ਨਸਲਵਾਦ ਫਿਰ ਵਧ ਸਕਦਾ ਹੈ, ਜਿਸ ‘ਤੇ ਬਾਇਡਨ ਨੇ ਤਕਰੀਬਨ ਕਾਬੂ ਪਾ ਲਿਆ ਸੀ। ਕੁਝ ਰਾਜਨੀਤਿਕ ਵਿਸ਼ਲੇਸ਼ਕਾਂ ਦਾ ਆਖਣਾ ਹੈ ਕਿ ਮਰਹੂਮ ਰਾਸ਼ਟਰਪਤੀ ਰੂਜਵੇਲਟ ਨਾਲ ਸ਼ੁਰੂ ਹੋਈ ਅਮਰੀਕੀ ਲਿਬਰਿਜ਼ਮ ਦੀ ਚੜ੍ਹਤ ਨੂੰ ਟਰੰਪ ਦੀ ਜਿੱਤ ਨੇ ਇੱਕ ਤਰ੍ਹਾਂ ਨਾਲ ਬੰਨ੍ਹ ਲਗਾ ਦਿੱਤਾ ਹੈ।


# ਸਹਾਇਤਾ ਦੀ ਲੋੜ ਹੈ




**ਘਰ ਦੀ ਦੇਖ-ਭਾਲ ਲਈ ਸਹਾਇਤਾ ਦੀ ਲੋੜ ਹੈ**

**ਕੈਰੀ ਨੇੜੇ ਸਕੂਲ ਵਿੱਚ ਬੱਚੇ ਨੂੰ ਛੱਡਣ ਤੇ ਲੈ ਕੇ ਆਉਣ ਅਤੇ ਹਲਕੇ ਕੰਮਾਂ ਤੇ ਖਾਣਾ ਪਕਾਉਣ ਲਈ ਰੋਜ਼ਾਨਾ ਘਰੇਲੂ ਮਦਦ ਦੀ ਲੋੜ ਹੈ**

**ਸਮਾਂ ਤੇ ਘੰਟੇ ਚਰਚਾ ਕੀਤੇ ਜਾਣਗੇ*

**ਉਮੀਦਵਾਰ ਗੱਡੀ ਚਲਾ ਸਕਦਾ ਹੋਵੇ, ਵਾਹਨ ਹੋਣਾ ਜ਼ਰੂਰੀ ਹੈ*

**ਸੰਪਰਕ ਕਰੋ, ਫੋਨ: 847-287-3478**

# ਸੰਸਾਰ ਚੌਧਰ ਦੀ ਜੰਗ ਬਨਾਮ ਭਾਰਤ-ਕੈਨੇਡਾ ਕਸ਼ੀਦਗੀ

ਪੰਜਾਬੀ ਪਰਵਾਜ਼ ਬਿਊਰੋ

***ਸੰਸਾਰ ਕੂਟਨੀਤੀ ਦੀ ਦੁਨੀਆਂ ਅੜੀਆਂ ਨਹੀਂ ਝੱਲਦੀ   *ਹਿੰਦੁਸਤਾਨ ਵਿੱਚ ਸਿੱਖ ਮਸਲੇ ਦਾ ਟਿਕਾਊ ਹੱਲ ਹੋਵੇ**

ਇੱਕ ਖਾਲਿਸਤਾਨ ਪੱਖੀ ਸਿੱਖ ਕਾਰਕੁੰਨ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ ਨੂੰ ਲੈ ਕੇ ਹਿੰਦੁਸਤਾਨ ਅਤੇ ਕੈਨੇਡਾ ਵਿਚਕਾਰ ਚੱਲਿਆ ਵਿਵਾਦ ਹੁਣ ਕੈਨੇਡਾ ਵਿੱਚ ਵੱਸਦੇ ਹਿੰਦੂ-ਸਿੱਖ ਭਾਈਚਾਰਿਆਂ ਵਿਚਕਾਰ ਆਪਸੀ ਟਕਰਾਅ ਦਾ ਰੂਪ ਅਖਤਿਆਰ ਕਰਦਾ ਨਜ਼ਰ ਆ ਰਿਹਾ ਹੈ। ਉਂਝ ਜਿਸ ਕਿਸਮ ਦੀ ਕਸ਼ੀਦਗੀ ਉਪਰੋਕਤ ਮਾਮਲੇ ਨੂੰ ਲੈ ਕੇ ਦੋਹਾਂ ਮੁਲਕਾਂ ਵਿੱਚ ਚੱਲ ਰਹੀ ਸੀ, ਉਸ ਦਾ ਇਸ ਕਿਸਮ ਦਾ ਮੋੜ ਕੱਟਣਾ ਅਲੋਕਾਰੀ ਗੱਲ ਨਹੀਂ, ਇਸ ਕਿਸਮ ਦੀਆਂ ਸੰਭਾਵਨਾਵਾਂ ਮੌਜੂਦ ਸਨ; ਪਰ ਹੁਣ ਜਦੋਂ ਇਸ ਖਿੱਚੋਤਾਣ ਨੂੰ ਕੌਮਾਂਤਰੀ ਪੱਧਰ 'ਤੇ ਅਨੁਕੂਲ ਰਾਜਨੀਤਿਕ ਮਾਹੌਲ ਮਿਲ ਗਿਆ ਹੈ ਤਾਂ ਇਹ ਵਾਪਰਨ ਲੱਗੀਆਂ ਹਨ।

ਭਾਵੇਂ ਕਿ ਹਾਲ ਦੀ ਘੜੀ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ ਵਿੱਚ ਕੈਨੇਡਾ ਕੋਈ ਠੋਸ ਸਬੂਤ ਪੇਸ਼ ਕਰਨ ਵਿੱਚ ਤਾਂ ਅਸਫਲ ਰਹਿ ਰਿਹਾ ਹੈ, ਪਰ ਭਾਰਤੀ ਏਜੰਟਾਂ ਦੀ ਇਸ ਕਤਲ ਵਿੱਚ ਸ਼ਮੂਲੀਅਤ ਦੇ ਦੋਸ਼ ਉਹ ਵਾਰ-ਵਾਰ ਲਾ ਰਿਹਾ ਹੈ। ਖਾਸ ਕਰਕੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡੀਅਨ ਪਾਰਲੀਮੈਂਟ ਵਿੱਚ ਇਹ ਦੋਸ਼ ਲਾਉਣ ਤੋਂ ਬਾਅਦ ਵੀ ਕਈ ਵਾਰ ਇਹ ਗੱਲ ਕਹੀ ਹੈ ਕਿ ਉਨ੍ਹਾਂ ਕੋਲ ਇਸ ਦੋਸ਼ ਦਾ ਪੱਖ ਪੂਰਨ ਲਈ 'ਕਰੈਡੀਬਲ' ਜਾਣਕਾਰੀ ਹੈ। ਦੂਜੇ ਪਾਸੇ, ਅਮਰੀਕਾ ਵੱਲੋਂ ਆਪਣੇ ਮੁਲਕ ਵਿੱਚ ਗੁਰਪਤਵੰਤ ਸਿੰਘ ਪੰਨੂੰ ਦੇ ਕਤਲ ਦੀ ਕਥਿਤ ਯੋਜਨਾ ਦੇ ਸਬੂਤ ਜੁਟਾਉਣ ਅਤੇ ਇਨ੍ਹਾਂ ਦੇ ਆਧਾਰ 'ਤੇ ਇੱਕ ਅਦਾਲਤ ਵਿੱਚ ਕੇਸ ਲਿਜਾਣ ਦੇ ਮਾਮਲੇ ਨੇ ਸੰਜੀਦਾ ਰੁਖ ਅਖਤਿਆਰ ਕਰ ਲਿਆ। ਇਸ ਮਾਮਲੇ ਵਿੱਚ ਅਮਰੀਕਾ ਨੇ ਇੱਕ ਸਾਬਕਾ ਸੀ.ਆਰ.ਪੀ.ਐਫ. ਅਤੇ 'ਰਾਅ' ਵਿੱਚ ਨਿਯੁਕਤ ਰਹੇ ਅਧਿਕਾਰੀ ਵਿਕਾਸ ਯਾਦਵ ਨੂੰ ਵੀ 'ਲੋੜੀਂਦੇ' ਵਿਅਕਤੀਆਂ ਦੀ ਲਿਸਟ ਵਿੱਚ ਪਾ ਦਿੱਤਾ ਹੈ।

ਪਿਛਲੇ ਕੁਝ ਦਿਨਾਂ ਵਿੱਚ ਜਦੋਂ ਭਾਰਤ ਰੂਸ ਦੇ ਸਹਿਯੋਗ ਨਾਲ ਭਾਰਤ-ਚੀਨ ਸਰਹੱਦ 'ਤੇ ਬਣੇ ਤਣਾਅ ਨੂੰ ਘੱਟ ਕਰਨ ਅਤੇ ਚੀਨ ਨਾਲ ਰਿਸ਼ਤੇ ਸੁਧਾਰਨ ਵਾਲੇ ਰਾਹ ਤੁਰ ਪਿਆ ਤਾਂ ਭਾਰਤ ਅਤੇ ਕੈਨੇਡਾ ਵਿਚਕਾਰ ਉਪਰੋਕਤ ਮਸਲਿਆਂ ਨੂੰ ਲੈ ਕੇ ਬੋਲ ਬੁਲਾਰਾ ਹੋਰ ਵਧ ਗਿਆ ਹੈ। ਇਸ ਮਾਮਲੇ ਨੇ ਵਧੇਰੇ ਗਰਮੀ ਬੀਤੇ ਹਫਤੇ ਉਦੋਂ ਫੜੀ ਜਦੋਂ ਕੈਨੇਡਾ ਦੇ ਉੱਪ ਵਿਦੇਸ਼ ਮੰਤਰੀ ਡੇਵਿਡ ਮੌਰੀਸਨ ਨੇ ਇਹ ਦੋਸ਼ ਲਗਾਇਆ ਕਿ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕੈਨੇਡਾ ਵਿੱਚ ਖਾਲਿਸਤਾਨੀ ਕਾਰਕੁੰਨਾਂ ਦਾ ਕਤਲ ਕਰਵਾਉਣ ਦੇ ਹੁਕਮ ਦਿੱਤੇ ਸਨ। ਇਸੇ ਤਰ੍ਹਾਂ ਦੀ ਇੱਕ ਰਿਪੋਰਟ ਅਮਰੀਕਾ ਦੇ ਇੱਕ ਵੱਡੇ ਅਖ਼ਬਾਰ ਵਿੱਚ ਵੀ ਛਪੀ ਸੀ। ਕੈਨੇਡੀਅਨ ਮੰਤਰੀ ਨੇ ਇਹ ਵੀ ਮੰਨਿਆ ਕਿ ਉਹ ਰਿਪੋਰਟ ਉਨ੍ਹਾਂ ਵੱਲੋਂ ਉਪਲਬਧ ਕਰਵਾਈ ਜਾਣਕਾਰੀ 'ਤੇ ਆਧਾਰਤ ਸੀ। ਇਨ੍ਹਾਂ ਦੋਸ਼ਾਂ ਦੇ ਬਾਵਜੂਦ ਕੈਨੇਡਾ ਹਾਲੇ ਵੀ ਉਕਤ ਮਾਮਲੇ ਵਿੱਚ ਕੋਈ ਠੋਸ ਸਬੂਤ ਪੇਸ਼ ਕਰਨ ਦੇ ਸਮਰੱਥ ਨਹੀਂ ਹੋ ਸਕਿਆ। ਕੁੱਝ ਸਮਾਂ ਪਹਿਲਾਂ ਅਮਰੀਕਾ ਨੇ ਵੀ ਕਿਹਾ ਸੀ ਕਿ ਕੈਨੇਡਾ ਨੂੰ ਉਕਤ ਮਾਮਲੇ 'ਚ ਜਾਣਕਾਰੀ ਦਰਅਸਲ ਉਸ ਵੱਲੋਂ ਹੀ ਪ੍ਰਦਾਨ ਕੀਤੀ ਗਈ ਹੈ।

ਅਮਰੀਕਨ ਏਜੰਸੀਆਂ ਅੱਗੇ ਇਹ ਮਾਮਲਾ ਉਦੋਂ ਖੁੱਲ੍ਹਿਆ, ਜਦੋਂ ਉਨ੍ਹਾਂ ਨੇ ਨਿਖਲ ਗੁਪਤਾ ਨਾਂ ਦੇ ਇੱਕ ਭਾਰਤੀ ਵਪਾਰੀ ਨੂੰ ਚੈਕ ਗਣਰਾਜ ਵਿੱਚ ਗ੍ਰਿਫਤਾਰ ਕਰਵਾਇਆ। ਨਿਖਿਲ ਵੱਲੋਂ ਇੱਕ ਕਥਿਤ ਅਮਰੀਕੀ ਸੂਟਰ ਦਾ ਪ੍ਰਬੰਧ ਕਰਨ ਵਾਲੇ ਏਜੰਟ (ਵਿਅਕਤੀ) ਨੂੰ 15 ਹਜ਼ਾਰ ਡਾਲਰ ਪੇਸ਼ਗੀ ਵਜੋਂ ਦਿੱਤੇ ਗਏ ਸਨ। ਇਹ ਏਜੰਟ ਅਸਲ ਵਿੱਚ ਅਮਰੀਕੀ ਖੁਫੀਆ ਏਜੰਸੀ ਦਾ ਮੁਲਾਜ਼ਮ ਸੀ। ਪੈਸੇ ਟਰਾਂਸਫਰ ਹੋਣ ਦੇ ਬਾਕਾਇਦਾ ਸਬੂਤ ਅਤੇ ਵੀਡੀਓ ਵਗੈਰਾ ਅਮਰੀਕੀ ਪੜਤਾਲੀਆ ਏਜੰਸੀਆਂ ਕੋਲ ਮੌਜੂਦ ਹਨ। ਨਿੱਝਰ ਦੇ ਕਤਲ ਤੋਂ ਬਾਅਦ ਨਿਖਿਲ ਗੁਪਤਾ ਨੂੰ ਵਿਕਾਸ ਯਾਦਵ ਵੱਲੋਂ ਭੇਜੀ ਉਸ ਦੀ ਲਾਸ਼ ਦੀਆਂ ਤਸਵੀਰਾਂ ਅਤੇ ਗੱਲਬਾਤ ਦੀ ਰਿਕਾਰਡਿੰਗ ਵੀ ਮੌਜੂਦ ਹੈ। ਇਸੇ ਕਰਕੇ ਸ਼ਾਇਦ ਕੈਨੇਡਾ ਨਿੱਝਰ ਕਤਲ ਦਾ ਮਾਮਲਾ ਪੰਨੂ ਦੇ ਕਤਲ ਦੀ ਯੋਜਨਾ ਨਾਲ ਜੋੜ ਕੇ ਵੇਖ ਰਿਹਾ ਹੈ। ਇਸ ਆਧਾਰ 'ਤੇ ਹੀ ਉਸ ਵੱਲੋਂ ਆਖਿਆ ਜਾ ਰਿਹਾ ਹੈ ਕਿ ਉਸ ਕੋਲ 'ਕਰੈਡੀਬਲ' ਜਾਣਕਾਰੀ ਮੌਜੂਦ ਹੈ। ਇਸ ਤਰ੍ਹਾਂ ਦੋਹਾਂ ਮਾਮਲਿਆਂ ਦੀਆਂ ਕੜੀਆਂ ਆਪਸ ਵਿੱਚ ਜੁੜਦੀਆਂ ਹਨ।

ਹੁਣ ਵਾਲਾ ਤਾਜ਼ਾ ਵਿਵਾਦ ਉਦੋਂ ਖੜ੍ਹਾ ਹੋਇਆ, ਜਦੋਂ ਕੈਨੇਡਾ ਨੇ ਉਟਾਵਾ ਵਿੱਚ ਭਾਰਤ ਦੇ ਰਾਜਦੂਤ ਅਤੇ ਹੋਰ ਡਿਪਲੋਮੇਟਸ ਤੋਂ ਪੁੱਛਗਿੱਛ ਕਰਨ ਦਾ ਮਸਲਾ ਉਠਾਇਆ ਤੇ ਇਨ੍ਹਾਂ ਅਧਿਕਾਰੀਆਂ ਨੂੰ 'ਪਰਸਨ ਆਫ ਇੰਟਰਟਸ' ਦੱਸਦਿਆਂ ਪੁੱਛਗਿੱਛ ਲਈ ਭਾਰਤ ਨੂੰ ਇਨ੍ਹਾਂ ਦੀ ਡਿਪਲੋਮੈਟਿਕ ਇਮਿਊਨਿਟੀ ਵਾਪਸ ਲੈਣ ਲਈ ਕਿਹਾ। ਭਾਰਤ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਕੈਨੇਡਾ ਨੇ ਪ੍ਰਮੁਖ ਭਾਰਤੀ ਰਾਜਦੂਤ ਸਮੇਤ 6 ਡਿਪਲੋਮੇਟਾਂ ਨੂੰ ਦੇਸ਼ ਛੱਡਣ ਲਈ ਕਹਿ ਦਿੱਤਾ। ਇਸ ਦੇ ਪ੍ਰਤੀਕਰਮ ਵਜੋਂ ਭਾਰਤ ਨੇ ਵੀ ਕੈਨੇਡਾ ਦੇ 6 ਡਿਪਲੋਮੇਟਾਂ ਨੂੰ ਵਾਪਸ ਭੇਜਣ ਦਾ ਹੁਕਮ ਦੇ ਦਿੱਤਾ। ਇਸ ਤਰ੍ਹਾਂ ਦੋਹਾਂ ਮੁਲਕਾਂ ਵਿੱਚ ਕਸ਼ੀਦਗੀ ਹੋਰ ਵਧ ਗਈ ਅਤੇ ਬਾਅਦ ਵਿੱਚ ਕੈਨੇਡਾ ਦੇ ਉੱਪ ਵਿਦੇਸ਼ ਮੰਤਰੀ ਨੇ ਹੋਰ ਅੱਗੇ ਜਾਂਦਿਆਂ ਭਾਰਤ ਦੇ ਗ੍ਰਹਿ ਮੰਤਰੀ ਅਮਿੱਤ ਸ਼ਾਹ ਦਾ ਨਾਂ ਵੀ ਮਾਮਲੇ ਵਿੱਚ ਜੋੜ ਦਿੱਤਾ ਅਤੇ ਕਿਹਾ ਕਿ ਕੈਨੇਡਾ ਵਿੱਚ ਖਾਲਿਸਤਾਨੀ ਕਾਰਕੁੰਨਾਂ ਦੇ ਕਤਲ ਲਈ ਉਨ੍ਹਾਂ ਨੇ ਹੀ ਹੁਕਮ ਦਿੱਤੇ ਸਨ। ਭਾਰਤ ਨੇ ਇਸ ਨੂੰ ਬੇਬੁਨਿਆਦ ਦੋਸ਼ ਕਿਹਾ ਹੈ। ਇਸ ਸੰਬੰਧ ਵਿੱਚ ਭਾਰਤੀ ਮੇਨ-ਸਟਰੀਮ ਮੀਡੀਆ ਤੇ ਸੋਸ਼ਲ ਮੀਡੀਆ 'ਚ ਵਿਆਪਕ ਚਰਚਾ ਹੋ ਰਹੀ ਹੈ। ਭਾਰਤ ਦੇ ਕੁਝ ਪੱਤਰਕਾਰਾਂ ਨੇ ਇੱਥੋਂ ਤੱਕ ਆਖਿਆ ਕਿ ਅਜਿਹੀਆਂ ਕਾਰਵਾਈਆਂ (ਕਤਲ) ਤਕਰੀਬਨ ਸਾਰੇ ਵੱਡੇ ਮੁਲਕ ਕਰਵਾਉਂਦੇ ਹਨ। ਹਾਲ ਹੀ ਵਿੱਚ ਇਜ਼ਰਾਇਲੀ ਖੁਫੀਆ ਏਜੰਸੀ ਮੋਸਾਦ ਵੱਲੋਂ ਹਮਾਸ ਆਗੂ ਇਸਮਾਇਲ ਹਾਨੀਆ ਦੀ ਇਰਾਨ ਵਿੱਚ ਕਤਲ ਕਰਵਾਇਆ ਗਿਆ ਹੈ। ਇੱਥੋਂ ਤੱਕ ਕੇ ਅਮਰੀਕਾ ਨੇ ਪਾਕਿਸਤਾਨ ਤੋਂ ਬਿਨਾ ਇਜਾਜ਼ਤ ਲਿਆਂ ਐਬਟਾਬਾਦ ਵਿੱਚ ਬਿਨ ਲਾਦੇਨ ਨੂੰ ਮਾਰ ਮੁਕਾਇਆ ਸੀ।

ਉਂਝ ਭਾਰਤੀ ਵਿਸ਼ਲੇਸ਼ਣਕਾਰਾਂ ਵਿੱਚ ਵੀ ਇਸ ਪੱਖ 'ਤੇ ਸਰਬਸੰਮਤੀ ਨਜ਼ਰ ਆਉਂਦੀ ਹੈ ਕਿ ਅਮਰੀਕਾ ਕੋਲ ਉਨ੍ਹਾਂ ਦੀ ਧਰਤੀ 'ਤੇ ਕਤਲ ਦੀ ਸਾਜ਼ਿਸ਼ ਦੇ ਪੁਖਤਾ ਸਬੂਤ ਹਨ, ਜਦਕਿ ਕੈਨੇਡਾ ਵੱਲੋਂ ਲਗਾਏ ਜਾ ਰਹੇ ਦੋਸ਼ ਜਾਣਕਾਰੀ ਉੱਪਰ ਆਧਾਰਤ ਅਟਕਲਾਂ ਹਨ। ਭਾਜਪਾ ਦੀ ਅਗਵਾਈ ਵਾਲੀ ਭਾਰਤ ਸਰਕਾਰ ਦੀ ਸਮੱਸਿਆ ਇਹ ਵੀ ਹੈ ਕਿ ਬਾਲਾਕੋਟ ਹਮਲੇ ਤੋਂ ਬਾਅਦ 'ਘੁਸ ਕਰ ਮਾਰੇਂਗੇ' ਹੋਛੇ ਸਿਆਸਤਾਨਾਂ ਦਾ ਤਕੀਆ ਕਲਾਮ ਬਣ ਗਿਆ ਸੀ। 'ਘੁਸ ਕਰ ਮਾਰਨ' ਦੀ ਇਹ ਕਥਿਤ ਨੀਤੀ ਬੰਗਲਾ ਦੇਸ਼, ਨੇਪਾਲ, ਸ੍ਰੀਲੰਕਾ ਆਦਿ ਮੁਲਕਾਂ ਖਿਲਾਫ ਤਾਂ ਚੱਲ ਸਕਦੀ ਹੈ, ਪਰ ਜੇ ਤੁਸੀਂ ਇਹ ਅਮਲ ਕਿਸੇ ਅਮਰੀਕਾ ਜਿਹੇ ਮੁਲਕ ਵਿੱਚ ਦੁਹਰਾਉਣ ਲੱਗੋ ਅਤੇ ਇਸ 'ਤੇ ਕੋਈ ਉਹਲਾ ਵੀ ਨਾ ਰੱਖੋ ਤਾਂ ਬਾਜ਼ੀ ਪੁੱਠੀ ਪੈਣ ਦੇ 100 ਫੀਸਦੀ ਚਾਨਸ ਬਣ ਜਾਂਦੇ ਹਨ। ਕੈਨੇਡਾ ਦੇ ਦੋਸ਼ਾਂ ਨੂੰ ਜੇ ਇੱਕ ਪਲ ਲਈ ਵੱਖ ਵੀ ਰੱਖ ਦਿੱਤਾ ਜਾਵੇ ਤਾਂ ਇਹ ਤੇ ਨਹੀਂ ਕਿਹਾ ਜਾ ਸਕਦਾ ਕਿ ਅਮਰੀਕਾ ਵੱਲੋਂ ਜੁਟਾਏ ਗਏ ਸਬੂਤ ਪੁਖਤਾ ਨਹੀਂ ਹਨ। ਫਿਰ ਇਹ ਮੁਲਕ ਇਸ ਕੇਸ ਨੂੰ ਇਨ੍ਹਾਂ ਸਬੂਤਾਂ ਸਮੇਤ ਅਦਾਲਤ ਵਿੱਚ ਲੈ ਗਿਆ ਹੈ, ਜਿੱਥੇ ਹੁਣ ਵਿਕਾਸ ਯਾਦਵ ਨਾਂ ਦੇ ਸਾਬਕਾ ਅਫਸਰ ਨੂੰ ਵਾਂਟਿਡ ਐਲਾਨਿਆ ਗਿਆ ਹੈ। ਉਂਝ ਭਾਰਤ ਨੇ ਅਮਰੀਕਾ ਵੱਲੋਂ ਸਾਹਮਣੇ ਲਿਆਂਦੇ ਗਏ ਕੇਸ ਨੂੰ ਸੰਜੀਦਗੀ ਨਾਲ ਲਿਆ ਹੈ ਅਤੇ ਇਸ ਨੂੰ ਡਿਪਲੋਮੈਟਿਕ ਪੱਧਰ 'ਤੇ ਨਜਿੱਠਣ ਦਾ ਯਤਨ ਵੀ ਕੀਤਾ ਹੈ, ਜਦਕਿ ਕੈਨੇਡਾ ਦੇ ਦੋਸ਼ਾਂ ਨੂੰ ਅਸਹਿਜ ਰੂਪ ਵਿੱਚ ਰੱਦ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਅਸਲ ਵਿੱਚ ਜਾਪਦਾ ਇਹ ਹੈ ਕਿ ਕੈਨੇਡਾ ਵੀ ਨਿੱਝਰ ਮਾਮਲੇ ਵਿੱਚ ਅਮਿੱਤ ਸ਼ਾਹ ਦਾ ਨਾਂ ਸਿਰਫ ਆਪਣੇ ਤੌਰ 'ਤੇ ਨਹੀਂ ਲੈ ਰਿਹਾ, ਸਗੋਂ ਅਮਰੀਕਾ ਨਾਲ ਸਲਾਹ ਨਾਲ ਹੀ ਅਜਿਹੇ ਦੋਸ਼ ਲਗਾਏ ਜਾ ਰਹੇ ਹਨ। ਅਮਰੀਕਾ ਦਾ ਇੱਕ ਹੋਰ ਪੱਕਾ ਯਾਰ ਬਰਤਾਨੀਆ ਵੀ ਭਾਰਤ ਨੂੰ ਸਲਾਹ ਦੇ ਰਿਹਾ ਹੈ ਕਿ ਨਿੱਝਰ ਕਤਲ ਮਾਮਲੇ ਵਿੱਚ ਭਾਰਤ ਕੈਨੇਡਾ ਨਾਲ ਸਹਿਯੋਗ ਕਰੇ। ਅਸਲ ਵਿੱਚ ਇਹ ਮੁਲਕ ਜਦੋਂ ਇਸ ਮਸਲੇ 'ਤੇ ਬੋਲਦੇ ਹਨ ਤਾਂ ਅਮਰੀਕਾ ਦੀ ਤਰਫੋਂ ਹੀ ਬੋਲਦੇ ਹਨ। ਅਮਰੀਕਾ, ਕੈਨੇਡਾ ਅਤੇ ਬਰਤਾਨੀਆ ਵਰਗੇ ਮੁਲਕਾਂ ਦੀ ਉਪਰੋਕਤ ਤਕਲੀਫ ਹੋਰ ਵੀ ਵਧ ਜਾਂਦੀ ਹੈ, ਜਦੋਂ ਭਾਰਤ ਰੂਸ ਨਾਲ ਨੇੜਤਾ ਵਧਾ ਕੇ ਚੀਨ ਨਾਲ ਫੌਜੀ ਕਸ਼ੀਦਗੀ ਤੋਂ ਖਹਿੜਾ ਛੁਡਾਉਣ ਵੱਲ ਅੱਗੇ ਵਧਣ ਲਗਦਾ ਹੈ।

ਯਾਦ ਰਹੇ, ਜਿਨ੍ਹਾਂ ਦਿਨਾਂ ਵਿੱਚ ਸ਼ੰਘਾਈ ਕਾਰਪੋਰੇਸ਼ਨ ਸਮਾਗਮ (ਪਾਕਿਸਤਾਨ), ਬਰਿਕਸ ਸੰਮੇਲਨ (ਕਜ਼ਾਨ, ਰੂਸ) ਅਤੇ ਭਾਰਤ-ਚੀਨੀ ਸਰਹੱਦ 'ਤੇ ਫੌਜਾਂ ਪਿਛੇ ਹਟਾਉਣ ਦੀਆਂ ਖਬਰਾਂ ਆ ਰਹੀਆਂ ਸਨ, ਉਨ੍ਹਾਂ ਦਿਨਾਂ ਵਿੱਚ ਹੀ ਅਮਰੀਕਾ ਅਤੇ ਕੈਨੇਡਾ ਦੀ ਭਾਰਤ ਖਿਲਾਫ ਸੁਰ ਉੱਚੀ ਹੋ ਰਹੀ ਸੀ। ਜਦੋਂ ਦੁਨੀਆਂ ਦੇ ਦੋ ਖਿੱਤਿਆਂ ਵਿੱਚ ਵੱਡੀਆਂ ਜੰਗਾਂ ਚੱਲ ਰਹੀਆਂ ਹਨ ਤਾਂ ਭਾਰਤ ਨੇ ਯਕੀਨਨ ਆਪਣੀ ਕਮਜ਼ੋਰ ਨਸਾਂ ਅਮਰੀਕਾ ਦੇ ਹੱਥ ਫੜਾ ਦਿੱਤੀਆਂ ਹਨ। ਭਾਰਤ ਜੇ ਰੂਸ, ਚੀਨ, ਇਰਾਨ ਦੇ ਗੁੱਟ ਵਿੱਚ ਪੱਕੀ ਸਾਈਡ ਲੈ ਕੇ ਤੁਰਦਾ ਹੈ ਤਾਂ ਅਮਰੀਕਾ ਉਸ ਦੀਆਂ ਲੱਤਾਂ ਖਿਚਣ ਤੋਂ ਹਿਚਕਚਾਵੇਗਾ ਨਹੀਂ। ਇਹ ਸੰਸਾਰ ਚੌਧਰ ਦੀ ਜੰਗ ਹੈ। ਅਜਿਹੀ ਹਾਲਤ ਵਿੱਚ ਉਹ ਇਨ੍ਹਾਂ ਵਿਰੋਧਾਂ ਨੂੰ ਕਿਸੇ ਅੰਜਾਮ ਤੱਕ ਪਹੁੰਚਾਉਣ ਦਾ ਯਤਨ ਵੀ ਕਰ ਸਕਦੇ ਹਨ। ਅਜਿਹੀ ਸਥਿਤੀ ਤੋਂ ਬਚਣ ਲਈ ਭਾਰਤੀ ਹਾਕਮਾਂ ਨੂੰ ਇੱਕ ਪਾਸੇ ਤਾਂ ਭਾਰਤ ਵਿੱਚ ਵੱਸਦੇ ਸਿੱਖਾਂ ਨੂੰ ਇੱਕ ਅਸਲ ਅੰਦਰੂਨੀ ਖੁਦਮੁਖਤਾਰ ਰਾਜ ਦੇ ਨਿੱਘ ਦਾ ਵਾਅਦਾ ਪੂਰਾ ਕਰਕੇ ਸੰਤੁਸ਼ਟ ਕਰਨਾ ਹੋਏਗਾ। ਦੂਜੇ ਪਾਸੇ ਮਸਲਿਆਂ ਨੂੰ ਡਿਪਲੋਮੈਟਿਕ ਸੰਜੀਦਗੀ ਨਾਲ ਨਜਿੱਠਣ ਦਾ ਵੱਲ ਵੀ ਸਿੱਖਣਾ ਹੋਏਗਾ। ਆਪਣੀਆਂ ਰਾਜਨੀਤਿਕ, ਆਰਥਕ ਅਤੇ ਸਭਿਆਚਾਰਕ ਖਾਹਿਸ਼ਾਂ ਵੱਲੋਂ ਨਾਰਾਜ਼ ਸਿੱਖ ਆਬਾਦੀ ਨੂੰ ਹੀ ਕੋਈ ਦੂਜਾ ਮੁਲਕ ਆਪਣੇ ਹਿੱਤ ਵਿੱਚ ਵਰਤ ਸਕਦਾ ਹੈ।

## 'ਫੀਅਰਲੈਸ ਫਾਰ ਜਸਟਿਸ ਮਾਰਚ'




ਕੈਲੀਫੋਰਨੀਆ ਵਿੱਚ ਸਿੱਖ ਭਾਈਚਾਰੇ ਦੇ ਇੱਕ ਹਿੱਸੇ ਵੱਲੋਂ 350 ਮੀਲ ਲੰਬਾ 'ਫੀਅਰਲੈਸ ਫਾਰ ਜਸਟਿਸ ਮਾਰਚ' ਕੀਤਾ ਗਿਆ। ਉਹ ਕਹਿ ਰਹੇ ਸਨ ਕਿ ਇਹ ਮਾਰਚ 1984 ਵਿੱਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਬਾਅਦ ਸਿੱਖ ਭਾਈਚਾਰੇ ਦੇ ਹੋਏ ਕਤਲੇਆਮ ਦੇ ਨਿਆਂ ਲਈ ਅਤੇ ਰੋਸ ਦਰਸਾਉਣ ਲਈ ਕੀਤਾ ਗਿਆ ਹੈ। ਸਿੱਖ ਕਾਰਕੁੰਨਾਂ ਨੇ ਇਹ ਮਾਰਚ ਸਿੱਖ ਕਤਲੇਆਮ ਦੀ 40ਵੀਂ ਵਰ੍ਹੇਗੰਢ ਮੌਕੇ ਕੀਤਾ ਅਤੇ ਭਾਰਤ ਸਰਕਾਰ ਦੇ ਵੱਧ ਰਹੇ ਖਤਰਿਆਂ ਤੋਂ ਸੁਰੱਖਿਆ ਦੀ ਮੰਗ ਕੀਤੀ। ਅਕਤੂਬਰ ਵਿੱਚ ਤਿੰਨ ਹਫ਼ਤਿਆਂ ਲਈ ਸਿੱਖਾਂ ਦਾ ਇੱਕ ਸਮੂਹ ਬੇਕਰਜ਼ਫੀਲਡ ਤੋਂ ਸੈਕਰਾਮੈਂਟੋ ਤੱਕ ਕੈਲੀਫੋਰਨੀਆ ਦੀ ਸੈਂਟਰਲ ਵੈਲੀ ਦੀ ਰੀੜ੍ਹ ਦੀ ਹੱਡੀ ਤੱਕ 350 ਮੀਲ ਚੱਲਿਆ।

ਇਸ ਰੋਸ ਮਾਰਚ ਨੂੰ ਸਮਾਪਤ ਕਰਦਿਆਂ ਸਟੇਟ ਕੈਪੀਟਲ ਬਿਲਡਿੰਗ ਰਾਜਧਾਨੀ ਸੈਕਰਾਮੈਂਟੋ ਸਾਹਮਣੇ ਮੁਜ਼ਾਹਰਾ ਕੀਤਾ ਗਿਆ, ਜਿਸ ਨੂੰ ਕੈਲੀਫੋਰਨੀਆ ਦੀ ਸਟੇਟ ਅਸੈਂਬਲੀ ਮੈਂਬਰ ਡੈਮੋਕ੍ਰੇਟ ਜਸਮੀਤ ਕੌਰ ਬੈਂਸ ਨੇ ਵੀ ਸੰਬੋਧਨ ਕੀਤਾ। ਉਨ੍ਹਾਂ ਦੇ ਨਾਲ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਦੇ ਅਰਬਨ ਸ਼ਹਿਰ ਐਲਕ ਗਰੋਵ ਦੇ ਮੇਅਰ ਮੈਡਮ ਬੌਬੀ ਸਿੰਘ ਐਲਨ ਨੇ ਵੀ ਸੰਬੋਧਨ ਕੀਤਾ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਕੈਲੀਫੋਰਨੀਆ ਵਿਧਾਨ ਸਭਾ ਨੇ 1984 ਵਿੱਚ ਜੋ ਕੁਝ ਹੋਇਆ, ਉਸ ਨੂੰ ਨਸਲਕੁਸ਼ੀ ਵਜੋਂ ਮਾਨਤਾ ਦਿੱਤੀ ਹੈ। ਇਸੇ ਮਹੀਨੇ ਕਾਂਗਰਸ ਵਿੱਚ ਵੀ ਅਜਿਹਾ ਹੀ ਮਤਾ ਪੇਸ਼ ਕੀਤਾ ਗਿਆ ਸੀ।

**DJ RJB Entertainment Inc.**
One of Chicagoland's leading Mobile DJ Companies.

We do all types of parties
*Weddings
*Private Parties
*Birthdays, Sweet 16's
*Engagements
*Retirement Parties
*Nightclubs
*Corporate Parties & much more!

Our company is located in Naperville, IL, but we travel nationwide.
We offer industry standard equipment, state of the art sound and lighting, and digital turntables. We will do all we can to make sure your party is one of the most memorable nights of your life

Social: Instagram
Facebook
Youtube: djrjbmusic
Website: djrjbmusic.com
Ph: 630-770-0007



**Harminder Kaur**
Realtor
Cell: 224-848-2686

harminder.kaur@cbrealty.com
www.harminderkaur.sites.cbmoxi.com
1212 S. Naper Blvd, Ste# 122
Naperville, IL 60540

COLDWELL BANKER | REALTY
Owned by a subsidiary of Anywhere Advisors LLC.

## ਵਿਅਕਤਿਤਵ ਵਿਸ਼ਲੇਸ਼ਣ

# ਕਲਿਜੁਗ ਬਾਬੇ ਤਾਰਿਆ...

ਗੁਰੂ ਨਾਨਕ ਦੇਵ ਜੀ ਮਹਾਨ ਅਤੇ ਸ੍ਰੇਸ਼ਠ ਵਿਅਕਤਿਤਵ ਦੇ ਸੁਆਮੀ ਸਨ। ਉਨ੍ਹਾਂ ਦੇ ਵਿਅਕਤਿਤਵ ਦਾ ਵਿਸ਼ਲੇਸ਼ਣ ਕਈ ਸਾਧਨਾਂ ਰਾਹੀਂ ਕੀਤਾ ਜਾ ਸਕਦਾ ਹੈ। ਪਹਿਲਾ ਸਾਧਨ ਉਨ੍ਹਾਂ ਦੀ ਬਾਣੀ ਹੈ। ਗੁਰਬਾਣੀ ਅਨੁਸਾਰ ਬਾਣੀ ਵਿੱਚ ਗੁਰੂ ਵਸਦਾ ਹੈ- ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਫੁੱਲ ਵਿੱਚ ਸੁਗੰਧੀ ਵਾਂਗ ਬਾਣੀਕਾਰ ਆਪਣੀ ਬਾਣੀ ਵਿੱਚ ਸਮਾਇਆ ਹੋਇਆ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਗੁਰੂ ਸਾਹਿਬ ਦੀ ਬਾਣੀ ਦੇ ਅਧਿਐਨ ਤੋਂ ਉਨ੍ਹਾਂ ਦੇ ਵਿਅਕਤਿਤਵ ਦੇ ਕੁਝ ਪੱਖ ਸਪੱਸ਼ਟ ਹੁੰਦੇ ਹਨ। ਉਹ ਇੱਕ ਮਹਾਨ ਮਾਨਵਤਾਵਾਦੀ ਸਨ। ਉਨ੍ਹਾਂ ਦੇ ਮਾਨਵਤਾਵਾਦ ਵਿੱਚ ਸਾਰੀ ਮਨੁੱਖਤਾ ਦੇ ਕਲਿਆਣ ਦੀ ਭਾਵਨਾ ਮੁੱਖ ਸਥਾਨ ਰੱਖਦੀ ਹੈ। ਉਹ ਜਾਤਿ-ਭੇਦ-ਭਾਵ ਦੇ ਕਠੋਰ ਵਿਰੋਧੀ ਸਨ। ਇਸਤਰੀਆਂ ਪ੍ਰਤਿ ਵੀ ਉਨ੍ਹਾਂ ਦੀ ਭਾਵਨਾ ਬੜੀ ਸਵੱਛ ਸੀ। ਉਨ੍ਹਾਂ ਦੇ ਮਾਨਵਤਾਵਾਦੀ ਹੋਣ ਦਾ ਮੁੱਖ ਕਾਰਨ ਇਹ ਸੀ ਕਿ ਉਹ ਖ਼ੁਦ ਇੱਕ ਆਦਰਸ਼ ਮਨੁੱਖ ਸਨ ਅਤੇ ਬਾਕੀਆਂ ਨੂੰ ਵੀ ਚੰਗਾ ਮਨੁੱਖ ਬਣਨ ਲਈ ਪ੍ਰੇਰਣਾ ਦਿੰਦੇ ਸਨ। ਉਹ ਸੰਸਾਰ ਵਿੱਚ ਰਹਿੰਦਿਆਂ ਵੀ ਸੰਸਾਰਿਕਤਾ ਤੋਂ ਅਭਿਜ ਸਨ। ਉਹ ਸੰਸਾਰਿਕ ਪਰਪੰਚਾਂ ਵਿੱਚ ਫਸਣ ਦੀ ਥਾਂ ਪਰਮਾਤਮ-ਪ੍ਰੇਮ ਵਿੱਚ ਲੀਨ ਸਨ। ਉਹ ਆਪਣੇ ਆਪ ਨੂੰ ਸਦਾ ਤੁੱਛ ਸਮਝਦੇ ਸਨ। ਸਾਰਾ ਜੀਵਨ ਉਹ ਸੱਚੇ ਧਰਮ ਦੇ ਪ੍ਰਚਾਰ ਲਈ ਯਤਨ ਕਰਦੇ ਰਹੇ।

ਉਹ ਬਹੁਤ ਨਿਮਰਤਾਵਾਨ ਸਨ। ਉਨ੍ਹਾਂ ਦੀ ਬਾਣੀ ਦੀ ਇੱਕ ਇੱਕ ਪੰਕਤੀ ਤੋਂ ਉਨ੍ਹਾਂ ਦੀ ਨਿਮਰਤਾ ਦਾ ਅਹਿਸਾਸ ਹੋ ਜਾਂਦਾ ਹੈ। ਉਨ੍ਹਾਂ ਲਈ ਤਾਂ ਹਮ ਨਹੀਂ ਚੰਗੇ ਬੁਰਾ ਨਹੀਂ ਕੋਇ ਇੱਕ ਵਿਵਹਾਰਿਕ ਮਾਨਤਾ ਸੀ। ਉਹ ਬਹੁਤ ਗੰਭੀਰ ਗਿਆਨਵਾਨ ਸਨ। ਉਨ੍ਹਾਂ ਦਾ ਗਿਆਨ ਇਸਲਾਮ, ਵੈਸ਼ਣਵ, ਸ਼ਾਕਤ, ਸ਼ੈਵ ਆਦਿ ਧਰਮਾਂ ਤਕ ਹੀ ਸੀਮਿਤ ਨਹੀਂ ਸੀ, ਸਗੋਂ ਵੇਦ, ਯੋਗ, ਪੁਰਾਣ, ਸ਼ਾਸਤ੍ਰ ਆਦਿ ਅਤੇ ਕਤੇਬਾਂ (ਸਾਮੀ ਧਰਮ-ਗ੍ਰੰਥਾਂ) ਦਾ ਵੀ ਉਨ੍ਹਾਂ ਨੂੰ ਕਾਫ਼ੀ ਗਿਆਨ ਸੀ। ਉਹ ਜਨਮ-ਜਾਤ ਸ੍ਰੇਸ਼ਠ ਕਵੀ ਸਨ। ਉਨ੍ਹਾਂ ਨੇ ਬੜੇ ਅਧਿਕਾਰੀ ਢੰਗ ਨਾਲ ਆਪਣੀ ਪ੍ਰਤਿਭਾ ਨੂੰ ਲੋਕ-ਕਲਿਆਣ ਲਈ ਵਿਵਹਾਰ ਵਿੱਚ ਲਿਆਂਦਾ। ਸੰਤ-ਸਾਧਕਾਂ ਵਿੱਚ ਉਨ੍ਹਾਂ ਦੀ ਬਾਣੀ ਨ ਕੇਵਲ ਭਾਵਾਂ ਦੀ ਦ੍ਰਿਸ਼ਟੀ ਤੋਂ ਹੀ ਆਪਣਾ ਮਹੱਤਵਪੂਰਣ ਸਥਾਨ ਰੱਖਦੀ ਹੈ, ਸਗੋਂ ਉਨ੍ਹਾਂ ਦਾ ਕਾਵਿ-ਪੱਖ ਵਿਸ਼ੇਸ਼ ਗੁਣ-ਸੰਪੰਨ ਹੈ।

ਗੁਰੂ ਨਾਨਕ ਦੇਵ ਜੀ ਇੱਕ ਨਿਰਭੈ ਲੋਕ-ਨਾਇਕ ਸਨ। ਆਪਣੇ ਵਿਚਾਰ ਦੀ ਸਥਾਪਨਾ ਲਈ ਉਨ੍ਹਾਂ ਨੇ ਵਾਸਤਵਿਕ ਸਥਿਤੀ ਨੂੰ ਉਘਾੜਨ ਤੋਂ ਜ਼ਰਾ ਸੰਕੋਚ ਨਹੀਂ ਕੀਤਾ। ਕਲਿਯੁਗ ਦੇ ਚਿਤ੍ਰਣ ਵੇਲੇ ਅਤੇ ਤਤਕਾਲੀਨ ਰਾਜਨੈਤਿਕ, ਧਾਰਮਿਕ ਅਤੇ ਸਮਾਜਿਕ ਵਿਵਸਥਾ ਦਾ ਵਰਣਨ ਕਰਨ ਵੇਲੇ ਉਨ੍ਹਾਂ ਨੇ ਨਿਰਸੰਕੋਚ ਸਾਰੇ ਤੱਥ ਲੋਕਾਂ ਸਾਹਮਣੇ ਰੱਖੇ। ਖ਼ੂਨ ਕੇ ਸੋਹਲੇ ਗਾਉਣ ਵਾਲੇ ਨੂੰ ਭਲਾ ਡਰ ਕਿਸ ਦਾ ਹੋ ਸਕਦਾ ਹੈ? ਪਰ ਭਗਤੀ ਦੇ ਖੇਤਰ ਵਿੱਚ ਤਾਂ ਉਹ ਪਰਮਾਤਮਾ ਦਾ ਬਹੁਤ ਡਰ ਮੰਨਦੇ ਸਨ- ਨਾਨਕ ਜਿਨ ਮਨਿ ਭਉ ਤਿਨ੍ਹਾ ਮਨਿ ਭਾਉ॥

ਗੁਰੂ ਜੀ ਦਾ ਪ੍ਰੇਮ ਕੋਈ ਸਾਧਾਰਣ ਪ੍ਰੇਮ ਨਹੀਂ ਸੀ; ਕਿਉਂਕਿ ਪ੍ਰੇਮ ਦੀ ਗਲੀ ਵਿੱਚ ਪ੍ਰਵੇਸ਼ ਕਰਨ ਲਈ ਪਹਿਲਾਂ ਸਿਰ ਨੂੰ ਤਲੀ ਉਤੇ ਧਰਨਾ ਪੈਂਦਾ ਹੈ ਅਤੇ ਜੋ ਇਸ ਮਾਰਗ ਵਿੱਚ ਇੱਕ ਵਾਰ ਅੱਗੇ ਵਧ ਜਾਂਦਾ ਹੈ, ਉਹ ਸਿਰ ਦੇਣੋ ਵੀ ਸੰਕੋਚ ਨਹੀਂ ਕਰਦਾ। ਸਲੋਕ, ਵਾਰਾਂ ਤੇ ਵਧੀਕ ਵਿੱਚ ਗੁਰੂ ਜੀ ਨੇ ਸਥਾਪਿਤ ਕੀਤਾ ਹੈ- ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ ਅਜਿਹੇ ਪ੍ਰੇਮ ਦੇ ਫਲਸਰੂਪ ਉਹ ਸਮਦਰਸ਼ੀ ਬਣ ਗਏ।

ਬਾਣੀ ਦੇ ਉਪਰੋਕਤ ਅੰਦਰਲੇ ਪ੍ਰਮਾਣਾਂ ਤੋਂ ਇਲਾਵਾ ਕੁਝ ਬਾਹਰਲੇ ਪ੍ਰਮਾਣ ਵੀ ਗੁਰੂ ਜੀ ਦੇ ਵਿਅਕਤਿਤਵ ਉਤੇ ਪ੍ਰਕਾਸ਼ ਪਾਉਂਦੇ ਹਨ। ਸਭ ਤੋਂ ਪਹਿਲਾਂ ਜਨਮ-ਸਾਖੀ ਸਾਹਿਤ ਨੂੰ ਲਈਏ ਤਾਂ ਪਤਾ ਚਲਦਾ ਹੈ ਕਿ ਉਨ੍ਹਾਂ ਨੂੰ ਪਾਰਬ੍ਰਹਮ ਦਾ ਨਿਜ ਭਗਤ ਸਮਝਿਆ ਜਾਂਦਾ ਸੀ। ਪਾਂਧੇ ਪਾਸ ਪੜ੍ਹਨ ਵੇਲੇ ਵਡਾ ਭਗਤ ਹੋਣ ਦਾ ਪ੍ਰਭਾਵ ਦਿੰਦੇ ਸਨ। ਇਸੇ ਤਰ੍ਹਾਂ ਉਨ੍ਹਾਂ ਨੂੰ ਗੁਰੂ-ਪਰਮੇਸਵਰ, ਕਰਤਾਪੁਰਖ ਦਾ ਵਜੀਰ, ਆਦਿ ਵੀ ਕਿਹਾ ਗਿਆ ਹੈ। ਵਿਲੱਖਣ ਘਟਨਾਵਾਂ ਦੇ ਘਟਣ ਵੇਲੇ ਲੋਕ ਉਨ੍ਹਾਂ ਨੂੰ ਮਹਾਪੁਰਖ ਕਹਿੰਦੇ ਸਨ, ਜੋ ਬ੍ਰਹਮਜੋਤਿ ਨਾਲ ਭਰਪੂਰ ਅਤੇ ਅੰਤਰਜਾਮੀ ਸਨ।

ਸਾਖੀਕਾਰਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਵਿਚਿਤ੍ਰ ਕਰਾਮਾਤੀ ਰੂਪ ਵਿੱਚ ਵੀ ਚਿਤਰਿਆ ਹੈ। ਉਨ੍ਹਾਂ ਦੇ ਸੰਕੇਤ ਤੋਂ ਅਸੰਭਵ ਘਟਨਾਵਾਂ ਵਾਪਰਦੀਆਂ ਹਨ, ਉਜੜਿਆ ਖੇਤ ਹਰਾ ਹੋ ਜਾਂਦਾ ਹੈ, ਦਰਖ਼ਤ ਦੀ ਛਾਇਆ ਸਥਿਰ ਹੋ ਜਾਂਦੀ ਹੈ, ਮੋਇਆ ਹਾਥੀ ਜੀ ਪੈਂਦਾ ਹੈ, ਕੌੜੇ ਰੀਠੇ ਮਿਠੇ ਹੋ ਜਾਂਦੇ ਹਨ। ਸਪੱਸ਼ਟ ਹੈ ਕਿ ਗੁਰੂ ਜੀ ਦਾ ਨਾਸ਼ ਅਤੇ ਸਿਰਜਨ ਦੀਆਂ ਸ਼ਕਤੀਆਂ ਉਤੇ ਪੂਰਾ ਅਧਿਕਾਰ ਹੈ। ਉਦਾਸੀਆਂ ਉਪਰ ਜਾਣ ਵੇਲੇ ਉਨ੍ਹਾਂ ਦੀ ਵੇਸ਼ਭੂਸ਼ਾ ਅਤੇ ਖਾਣ-ਪੀਣ ਦੀਆਂ ਵਸਤੂਆਂ ਦੇ ਆਧਾਰ 'ਤੇ ਉਹ ਵਿਲੱਖਣ ਭੇਖਧਾਰੀ ਅਤੇ ਅਦਭੁਤ ਆਹਾਰੀ ਪ੍ਰਤੀਤ ਹੁੰਦੇ ਹਨ। ਉਹ ਅਣਥਕ ਯਾਤਰੀ, ਲੋਕ-ਸੇਵਕ, ਤਰਕਸ਼ੀਲ ਉਪਦੇਸ਼ਕ, ਮਹਾਨ ਤਿਆਗੀ ਅਤੇ ਸਹਿਜ-ਧਰਮੀ ਸਨ।

ਜਨਮਸਾਖੀਆਂ ਤੋਂ ਇਲਾਵਾ ਸਿੱਖ-ਇਤਿਹਾਸ ਗ੍ਰੰਥਾਂ ਵਿੱਚ ਵੀ ਗੁਰੂ ਸਾਹਿਬ ਦੇ ਸਰੂਪ ਉਤੇ ਪ੍ਰਕਾਸ਼ ਪਾਇਆ ਗਿਆ ਹੈ। ਉਨ੍ਹਾਂ ਦੇ ਚਰਿਤ੍ਰ-ਪ੍ਰਸੰਗਾਂ ਵਿੱਚ ਪੁਰਾਣ-ਪੁਰਸ਼ਾਂ ਦੀਆਂ ਲੀਲਾਵਾਂ ਦਾ ਸਮਾਵੇਸ਼ ਕੀਤਾ ਜਾਣ ਲਗਿਆ ਅਤੇ ਸਾਧਾਰਣ ਤੋਂ ਹਟ ਕੇ ਅਤਿਮਾਨਵੀ ਸ਼ਕਤੀਆਂ ਦਾ ਆਰੋਪ ਆਪ ਦੇ ਵਿਅਕਤਿਤਵ ਵਿੱਚ ਹੋਣ ਲਗਿਆ। ਗੁਰੂ ਜੀ ਨਾਲ ਸੰਬੰਧਿਤ ਕਾਵਿ-ਸਮਗਰੀ ਵਿੱਚ ਵੀ ਉਨ੍ਹਾਂ ਦੇ ਵਿਅਕਤਿਤਵ ਦੀ ਝਲਕ ਮਿਲ ਜਾਂਦੀ ਹੈ। ਇਸ ਸੰਬੰਧ ਵਿੱਚ ਭਾਈ ਗੁਰਦਾਸ ਦੀਆਂ ਵਾਰਾਂ ਵਿਸ਼ੇਸ਼ ਉਲੇਖਯੋਗ ਹਨ। ਪਹਿਲੀ ਵਾਰ ਵਿੱਚ ਗੁਰੂ ਨਾਨਕ ਦੇਵ ਜੀ ਅਤੇ ਪਰਮਾਤਮਾ ਨੂੰ ਅਭਿੰਨ ਦਸਿਆ ਗਿਆ ਹੈ- ਇੱਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ, ਗੁਰੂ ਪਰਮੇਸਰ ਇੱਕ ਹੈ ਸਚਾ ਸਾਹ ਜਗਤ ਵਣਜਾਰਾ, ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰ ਇੱਕ ਦਿਖਾਇਆ। ਭੱਟਾਂ ਦੇ ਸਵੈਇਆਂ ਵਿੱਚ ਵੀ ਗੁਰੂ ਨਾਨਕ ਦੇਵ ਜੀ ਦੀ ਉਸਤਤ ਅਵਤਾਰੀ ਸ਼ਕਤੀ ਦੇ ਰੂਪ ਵਿੱਚ ਹੋਈ ਹੈ। ਗੁਰੂ ਜੀ ਨੂੰ ਸੱਚਾ ਪਾਤਸ਼ਾਹ ਮੰਨ ਕੇ ਲੋਕਾਂ ਦੇ ਭਵਬੰਧਨ ਕੱਟਣ ਵਾਲਾ ਦਸਿਆ ਗਿਆ ਹੈ। ਇਸ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਅਵਤਾਰੀ ਸ਼ਕਤੀਆਂ ਦਾ ਆਰੋਪਣ ਵੀ ਉਨ੍ਹਾਂ ਦੇ ਵਿਅਕਤਿਤਵ ਵਿੱਚ ਕੀਤਾ ਗਿਆ ਹੈ।

ਪੰਜਾਬ ਵਿੱਚ ਫ਼ਾਰਸੀ ਭਾਸ਼ਾ ਵਿੱਚ ਲਿਖੀਆਂ ਗਈਆ ਇਤਿਹਾਸ-ਨੁਮਾ ਰਚਨਾਵਾਂ ਵਿੱਚ ਗ਼ੈਰ-ਸਿੱਖ ਲੇਖਕਾਂ ਨੇ ਅਨੇਕ ਥਾਂਵਾਂ ਤੇ ਗੁਰੂ ਸਾਹਿਬ ਦੇ ਚਰਿਤ੍ਰ ਉਤੇ ਪ੍ਰਕਾਸ਼ ਪਾਇਆ ਹੈ। ਇਸ ਪ੍ਰਕਾਰ ਦੇ ਬਿਰਤਾਂਤਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਜੀ ਵਿਚਿਤ੍ਰ ਵਿਅਕਤਿਤਵ ਵਾਲੇ ਨਿਰ-ਲਿਪਤ, ਮਹਾਨ ਅਤੇ ਦੁੱਤੀ ਧਰਮ-ਸਾਧਕ ਸਨ, ਜੋ ਧਰਮ ਦੀ ਤੰਗਨਜ਼ਰੀ ਤੋਂ ਬਹੁਤ ਉਚੇ ਅਤੇ ਵਿਸ਼ਵ-ਭਾਈਚਾਰੇ ਵਿੱਚ ਯਕੀਨ ਰੱਖਣ ਵਾਲੇ ਸਿਧਾਂਤ ਵਜੋਂ ਇਕੇਸ਼ਵਰਵਾਦੀ ਸਨ।

ਉਪਰੋਕਤ ਤੱਥਾਂ ਦੇ ਆਧਾਰ 'ਤੇ ਸਹਿਜ ਹੀ ਕਿਹਾ ਜਾ ਸਕਦਾ ਹੈ ਕਿ ਗੁਰੂ ਜੀ ਦਾ ਵਿਅਕਤਿਤਵ ਬੜਾ ਅਦਭੁਤ ਸੀ। ਉਹ ਨਬੀ ਵੀ ਸਨ ਅਤੇ ਲੋਕ-ਨਾਇਕ ਵੀ, ਉਹ ਸਾਧਕ ਵੀ ਸਨ ਅਤੇ ਉਪਦੇਸ਼ਕ ਵੀ। ਉਹ ਸ਼ਾਇਰ ਵੀ ਸਨ ਅਤੇ ਈਸ਼ਵਰੀ ਦਰਬਾਰ ਦੇ ਢਾਡੀ ਵੀ। ਉਹ ਗ੍ਰਿਹਿਸਥੀ ਵੀ ਸਨ ਅਤੇ ਵੈਰਾਗੀ ਵੀ। ਉਨ੍ਹਾਂ ਦੀ ਸਾਧਨਾ ਵਿੱਚ ਅਪਾਰ ਸ਼ਕਤੀ ਸੀ। ਉਨ੍ਹਾਂ ਨੇ ਬਾਂਹ ਉਠਾ ਕੇ ਅਨਾਚਾਰ ਅਤੇ ਅਧਰਮ ਦੇ ਭਿਆਨਕ ਝੱਖੜ ਨੂੰ ਰੋਕ ਦਿੱਤਾ ਅਤੇ ਦੁਖਿਆਰੀ ਮਨੁੱਖਤਾ ਨੂੰ ਸ਼ਾਂਤੀ ਪ੍ਰਦਾਨ ਕੀਤੀ। ਉਹ ਉਦਾਰ ਮਨ ਵਾਲੇ ਸੁਤੰਤਰ ਚਿੰਤਕ ਸਨ। ਉਦਾਰ ਇਸ ਲਈ ਕਿ ਉਨ੍ਹਾਂ ਨੇ ਪੂਰਬ-ਵਰਤੀ ਸਾਰੇ ਦਰਸ਼ਨਾਂ, ਧਰਮਾਂ ਅਤੇ ਸੰਪਰਦਾਵਾਂ ਤੋਂ ਆਪਣੀ ਵਿਵੇਕ ਬੁੱਧੀ ਅਤੇ ਸਵੈ-ਅਨੁਭਵ ਦੀ ਕਸੌਟੀ ਉਤੇ ਪਰਖ ਕੇ, ਬਿਨਾ ਕਿਸੇ ਭੇਦ-ਭਾਵ ਦੇ, ਉਹ ਸਭ ਕੁਝ ਗ੍ਰਹਿਣ ਕਰ ਲਿਆ, ਜੋ ਸਦੀਵੀ ਸੀ, ਜਿਸ ਦੁਆਰਾ ਮਾਨਵਤਾ ਦਾ ਵਿਕਾਸ ਸੰਭਵ ਸੀ ਅਤੇ ਜੋ ਹਰ ਇੱਕ ਯੁਗ ਲਈ ਹਮੇਸ਼ਾ ਨਵਾਂ ਸੀ। ਸੁਤੰਤਰ ਚਿੰਤਕ ਉਹ ਇਸ ਲਈ ਸਨ ਕਿ ਉਨ੍ਹਾਂ ਨੇ ਕੇਵਲ ਉਹੀ ਕੁਝ ਅਪਣਾਇਆ, ਜੋ ਯੁਗ ਅਨੁਕੂਲ ਸ੍ਰੇਸ਼ਠ ਸੀ, ਬਾਕੀ ਸਭ ਕੁਝ ਉਨ੍ਹਾਂ ਦਾ ਆਪਣਾ ਸੀ। ਅਸਲ ਵਿੱਚ ਉਨ੍ਹਾਂ ਦਾ ਵਿਅਕਤਿਤਵ ਇੱਕ ਖੁਲ੍ਹੀ ਹੋਈ ਧਰਮ-ਪੁਸਤਕ ਹੈ, ਜਿਸ ਨੂੰ ਕੋਈ ਵੀ ਪੜ੍ਹ ਕੇ ਆਪਣਾ ਜੀਵਨ ਸੁਧਾਰ ਸਕਦਾ ਹੈ।

੧ਓ

**ਗੁਰੂ ਨਾਨਕ ਦੇਵ ਨੇ ਆਪਣੇ ਜੀਵਨ ਅਤੇ ਬਾਣੀ ਰਾਹੀਂ ਲੋਕ-ਚੇਤਨਾ ਪੈਦਾ ਕਰਕੇ ਇੱਕ ਨਵੇਂ ਸਭਿਆਚਾਰ ਨੂੰ ਸਿਰਜਣ ਲਈ ਤਿਆਰ ਕੀਤਾ। ਪੰਜਾਬੀ ਵਿੱਚ ਕਾਵਿ-ਰਚਨਾ ਕਰਕੇ ਇਸ ਨੂੰ ਭਾਵਾਭਿਅਕਤੀ ਦਾ ਸਾਧਨ ਬਣਾਇਆ। ਗੁਰੂ ਨਾਨਕ ਦੇਵ ਨਵੇਂ ਸਭਿਆਚਾਰ ਦੇ ਨ ਕੇਵਲ ਸਥਾਪਕ ਹੀ ਹਨ, ਸਗੋਂ ਪੰਜਾਬੀ ਭਾਸ਼ਾ ਦੇ ਵਿਕਾਸ ਦੇ ਮੋਢੀ ਵੀ ਹਨ। ਉਨ੍ਹਾਂ ਨੇ ਆਪਣੇ ਅਧਿਆਤਮਿਕ ਵਿਚਾਰਾਂ ਰਾਹੀਂ ਸੱਚੀ ਪੰਜਾਬੀਅਤ ਨੂੰ ਸਥਾਪਿਤ ਕਰਨ ਦਾ ਯਤਨ ਕੀਤਾ। ਇਸ ਤਰ੍ਹਾਂ ਉਨ੍ਹਾਂ ਨੇ ਆਪਣੀ ਬਾਣੀ ਰਾਹੀਂ ਖੜੋਤ ਨੂੰ ਖ਼ਤਮ ਕਰਕੇ ਨਵੇਂ ਅਤੇ ਨਰੋਏ ਜੀਵਨ ਦਾ ਬਿਗਲ ਵਜਾਇਆ।...ਗੁਰੂ ਜੀ ਨੇ ਸੰਕੀਰਣ ਅਤੇ ਰੂੜ੍ਹ ਧਾਰਮਿਕ ਪਰੰਪਰਾਵਾਂ ਨੂੰ ਕਿਸੇ ਤਰ੍ਹਾਂ ਦਾ ਕੋਈ ਮਹੱਤਵ ਨਹੀਂ ਦਿੱਤਾ, ਪਰ ਉਹ ਧਰਮ ਦੇ ਵਾਸਤਵਿਕ ਰੂਪ ਦੇ ਵਿਰੁੱਧ ਨਹੀਂ ਸਨ। ਅਸਲ ਵਿੱਚ ਉਨ੍ਹਾਂ ਨੇ ਪ੍ਰਚਲਿਤ ਧਰਮਾਂ ਦੇ ਮੁਕਾਬਲੇ ਸਹਿਜ-ਧਰਮ ਨੂੰ ਅਪਣਾਉਣ ਦੀ ਪ੍ਰੇਰਣਾ ਦਿੱਤੀ ਹੈ।**

# ਗੁਰੂ ਜੀ ਦੀ ਵਿਚਾਰਧਾਰਾ

ਗੁਰੂ ਜੀ ਇੱਕ ਮਹਾਨ ਯੁਗ ਪੁਰਸ਼ ਸਨ ਜਿਨ੍ਹਾਂ ਨੇ ਆਪਣੀ ਨਵੀਂ ਵਿਚਾਰਧਾਰਾ ਨਾਲ ਪ੍ਰਤਿਕੂਲ ਪਰਿਸਥਿਤੀਆਂ ਦੀ ਨੁਹਾਰ ਬਦਲੀ ਅਤੇ ਸਿੱਖ ਧਰਮ ਦੇ ਵਿਕਾਸ ਦੇ ਨਾਲ ਨਾਲ ਇੱਕ ਨਵੇਂ ਸਭਿਆਚਾਰ ਨੂੰ ਜਨਮ ਦਿੱਤਾ। ਇਹ ਸਭਿਆਚਾਰ ਕਿਸੇ ਇੱਕ ਧਰਮ ਜਾਂ ਭਾਈਚਾਰੇ ਦਾ ਸਭਿਆਚਾਰ ਨਹੀਂ ਸੀ, ਸਗੋਂ ਸਾਰੀ ਮਨੁੱਖਤਾ ਲਈ ਕਲਿਆਣਕਾਰੀ ਜੀਵਨ-ਦਰਸ਼ਨ ਸੀ, ਜਿਸ ਦੀ ਲੋਅ ਵਿੱਚ ਨਵੇਂ ਮਨੁੱਖ ਦਾ ਮਾਡਲ ਸਿਰਜਿਆ ਗਿਆ। ਗੁਰੂ ਨਾਨਕ ਦੇਵ ਜੀ, ਅਸਲ ਵਿੱਚ ਇੱਕ ਵਿਵਹਾਰਿਕ ਧਰਮ ਦੀ ਸਥਾਪਨਾ ਕਰਨ ਆਏ ਸਨ। ਖ਼ੁਸ਼ਕ ਦਰਸ਼ਨ ਦੇ ਤਰਕ ਉਨ੍ਹਾਂ ਨੂੰ ਪਸੰਦ ਨਹੀਂ ਸਨ। ਆਪਣੀ ਰਹੱਸਾਨੁਭੂਤੀ ਨੂੰ ਸਮਾਜਿਕ ਪ੍ਰਕਰਣ ਵਿੱਚ ਪੇਸ਼ ਕਰਕੇ ਉਨ੍ਹਾਂ ਨੇ ਸਭ ਦੁਆਰਾ ਅਪਣਾਏ ਜਾਣ ਯੋਗ ਅਜਿਹੇ ਧਰਮ ਦੀ ਸਥਾਪਨਾ ਕੀਤੀ, ਜਿਸ ਨੂੰ ਸਹਿਜ-ਧਰਮ ਦਾ ਨਾਂ ਦਿੱਤਾ ਜਾ ਸਕਦਾ ਹੈ। ਇਸ ਧਰਮ ਵਿੱਚ ਤੰਗਨਜ਼ਰੀ, ਅੰਧ-ਵਿਸ਼ਵਾਸ, ਰੂੜ੍ਹੀ-ਵਾਦਤਾ, ਪਰਸਪਰ ਵੈਰ-ਵਿਰੋਧ ਦਾ ਕੋਈ ਸਥਾਨ ਨਹੀਂ ਹੈ।

ਗੁਰੂ ਨਾਨਕ ਦੇਵ ਨਿਰਗੁਣ-ਬ੍ਰਹਮ ਦੇ ਉਪਾਸਕ ਸਨ। ਇਹ ਤੱਥ ਮੂਲ-ਮੰਤ੍ਰ ਤੋਂ ਹੀ ਭਲੀ-ਭਾਂਤ ਸਪੱਸ਼ਟ ਹੈ। ਨਿਰਗੁਣ ਬ੍ਰਹਮ ਦਾ ਵਰਣਨ ਕਰਨਾ ਸੰਭਵ ਨਹੀਂ, ਕਿਉਂਕਿ ਵਰਣਨ ਦੇ ਸਾਧਨਾਂ ਦੁਆਰਾ ਉਸ ਨੂੰ ਦਰਸਾਇਆ ਨਹੀਂ ਜਾ ਸਕਦਾ। ਗੁਰੂ ਜੀ ਅਨੁਸਾਰ ਪਰਮ-ਸੱਤਾ ਬੁੱਧੀ ਅਤੇ ਬਾਣੀ ਤੋਂ ਅਤੀਤ ਹੈ। ਗੁਰੂ ਜੀ ਦਾ ਸੁਭਾਅ, ਸੰਸਕਾਰ ਅਤੇ ਯੁਗ ਦੀਆਂ ਪਰਿਸਥਿਤੀਆਂ ਅਵਤਾਰਵਾਦ ਅਥਵਾ ਸਗੁਣ-ਬ੍ਰਹਮ ਨਾਲ ਸਮਝੌਤਾ ਨਹੀਂ ਕਰ ਸਕੀਆਂ। ਨਿਰਗੁਣ-ਬ੍ਰਹਮ ਸੰਬੰਧੀ ਗੁਰੂ ਜੀ ਨੇ ਉਪਨਿਸ਼ਦਾਂ ਦੇ ਚਿੰਤਨ ਤੋਂ ਇਲਾਵਾ ਸਿੱਧਾਂ, ਜੋਗੀਆਂ, ਮੁਸਲਮਾਨਾਂ, ਸੂਫ਼ੀ ਦਰਵੇਸ਼ਾਂ ਦੀਆਂ ਧਾਰਣਾਵਾਂ ਨੂੰ ਆਤਮਸਾਤ ਕਰਕੇ ਉਨ੍ਹਾਂ ਦੇ ਸਾਰ-ਭੂਤ ਤੱਤਵਾਂ ਅਤੇ ਗੁਣਾਂ ਨੂੰ ਲੋਕ-ਕਲਿਆਣ ਦੀ ਕਸੌਟੀ ਉਤੇ ਪਰਖ ਕੇ ਆਪਣੇ ਅਨੁਭਵ ਦੇ ਸੰਦਰਭ ਵਿੱਚ ਗ੍ਰਹਿਣ ਕੀਤਾ। ਇਸੇ ਲਈ ਆਪ ਦੁਆਰਾ ਪ੍ਰਤਿਪਾਦਿਤ ਬ੍ਰਹਮ ਅਰੂਪ ਅਤੇ ਨਿਰਗੁਣ ਹੁੰਦੇ ਹੋਇਆਂ ਵੀ ਨਿਸ਼ਕਰਮਾ ਨਹੀਂ, ਕਰਤਾ-ਪੁਰਖ ਅਤੇ ਆਪਣੇ ਆਪ ਹੋਂਦ ਵਿੱਚ ਆਉਣ ਵਾਲਾ ਹੈ। ਸਾਰੀ ਸ੍ਰਿਸ਼ਟੀ ਦੀ ਉਤਪੱਤੀ, ਸਥਿਤੀ ਅਤੇ ਨਾਸ਼ ਦਾ ਕਾਰਣ ਹੈ। ਗੁਰੂ ਨੇ ਪ੍ਰੇਮ ਦੀ ਭਾਵਨਾ ਅਧੀਨ ਪ੍ਰਭੁ ਨਾਲ ਕਈ ਪ੍ਰਕਾਰ ਦੇ ਸੰਬੰਧਾਂ ਦੀ ਸਥਾਪਨਾ ਵੀ ਕੀਤੀ ਹੈ। ਇਸ ਤਰ੍ਹਾਂ ਉਨ੍ਹਾਂ ਨੇ ਨਿਰਾਕਾਰ ਨੂੰ ਸਾਕਾਰ ਬਣਾਇਆ ਹੈ; ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਜਿਥੇ ਕਿਥੇ ਵੀ ਉਨ੍ਹਾਂ ਨੇ ਪਰਮਾਤਮਾ ਦਾ ਤਾਤਵਿਕ ਅਥਵਾ ਸਿਧਾਂਤਿਕ ਵਿਸ਼ਲੇਸ਼ਣ ਕੀਤਾ ਹੈ, ਉਥੇ ਉਸ ਨੂੰ ਨਿਰਗੁਣ, ਨਿਰਾਕਾਰ, ਨਿਰਲਿਪਤ, ਨਿਰੰਜਨ ਆਦਿ ਨਾਵਾਂ ਨਾਲ ਯਾਦ ਕੀਤਾ ਹੈ।

ਗੁਰੂ ਨਾਨਕ ਦੇਵ ਜੀ ਨੇ ਆਤਮਾ/ਜੀਵਾਤਮਾ ਸੰਬੰਧੀ ਵਿਚਾਰ ਪ੍ਰਗਟ ਕਰਦਿਆਂ ਪਰਮਾਤਮਾ ਅਤੇ ਆਤਮਾ ਵਿੱਚ ਕਿਸੇ ਪ੍ਰਕਾਰ ਦਾ ਕੋਈ ਤਾਤਵਿਕ ਅੰਤਰ ਨਹੀਂ ਮੰਨਿਆ। ਦੋਹਾਂ ਦੀ ਅਦਵੈਤਤਾ ਅਤੇ ਏਕਤਾ ਵਿੱਚ ਉਨ੍ਹਾਂ ਨੂੰ ਪੂਰਣ ਵਿਸ਼ਵਾਸ ਹੈ। ਅੰਸ਼-ਅੰਸ਼ੀ-ਭਾਵ ਜਾਂ ਸਮੁੰਦਰ-ਬੂੰਦ ਵਾਲੇ ਸੰਬੰਧਾਂ ਰਾਹੀਂ ਉਨ੍ਹਾਂ ਨੇ ਆਪਣੇ ਮੰਤਵ ਨੂੰ ਅਨੇਕ ਥਾਵਾਂ 'ਤੇ ਪ੍ਰਗਟ ਕੀਤਾ ਹੈ- ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ॥ (ਗੁਰੂ ਗ੍ਰੰਥ ਗ੍ਰੰਥ ਸਾਹਿਬ, ਪੰਨਾ 878); ਨਿਰਮਲ ਕਾਇਆ ਊਜਲ ਹੰਸਾ॥ ਤਿਸੁ ਵਿਚਿ ਨਾਮੁ ਨਿਰੰਜਨ ਅੰਸਾ॥ (ਪੰਨਾ 1034)

ਇਹ ਅੰਸ਼-ਅੰਸ਼ੀ-ਭਾਵ ਨ ਵਿਸ਼ਿਸ਼ਟਾਦਵੈਤਵਾਦ ਵਾਲਾ ਹੈ ਅਤੇ ਨ ਹੀ ਦਵੈਤਾਦਵੈਤਵਾਦ ਵਾਲਾ ਸਗੋਂ ਪੂਰੀ ਤਰ੍ਹਾਂ ਅਦਵੈਤਵਾਦੀ ਹੈ। ਕਿਉਂਕਿ ਇਸ ਸਥਾਪਨਾ ਦੀ ਪੁਸ਼ਟੀ ਨ ਕੇਵਲ ਗੁਰੂ ਨਾਨਕ ਦੇਵ ਦੀ ਸਮੁੱਚੀ ਅਦਵੈਤ-ਭਾਵਨਾ ਤੋਂ ਹੀ ਹੋ ਜਾਂਦੀ ਹੈ, ਸਗੋਂ ਸਮੁੰਦਰ ਅਤੇ ਬੂੰਦ ਦੇ ਦ੍ਰਿਸ਼ਟਾਂਤ ਅਤੇ ਸਾਰੇ ਜੀਵਾਂ ਵਿੱਚ ਪਰਮਾਤਮਾ ਦੇ ਪ੍ਰਤਿਬਿੰਬ ਨੂੰ ਦੇਖਣ ਦੀ ਧਾਰਨਾ ਤੋਂ ਵੀ ਹੋ ਜਾਂਦੀ ਹੈ- ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥ (ਪੰਨਾ 663)

ਜੀਵਾਂ ਵਿੱਚੋਂ ਸ੍ਰੇਸ਼ਠ ਜੀਵ ਮਨੁੱਖ ਹੈ। ਇਸ ਲਈ ਮਨੁੱਖ ਜਨਮ ਦੁਰਲਭ ਹੈ। ਸੁਭਾਅ, ਭਾਵਨਾ, ਅਵਸਥਾ ਅਤੇ ਆਚਾਰ ਦੀ ਦ੍ਰਿਸ਼ਟੀ ਤੋਂ ਮਨੁੱਖ ਦੇ ਦੋ ਮੁੱਖ ਭੇਦ ਹਨ- ਗੁਰਮੁਖ ਅਤੇ ਮਨਮੁਖ। ਗੁਰੂ ਦੇ ਅਨੁਕੂਲ ਚੱਲਣ ਵਾਲਾ ਮਨੁੱਖ ਗੁਰਮੁਖ ਹੈ ਅਤੇ ਮਨ ਅਨੁਸਾਰ ਚਲਣ ਵਾਲਾ ਵਿਅਕਤੀ ਮਨਮੁਖ ਹੈ। ਮਨ ਮਨੁੱਖੀ ਸ਼ਰੀਰ ਦੀ ਬੜੀ ਪ੍ਰਬਲ ਸ਼ਕਤੀ ਹੈ। ਇਸ ਨੂੰ ਜਿੱਤਣਾ ਜਗਤ ਨੂੰ ਜਿੱਤਣ ਦੇ ਤੁਲ ਹੈ। ਮਨ ਨੂੰ ਮਾਰਨ ਤੋਂ ਬਿਨਾ ਅਲੌਕਿਕ ਆਨੰਦ ਦੀ ਪ੍ਰਾਪਤੀ ਨਹੀਂ ਹੁੰਦੀ।

ਸ੍ਰਿਸ਼ਟੀ ਦਾ ਚਿਤ੍ਰਣ ਕਰਦਿਆਂ ਗੁਰੂ ਜੀ ਨੇ ਪਰਮਾਤਮਾ ਨੂੰ ਇਸ ਦਾ ਰਚੈਤਾ ਅਤੇ ਸੰਚਾਲਕ ਮੰਨਿਆ ਹੈ। ਉਹ ਇਸ ਦਾ ਉਪਾਦਾਨ ਕਾਰਨ ਹੀ ਨਹੀਂ, ਨਿਮਿਤ ਕਾਰਨ ਵੀ ਹੈ। ਸਾਰੀ ਸ੍ਰਿਸ਼ਟੀ ਉਸ ਦੇ ਭੈ ਵਿੱਚ ਕ੍ਰਿਆਸ਼ੀਲ ਹੈ- ਤੁਧੁ ਆਪੇ ਜਗਤੁ ਉਪਾਇਕੈ ਤੁਧੁ ਆਪੇ ਧੰਧੈ ਲਾਇਆ॥ (ਪੰਨਾ 138) ਇਸ ਸ੍ਰਿਸ਼ਟੀ ਦਾ ਰਚਨਾ-ਕਾਲ ਅਗਿਆਤ ਹੈ। ਇਸ ਤੱਥ ਨੂੰ ਜਾਣਨ ਦੇ ਸਮਰਥ ਕੇਵਲ ਪਰਮਾਤਮਾ ਖ਼ੁਦ ਹੈ- ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥ (ਪੰਨਾ 4) ਸ੍ਰਿਸ਼ਟੀ ਤੋਂ ਪਹਿਲਾਂ ਦੀ ਅਫੁਰ ਅਵਸਥਾ ਤੋਂ ਪਰਮਾਤਮਾ ਨੇ ਖ਼ੁਦ ਆਪਣੀ ਲੀਲ੍ਹਾ ਦੇਖਣ ਲਈ ਜਗਤ ਦੀ ਰਚਨਾ ਕੀਤੀ ਹੈ। ਸ੍ਰਿਸ਼ਟੀ ਦੇ ਉਤਪੱਤੀ-ਕ੍ਰਮ ਬਾਰੇ ਵੀ ਗੁਰੂ ਜੀ ਨੇ ਸੰਕੇਤ ਕੀਤਾ ਹੈ, ਪਰ ਕਿਸੇ ਨਿਸ਼ਚਿਤ ਕ੍ਰਮ ਦੀ ਸਥਾਪਨਾ ਨਹੀਂ ਕੀਤੀ। ਇਹ ਸ੍ਰਿਸ਼ਟੀ ਅਨੰਤ ਹੈ। ਇਸ ਅਨੰਤਤਾ ਨੂੰ ਰਚੈਤਾ ਤੋਂ ਬਿਨਾ ਹੋਰ ਕੋਈ ਨਹੀਂ ਜਾਣ ਸਕਦਾ। ਉਹ ਆਪਣੀ ਇੱਛਾ ਅਨੁਸਾਰ ਇਸ ਦੀ ਰਚਨਾ ਕਰਦਾ ਹੈ ਅਤੇ ਫਿਰ ਆਪਣੀ ਮਰਜ਼ੀ ਨਾਲ ਹੀ ਆਪਣੇ ਵਿੱਚ ਸਮੋ ਲੈਂਦਾ ਹੈ। ਗੁਰੂ-ਕਵੀ ਅਨੁਸਾਰ ਇਹ ਜਗਤ ਸਤਿ ਤੇ ਅਸਤਿ ਦੋਵੇਂ ਹੈ। ਇਸ ਜਗਤ ਦਾ ਮੂਲਾਧਾਰ ਤੱਤਵ ਪਰਮਾਤਮਾ ਚੂੰਕਿ ਸਚਾ ਹੈ, ਇਸ ਲਈ ਸ੍ਰਿਸ਼ਟੀ ਵੀ ਸਚੀ ਹੈ- ਜਾ ਤੂੰ ਸਚਾ ਤਾ ਸਭੁ ਕੋ ਸਚਾ ਕੂੜਾ ਕੋਇ ਨ ਕੋਈ॥ (ਪੰਨਾ 145), ਪਰ ਇਹ ਸਤਿਅਤਾ ਪਰਮਾਰਥਿਕ ਨਹੀਂ, ਵਿਵਹਾਰਿਕ ਹੈ। ਪਰਮਾਰਥਿਕ ਸਤਿ ਤਾਂ ਕੇਵਲ ਪਰਮਾਤਮਾ ਹੈ। ਇਸ ਦ੍ਰਿਸ਼ਟੀ ਤੋਂ ਜਗਤ ਅਸਤਿ ਹੈ।

ਗੁਰੂ ਜੀ ਨੇ ਸੰਸਾਰਿਕਤਾ ਦੇ ਮੂਲ ਵਿੱਚ ਕੰਮ ਕਰ ਰਹੀ ਮਾਇਆ ਨੂੰ ਅਤੱਤਵ ਵਿੱਚ ਤੱਤਵ ਬੁੱਧੀ ਵਜੋਂ ਦਰਸਾਇਆ ਹੈ। ਜਗਤ ਅਤੇ ਜਗਤ ਦਾ ਸੰਪੂਰਣ ਪਰਪੰਚ ਮਾਇਆ ਦਾ ਪਸਾਰਾ ਹੈ। ਇਹ ਅਸੀਮ, ਵਿਭਚਾਰੀ ਅਤੇ ਵਿਘਨਕਾਰੀ ਸ਼ਕਤੀ ਹੈ, ਪਰ ਇਸ ਦੀ ਕੋਈ ਸੁਤੰਤਰ ਸੱਤਾ ਨਹੀਂ, ਸਗੋਂ ਇਹ ਪ੍ਰਭੂ ਦੇ ਅਧੀਨ ਹੈ। ਕੁਦਰਤ ਇਸ ਦਾ ਵਿਰਾਟ ਰੂਪ ਹੈ ਅਤੇ ਪ੍ਰਾਣੀ ਇਸ ਦਾ ਸੰਕੁਚਿਤ ਰੂਪ। ਇਹ ਮਨੁੱਖ ਦੇ ਮਨ ਨੂੰ ਵਸ ਵਿੱਚ ਰਖਦੀ ਹੈ।

ਗੁਰੂ ਨਾਨਕ ਦੇਵ ਨੇ ਪਰਮਾਤਮਾ ਵਿੱਚ ਇਕਾਤਮਕਤਾ ਅਥਵਾ ਲੀਨਤਾ ਨੂੰ ਮੁਕਤੀ ਮੰਨਿਆ ਹੈ। ਜਦੋਂ ਅਗਿਆਨ ਦਾ ਪਰਦਾ ਹਟ ਜਾਂਦਾ ਹੈ, ਤਾਂ ਪਹਿਲਾਂ ਤੋਂ ਪ੍ਰਾਪਤ ਵਸਤੂ ਦੀ ਹੀ ਪੁਨਰ-ਪ੍ਰਾਪਤੀ ਹੋ ਜਾਂਦੀ ਹੈ। ਬੈਕੁੰਠ ਵਾਲੀ ਮੁਕਤੀ ਵਿੱਚ ਗੁਰੂ ਜੀ ਦਾ ਵਿਸ਼ਵਾਸ ਨਹੀਂ, ਕਿਉਂਕਿ ਉਨ੍ਹਾਂ ਦੀ ਪ੍ਰਮੁਖ ਅਭਿਲਾਸ਼ਾ ਅਜਿਹੀ ਮੁਕਤੀ ਨਹੀਂ, ਸਗੋਂ ਪ੍ਰਭੂ ਦਾ ਦਰਸ਼ਨ ਜਾਂ ਸਾਖਿਆਤਕਾਰ ਹੈ, ਜਿਸ ਦੇ ਸਾਹਮਣੇ ਹੋਰ ਸਭ ਕੁਝ ਵਿਅਰਥ ਹੈ- ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ॥ (ਪੰਨਾ 360) ਅਜਿਹੀ ਅਵਸਥਾ ਦੀ ਪ੍ਰਾਪਤੀ ਗੁਰੂ ਜੀ ਨੇ ਕਰਮ-ਕਾਂਡਾਂ ਜਾਂ ਬਾਹਰਲੇ ਆਡੰਬਰਾਂ ਦੁਆਰਾ ਸੰਭਵ ਨਹੀਂ ਮੰਨੀ। ਪਰਮਾਤਮਾ ਦਾ ਹੁਕਮ, ਉਸ ਦੀ ਅਤੇ ਗੁਰੂ ਦੀ ਕ੍ਰਿਪਾ-ਦ੍ਰਿਸ਼ਟੀ, ਪ੍ਰੇਮ-ਭਗਤੀ ਅਤੇ ਸੇਵਾ ਦੁਆਰਾ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ। ਇਹ ਮੁਕਤੀ ਮਰਨ ਤੋਂ ਬਾਅਦ ਪ੍ਰਾਪਤ ਹੋਣ ਵਾਲੀ ਕੋਈ ਅਵਸਥਾ ਨਹੀਂ, ਜੀਉਂਦੇ-ਜੀ ਹੀ ਇਸ ਦੀ ਪ੍ਰਾਪਤੀ ਹੋ ਸਕਦੀ ਹੈ। ਇਸ ਨੂੰ ਗੁਰੂ ਜੀ ਨੇ ਜੀਵਨ-ਮੁਕਤੀ ਦਾ ਨਾਂ ਦਿੱਤਾ ਹੈ।

ਸਪੱਸ਼ਟ ਹੈ ਕਿ ਭਾਵੇਂ ਗੁਰੂ ਜੀ ਦਰਸ਼ਨ ਆਚਾਰਯ ਨਹੀਂ ਸਨ, ਪਰ ਉਨ੍ਹਾਂ ਦੇ ਅਧਿਆਤਮਿਕ ਵਿਚਾਰਾਂ ਨੇ ਉਨ੍ਹਾਂ ਨੂੰ ਦਾਰਸ਼ਨਿਕ ਬਣਾ ਦਿੱਤਾ ਸੀ। ਸਮੁੱਚੇ ਤੌਰ 'ਤੇ ਉਹ ਅਦਵੈਤਵਾਦੀ ਸਨ, ਪਰ ਉਨ੍ਹਾਂ ਦਾ ਅਦਵੈਤਵਾਦ ਸ਼ੰਕਰ ਦੇ ਅਦਵੈਤਵਾਦ ਤੋਂ ਭਿੰਨ ਉਨ੍ਹਾਂ ਦੀ ਨਿਜੀ ਪ੍ਰਤਿਭਾ ਤੇ ਆਧਾਰਿਤ ਅਤੇ ਯੁਗ ਦੀਆਂ ਸਮੱਸਿਆਵਾਂ ਦਾ ਸਮਾਧਾਨ ਕਰਨ ਵਾਲਾ ਸੀ। ਇਸ ਤਰ੍ਹਾਂ ਗੁਰੂ ਨਾਨਕ ਦੇਵ, ਇੱਕ ਨਵੇਂ ਅਦਵੈਤਵਾਦ ਨੂੰ ਜਨਮ ਦਿੰਦੇ ਹਨ, ਜਿਸ ਨੂੰ ਸਹਿਜ-ਅਦਵੈਤਵਾਦ ਦਾ ਨਾਂ ਦਿੱਤਾ ਜਾ ਸਕਦਾ ਹੈ।

***('ਸਿੱਖ ਪੰਥ ਵਿਸ਼ਵਕੋਸ਼' ਵਿੱਚੋਂ ਧੰਨਵਾਦ ਸਹਿਤ)***

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧ ਜਗ ਚਾਨਣ ਹੋਆ

ੴ

ਜਗਤ ਜਲੰਦੇ ਦੇ ਤਾਰਣਹਾਰ
ਗੁਰੂ ਨਾਨਕ ਪਾਤਿਸ਼ਾਹ
ਦੇ ਪ੍ਰਕਾਸ਼ ਪੁਰਬ ਦੀ

# ਕੁੱਲ ਲੋਕਾਈ ਨੂੰ ਵਧਾਈ

ਗੁਰੂ ਨਾਨਕ ਸਾਹਿਬ ਦਾ ਮਿਹਰ ਭਰਿਆ ਹੱਥ ਸਭਨਾਂ ਦੇ ਸਿਰ ਉਤੇ ਬਣਿਆ ਰਹੇ



ਬੇਅੰਤ ਸਿੰਘ ਬੋਪਾਰਾਏ ਤੇ ਨਰਿੰਦਰ ਕੌਰ ਬੋਪਾਰਾਏ
ਗੁਰਪੌਲ ਸਿੰਘ ਬੋਪਾਰਾਏ ਤੇ ਰਿਆਨ ਸਿੰਘ ਬੋਪਾਰਾਏ
(ਮਿਲਵਾਕੀ, ਵਿਸਕਾਨਸਿਨ)



'ਅਕਾਲ ਰੂਪ' ਗੁਰੂ ਨਾਨਕ ਪਾਤਿਸ਼ਾਹ ਦੇ
ਪ੍ਰਕਾਸ਼ ਪੁਰਬ ਦੀਆਂ ਕੁਲ ਲੋਕਾਈ ਨੂੰ
ਧਾਲੀਵਾਲ ਪਰਿਵਾਰ ਵੱਲੋਂ

# ਬਹੁਤ ਬਹੁਤ ਵਧਾਈਆਂ



ਜਸਕਰਨ ਸਿੰਘ ਧਾਲੀਵਾਲ ਅਤੇ ਪਰਿਵਾਰ (ਸ਼ਿਕਾਗੋ)
ਫੋਨ: 630-290-7993



ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥

# ਕੁੱਲ ਲੋਕਾਈ ਨੂੰ 'ਦੀਨ ਦੁਨੀਆ ਦੇ ਪਾਤਿਸਾਹੁ' ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਦੀ

# ਲੱਖ ਲੱਖ ਵਧਾਈ ਹੋਵੇ

**ਵੱਲੋਂ: ਮੈਡੀਸਨ (ਵਿਸਕਾਨਸਿਨ) ਗਰੁੱਪ**



ਲਖਬੀਰ ਸਿੰਘ ਢੀਂਡਸਾ



ਦੀਦਾਰ ਸਿੰਘ ਧਨੋਆ



ਗੁਰਿੰਦਰਜੀਤ ਸਿੰਘ ਗਰੇਵਾਲ



ਇੰਦਰਬੰਸ ਸਿੰਘ ਬਰਾੜ



ਸੁਰਿੰਦਰ ਸਿੰਘ ਪਾਂਗਲੀ



ਨਿਰਭੈ ਸਿੰਘ ਪਾਂਗਲੀ



ਨਵਤੇਜ ਸਿੰਘ ਗਿੱਲ



ਰੇਸ਼ਮ ਸਿੰਘ



ਜਪਤੇਜ ਸਿੰਘ ਔਲਖ

**ਵੰਡ '47 ਦੀ** **ਕਿਸ਼ਤ ਛੇਵੀਂ**


## ਸੰਤਾਲੀ ਮੌਕੇ ਵੱਖਰਾ ਸਿੱਖ ਮੁਲਕ ਨਾ ਬਣ ਸਕਣ ਦੀ ਅਸਲੀਅਤ ਕੀ ਹੈ?

# ਸਿੱਖਾਂ ਨੇ ਆਪਦੇ ਪੈਰੀਂ ਆਪ ਕੁਹਾੜੇ ਮਾਰੇ !

***1947 ਦੇ ਮੁਲਕੀ ਵੰਡ-ਵੰਡਾਰੇ ਦੇ ਦੁਖਾਂਤ ਲਈ ਅਸਲ ਕਾਰਨ ਕੀ ਬਣੇ ਜਾਂ ਕਿਸ ਤਰ੍ਹਾਂ ਪ੍ਰਸਥਿਤੀਆਂ ਪੈਦਾ ਹੁੰਦੀਆਂ ਗਈਆਂ; ਜਾਂ ਇਸ ਸਭ ਲਈ ਅਸਲ ਦੋਸ਼ੀ ਕੌਣ ਸਨ? ਬਾਰੇ ਲਿਖਿਆ ਹਥਲਾ ਲੇਖ ਬਹੁਤ ਧਿਆਨ ਮੰਗਦਾ ਹੈ। 'ਮੁਲਕ ਦੀ ਵੰਡ ਦੇ ਬੀਜ' ਦੇ ਇਰਦ-ਗਿਰਦ ਜੁੜਦੀਆਂ ਗਈਆਂ ਜਾਂ ਪੈਦਾ ਕੀਤੀਆਂ ਗਈਆਂ ਘਟਨਾਵਾਂ ਦੇ ਪਰਿਪੇਖ ਵਿੱਚ ਵੱਖਰੇ ਕੋਣ ਤੋਂ ਨਜ਼ਰੀਆ ਜਾਹਰ ਕੀਤਾ ਗਿਆ ਹੈ। ਲੇਖਕ ਦੇ ਵਿਚਾਰਾਂ ਨਾਲ 'ਪੰਜਾਬੀ ਪਰਵਾਜ਼' ਦਾ ਸਹਿਮਤ ਹੋਣਾ ਜਾਂ ਨਾ ਹੋਣਾ ਜ਼ਰੂਰੀ ਨਹੀਂ, ਪਰ ਇਸ ਮਾਮਲੇ ਬਾਰੇ ਅਸੀਂ ਇਹ ਲੇਖ ਪਾਠਕਾਂ ਦੀ ਕਚਹਿਰੀ ਵਿੱਚ ਪੇਸ਼ ਕਰ ਰਹੇ ਹਾਂ, ਜਿਸ ਵਿੱਚ '1947 ਦੀ ਵੰਡ ਮੌਕੇ ਵੱਖਰਾ ਸਿੱਖ ਮੁਲਕ ਨਾ ਬਣ ਸਕਣ ਦੀ ਅਸਲੀਅਤ ਕੀ ਹੈ?' ਉਤੇ ਵੀ ਚਰਚਾ ਕੀਤੀ ਗਈ ਹੈ। ਪੇਸ਼ ਹੈ, '47 ਦੀ ਵੰਡ ਬਾਬਤ ਲੰਮੇ ਲੇਖ ਦੀ ਛੇਵੀਂ ਕਿਸ਼ਤ, ਜਿਸ ਵਿੱਚ 'ਕਮਿਊਨਲ ਐਵਾਰਡ' ਸਮੇਤ ਜ਼ਿਕਰ ਕੀਤਾ ਗਿਆ ਹੈ ਕਿ 1947 ਮੌਕੇ ਸਿੱਖ ਕੌਮ ਦਾ ਇੱਕ ਫੀਸਦੀ ਹਿੱਸਾ ਵੀ ਵੱਖਰੇ ਮੁਲਕ ਦਾ ਹਾਮੀ ਨਹੀਂ ਸੀ। ਸੋ, ਇਕੱਲੀ ਲੀਡਰਸ਼ਿਪ ਨੂੰ ਦੋਸ਼ ਦੇਣਾ ਵਾਜਿਬ ਨਹੀਂ ਹੈ!***

**ਮਸਲੇ**

**ਗੁਰਪ੍ਰੀਤ ਸਿੰਘ ਮੰਡਿਆਣੀ**
**ਫੋਨ: +91-8872664000**



ਆਮ ਤੌਰ 'ਤੇ ਅੱਜ-ਕੱਲ੍ਹ ਦੇ ਸਿੱਖ ਉਦੋਂ ਦੇ ਸਿੱਖ ਲੀਡਰਾਂ ਵਿੱਚ ਹੀ ਕਸੂਰ ਕੱਢਦੇ ਨੇ ਅਤੇ ਉਨ੍ਹਾਂ ਨੇ ਇਹ ਪੜਚੋਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਸਿੱਖ ਲੀਡਰਾਂ ਦੀਆਂ ਇਨ੍ਹਾਂ ਹਰਕਤਾਂ ਨੂੰ ਸਿੱਖ ਕੌਮ ਨੇ ਕਿੰਨੀ ਕੁ ਮਾਨਤਾ ਦਿੱਤੀ। ਆਪਣੇ ਅਵਾਮ ਦੀ ਹਮਾਇਤ ਤੋਂ ਬਿਨਾ ਕਿਸੇ ਲੀਡਰ ਦੀ ਲੀਡਰੀ ਇੱਕ ਦਿਹਾੜੀ ਵੀ ਟਿੱਕ ਨਹੀਂ ਸਕਦੀ। ਮੋਦੀ ਤੋਂ ਪਹਿਲਾਂ ਲਾਲ ਕ੍ਰਿਸ਼ਨ ਅਡਵਾਨੀ ਭਾਰਤੀ ਜਨਤਾ ਪਾਰਟੀ ਭਾਵ ਹਿੰਦੂਆਂ ਦਾ ਬਹੁਤ ਹੀ ਹਰਮਨ ਪਿਆਰਾ ਲੀਡਰ ਰਿਹਾ ਹੈ। ਭਾਜਪਾ ਦਾ ਕੌਮੀ ਪ੍ਰਧਾਨ ਹੁੰਦਿਆਂ ਉਹ ਪਾਕਿਸਤਾਨ ਵਿੱਚ ਮੁਹੰਮਦ ਅਲੀ ਜਨਾਹ ਦੀ ਕਬਰ 'ਤੇ ਫੁੱਲਾਂ ਦਾ ਹਾਰ ਚੜ੍ਹਾ ਕੇ ਆਇਆ, ਇਹ ਗੱਲ 4 ਜੂਨ 2005 ਦੀ ਹੈ। ਉਹਦੀ ਇਹ ਹਰਕਤ ਹਿੰਦੂਆਂ ਨੂੰ ਚੰਗੀ ਨਾ ਲੱਗੀ। ਜਿਹੜੇ ਲੋਕ ਅਡਵਾਨੀ ਨੂੰ ਹੱਥੀਂ ਛਾਵਾਂ ਕਰਦੇ ਸੀ, ਉਹੀ ਅਡਵਾਨੀ ਦੇ ਪੁਤਲੇ ਫੂਕਣ ਲੱਗੇ। ਅਖੀਰ ਅਡਵਾਨੀ ਨੂੰ ਪ੍ਰਧਾਨਗੀ ਤੋਂ ਅਸਤੀਫਾ ਦੇ ਕੇ ਜਾਨ ਛੁਡਾਉਣੀ ਪਈ। ਕੋਈ ਵੀ ਲੀਡਰ ਕਿਸੇ ਕੌਮ ਦਾ ਉਦੋਂ ਤੱਕ ਹੀ ਲੀਡਰ ਰਹਿ ਸਕਦਾ ਹੈ, ਜਦੋਂ ਤੱਕ ਉਹ ਕੌਮੀ ਜਜ਼ਬਾਤ ਦੇ ਨਾਲ ਚੱਲਦਾ ਹੈ। ਨਹੀਂ ਤਾਂ ਅਡਵਾਨੀ ਵਾਗੂੰ ਕੀਤੀ ਕਿਸੇ ਇੱਕ ਕੁਤਾਹੀ ਵਾਂਗ ਹੀ ਅਰਸ਼ ਤੋਂ ਫਰਸ਼ 'ਤੇ ਆ ਜਾਂਦਾ ਹੈ; ਪਰ ਇਹ ਦੇਖਣ ਵਿੱਚ ਨਹੀਂ ਆਇਆ ਕਿ ਸਿੱਖ ਆਗੂਆਂ ਦੀਆਂ ਇਨ੍ਹਾਂ ਹਰਕਤਾਂ ਨੂੰ ਸਿੱਖ ਕੌਮ ਨੇ ਕਦੇ ਗਲਤ ਕਿਹਾ ਹੋਵੇ; ਬਲਕਿ ਅਜਿਹੇ ਆਗੂਆਂ ਨੂੰ ਗਲਤ ਕਹਿਣ ਵਾਲੇ ਲੋਕਾਂ ਨੂੰ ਸਿੱਖ ਕੌਮ ਨੇ ਗਲਤ ਕਿਹਾ।

ਇਹ ਗੱਲ ਨਹੀਂ ਸੀ ਕਿ ਉਸ ਵੇਲੇ ਸਿੱਖਾਂ ਦੀ ਸਿਰਫ ਇਹੀ ਲੀਡਰਸ਼ਿਪ ਸੀ ਜਿਹੜੀ ਅੰਗਰੇਜ਼ਾਂ, ਮੁਸਲਮਾਨਾਂ ਦੇ ਬਰਖਿਲਾਫ ਅਤੇ ਕਾਂਗਰਸ ਦੇ ਹੱਕ ਵਿੱਚ ਤੁਰਨ ਦੀ ਨੀਤੀ 'ਤੇ ਚੱਲ ਰਹੀ ਸੀ; ਬਲਕਿ ਦੂਜੇ ਪਾਸੇ ਚੀਫ ਖਾਲਸਾ ਦੀਵਾਨ ਵਾਲੀ ਲੀਡਰਸ਼ਿਪ ਵੀ ਸਿੱਖਾਂ ਵਿੱਚ ਸੀਗੀ, ਜਿਹੜੀ ਇਸ ਲਾਈਨ ਦੀ ਹਾਮੀ ਸੀ ਕਿ ਸਿੱਖਾਂ ਨੂੰ ਜੋ ਕੁਝ ਮਿਲਣਾ ਹੈ, ਅੰਗਰੇਜ਼ਾਂ ਹੱਥੋਂ ਹੀ ਮਿਲਣਾ ਹੈ; ਪਰ ਸਿੱਖ ਅਵਾਮ ਨੇ ਇਨ੍ਹਾਂ ਨੂੰ ਅੰਗਰੇਜ਼ਾਂ ਦੇ ਪਿੱਠੂ ਹੋਣ ਦਾ ਬੱਦੂ ਨਾਮ ਦਿੱਤਾ।

***1955 ਵਿੱਚ ਲੱਗੇ ਪੰਜਾਬੀ ਸੂਬੇ ਮੋਰਚੇ ਦੌਰਾਨ ਸਿੱਖਾਂ ਦੀਆਂ ਮੰਗਾਂ ਨੂੰ ਦਬਾਉਣ ਖਾਤਰ ਉਸ ਮੌਕੇ ਜੋ ਸਰਕਾਰ ਨੇ ਤਸ਼ੱਦਦ ਕੀਤਾ ਤਾਂ ਜਾ ਕੇ ਇਹ ਗੱਲ ਬਹੁਤ ਪਤਲੀ ਸ਼ਕਲ ਵਿੱਚ ਤੁਰਨੀ ਸ਼ੁਰੂ ਹੋਈ ਕਿ ਸਿੱਖ ਲੀਡਰਸ਼ਿਪ ਨੇ 1947 ਵਿੱਚ ਸਿੱਖਾਂ ਲਈ ਵੱਖਰਾਂ ਮੁਲਕ ਨਾ ਲੈ ਕੇ ਗਲਤੀ ਕੀਤੀ ਹੈ। 1982 ਵਿੱਚ ਧਰਮ ਯੁੱਧ ਮੋਰਚੇ ਦੌਰਾਨ ਅਤੇ 1984 ਦੇ ਘੱਲੂਘਾਰੇ ਤੋਂ ਬਾਅਦ ਇਹ ਚਰਚਾ ਹੋਰ ਉੱਭਰਵੀਂ ਸ਼ਕਲ ਵਿੱਚ ਜਾਹਰ ਹੋਈ; ਪਰ ਅੱਜ ਵੀ ਸਿੱਖਾਂ ਦੀ ਆਟੇ 'ਚ ਲੂਣ ਜਿੰਨੀ ਮਿਕਦਾਰ ਹੀ ਇਹ ਕਹਿੰਦੀ ਹੈ ਕਿ ਸਿੱਖ ਲੀਡਰਸ਼ਿਪ ਨੇ ਉਦੋਂ ਗਲਤੀ ਕੀਤੀ। ਅੱਜ ਦੇ ਹਿਸਾਬ ਨਾਲ 1947 ਮੌਕੇ ਦੀ ਸਿੱਖ ਕੌਮ ਦੀ ਸੋਚ ਦਾ ਜੇ ਅੰਦਾਜ਼ਾ ਲਾਈਏ ਤਾਂ ਇਹ ਕਹਿ ਸਕਦੇ ਹਾਂ ਕਿ ਉਦੋਂ ਸਿੱਖ ਕੌਮ ਦਾ ਇੱਕ ਫੀਸਦੀ ਹਿੱਸਾ ਵੀ ਵੱਖਰੇ ਮੁਲਕ ਦਾ ਹਾਮੀ ਨਹੀਂ ਹੋਣਾ।***

ਇਸ ਤੋਂ ਇਲਾਵਾ ਉਨ੍ਹਾਂ ਨੂੰ ਵੋਟਾਂ ਵਿੱਚ ਹਰਾਉਂਦੇ ਵੀ ਰਹੇ। ਸੁੰਦਰ ਸਿੰਘ ਮਜੀਠੀਆ ਦੀ ਅਗਵਾਈ ਵਾਲੇ ਚੀਫ ਖਾਲਸਾ ਦੀਵਾਨ ਨੂੰ 1937 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਦੇ ਮੁਕਾਬਲੇ ਹਾਰ ਹੋਈ। 1942 ਵਿੱਚ ਦੀਵਾਨ ਦੀਆਂ ਸੀਟਾਂ ਹੋਰ ਘੱਟ ਗਈਆਂ ਤੇ ਅਕਾਲੀ ਦਲ ਦੀਆਂ ਵਧੀਆਂ। 1946 ਦੀਆਂ ਚੋਣਾਂ ਵਿੱਚ ਚੀਫ ਖਾਲਸਾ ਦੀਵਾਨ ਦਾ ਮੁਕੰਮਲ ਸਫਾਇਆ ਹੋ ਗਿਆ ਤੇ ਅਕਾਲੀ ਦਲ ਸਿੱਖਾਂ ਦੀ ਇੱਕੋ ਇੱਕ ਨੁਮਾਇੰਦਾ ਜਮਾਤ ਬਣ ਕੇ ਉੱਭਰੀ।

ਇੱਥੇ ਜ਼ਿਕਰਯੋਗ ਹੈ ਕਿ ਇਹ ਤਿੰਨੇ ਚੋਣਾਂ ਧਾਰਮਿਕ ਰਿਜ਼ਰਵੇਸ਼ਨ ਮੁਤਾਬਿਕ ਹੋਈਆਂ ਸਨ, ਭਾਵ ਸਿੱਖਾਂ ਲਈ ਰਿਜ਼ਰਵ ਹਲਕੇ ਵਿੱਚ ਸਿੱਖ ਹੀ ਚੋਣ ਲੜ ਸਕਦਾ ਸੀ ਤੇ ਉਹਦੇ ਲਈ ਵੋਟਾਂ ਵੀ ਸਿੱਖਾਂ ਦੀਆਂ ਪੈਂਦੀਆਂ ਸਨ। ਦੂਜੇ ਲਫ਼ਜਾਂ ਵਿੱਚ ਸਿੱਖ ਨੂੰ ਸਿੱਖ ਹੀ ਚੁਣਦੇ ਸੀ ਤੇ ਮੁਸਲਮਾਨਾਂ ਨੂੰ ਮੁਸਲਮਾਨ। ਇਹਦੇ ਨਾਲ ਨਾਲ 1926 ਤੋਂ ਲੈ ਕੇ 1944 ਤੱਕ ਸੱਤ ਵਾਰ ਹੋਈਆਂ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਵੀ ਹੌਲੀ ਹੌਲੀ ਅਕਾਲੀ ਦਲ ਹੀ ਭਾਰੂ ਹੁੰਦਾ ਗਿਆ। ਉਦੋਂ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਤਿੰਨ ਸਾਲ ਬਾਅਦ ਹੁੰਦੀਆਂ ਸਨ, ਸ਼੍ਰੋਮਣੀ ਕਮੇਟੀ ਵਿੱਚ ਸਿੱਖ ਹੀ ਵੋਟਰ ਹੁੰਦੇ ਸਨ ਤੇ ਸਿੱਖ ਹੀ ਉਮੀਦਵਾਰ ਸਹਿਜਧਾਰੀ ਵੋਟਰਾਂ ਦਾ ਕੋਈ ਵਜੂਦ ਨਹੀਂ ਸੀ। ਕਹਿਣ ਦਾ ਭਾਵ ਕਿ ਉਸ ਸਮੇਂ ਦੀ ਸਿੱਖ ਲੀਡਰਸ਼ਿਪ ਸਿੱਖ ਅਵਾਮ ਨੂੰ ਚੰਗੀ ਲੱਗਦੀ ਸੀ। ਸੋ, ਉਸ ਲੀਡਰਸ਼ਿਪ ਨੇ ਉਹੀ ਕੀਤਾ, ਜੋ ਸਿੱਖ ਕੌਮ ਨੂੰ ਚੰਗਾ ਲੱਗਦਾ ਸੀ। ਦੂਜੇ ਲਫ਼ਜ਼ਾਂ ਵਿੱਚ ਮਤਲਬ ਇਹ ਹੋਇਆ ਕਿ ਜੋ ਉਦੋਂ ਸਿੱਖ ਲੀਡਰਸ਼ਿਪ ਨੇ ਕੀਤਾ, ਜੇ ਉਹਦੇ ਲਈ ਲੀਡਰਸ਼ਿਪ ਦੋਸ਼ੀ ਹੈ ਤਾਂ ਨਾਲ ਦੀ ਨਾਲ ਸਿੱਖ ਕੌਮ ਵੀ ਇਸ ਦੋਸ਼ ਵਿੱਚ ਬਰਾਬਰ ਦੀ ਹਿੱਸੇਦਾਰ ਹੈ।

1955 ਵਿੱਚ ਲੱਗੇ ਪੰਜਾਬੀ ਸੂਬੇ ਮੋਰਚੇ ਦੌਰਾਨ ਸਿੱਖਾਂ ਦੀਆਂ ਮੰਗਾਂ ਨੂੰ ਦਬਾਉਣ ਖਾਤਰ ਉਸ ਮੌਕੇ ਜੋ ਸਰਕਾਰ ਨੇ ਤਸ਼ੱਦਦ ਕੀਤਾ ਤਾਂ ਜਾ ਕੇ ਇਹ ਗੱਲ ਬਹੁਤ ਪਤਲੀ ਸ਼ਕਲ ਵਿੱਚ ਤੁਰਨੀ ਸ਼ੁਰੂ ਹੋਈ ਕਿ ਸਿੱਖ ਲੀਡਰਸ਼ਿਪ ਨੇ 1947 ਵਿੱਚ ਸਿੱਖਾਂ ਲਈ ਵੱਖਰਾਂ ਮੁਲਕ ਨਾ ਲੈ ਕੇ ਗਲਤੀ ਕੀਤੀ ਹੈ। 1982 ਵਿੱਚ ਧਰਮ ਯੁੱਧ ਮੋਰਚੇ ਦੌਰਾਨ ਅਤੇ 1984 ਦੇ ਘੱਲੂਘਾਰੇ ਤੋਂ ਬਾਅਦ ਇਹ ਚਰਚਾ ਹੋਰ ਉੱਭਰਵੀਂ ਸ਼ਕਲ ਵਿੱਚ ਜਾਹਰ ਹੋਈ; ਪਰ ਅੱਜ ਵੀ ਸਿੱਖਾਂ ਦੀ ਆਟੇ 'ਚ ਲੂਣ ਜਿੰਨੀ ਮਿਕਦਾਰ ਹੀ ਇਹ ਕਹਿੰਦੀ ਹੈ ਕਿ ਸਿੱਖ ਲੀਡਰਸ਼ਿਪ ਨੇ ਉਦੋਂ ਗਲਤੀ ਕੀਤੀ। ਅੱਜ ਦੇ ਹਿਸਾਬ ਨਾਲ 1947 ਮੌਕੇ ਦੀ ਸਿੱਖ ਕੌਮ ਦੀ ਸੋਚ ਦਾ ਜੇ ਅੰਦਾਜ਼ਾ ਲਾਈਏ ਤਾਂ ਇਹ ਕਹਿ ਸਕਦੇ ਹਾਂ ਕਿ ਉਦੋਂ ਸਿੱਖ ਕੌਮ ਦਾ ਇੱਕ ਫੀਸਦੀ ਹਿੱਸਾ ਵੀ ਵੱਖਰੇ ਮੂਲਕ ਦਾ ਹਾਮੀ ਨਹੀਂ ਹੋਣਾ। ਸੋ, ਇਕੱਲੀ ਲੀਡਰਸ਼ਿਪ ਨੂੰ ਦੋਸ਼ ਦੇਣਾ ਵਾਜਿਬ ਨਹੀਂ ਹੈ।

### ਮੁਨਾਸਿਬ ਹਿੱਸੇਦਾਰੀ ਠੁਕਰਾਈ

ਬਰਤਾਨਵੀ ਰਾਜ ਦੌਰਾਨ ਜਦੋਂ ਹਿੰਦੂ ਕਾਂਗਰਸ ਦੀ ਅਗਵਾਈ ਵਿੱਚ ਅੰਗਰੇਜ਼ਾਂ ਨੂੰ ਹਿੰਦੁਸਤਾਨ 'ਚੋਂ ਕੱਢਣ ਦੇ ਇੱਕ ਨੁਕਾਤੀ ਏਜੰਡੇ 'ਤੇ ਕੰਮ ਕਰ ਰਹੇ ਸਨ ਤਾਂ ਉਨ੍ਹਾਂ ਦੇ ਸਾਰੇ ਮੁਫਾਦ ਇਸੇ ਨੁਕਤੇ ਵਿੱਚ ਸਮਾਅ ਜਾਂਦੇ ਸਨ। ਉਨ੍ਹਾਂ ਨੂੰ ਆਪਣੇ ਖਾਤਰ ਕੋਈ ਵੀ ਹੋਰ ਮੰਗ ਅੰਗਰੇਜ਼ਾਂ ਤੋਂ ਮੰਨਵਾਉਣ ਦੀ ਲੋੜ ਨਹੀਂ ਸੀ; ਕਿਉਂਕਿ ਜੇ ਅੰਗਰੇਜ਼ ਨਿਕਲਦੇ ਸੀ ਤਾਂ ਬਹੁਗਿਣਤੀ ਹੋਣ ਕਰਕੇ ਸਾਰਾ ਰਾਜ ਹੀ ਉਨ੍ਹਾਂ ਦੇ ਹੱਥ ਆ ਜਾਣਾ ਸੀ, ਸੋ ਉਨ੍ਹਾਂ ਨੂੰ ਇੱਕ ਨੁਕਾਤੀ ਮੰਗ ਤੋਂ ਬਿਨਾ ਹੋਰ ਕੁਝ ਵੀ ਫਿਕਰ ਕਰਨ ਦੀ ਲੋੜ ਨਹੀਂ ਸੀ। ਜਦੋਂ ਅੰਗਰੇਜ਼ ਕਿਸੇ ਵੀ ਅਜਿਹੇ ਮੁੱਦੇ 'ਤੇ ਚਰਚਾ ਛੇੜਦੇ ਸਨ, ਜਿਸ ਵਿੱਚ ਇਹ ਦੇਖਿਆ ਜਾਣਾ ਹੁੰਦਾ ਸੀ ਕਿ ਜੀਹਨੂੰ ਅਸੀਂ ਰਾਜ ਭਾਗ ਸੌਂਪ ਕੇ ਜਾਣਾ ਹੈ, ਉਹ ਢਾਂਚਾ ਕਿਹੋ ਜਿਹਾ ਹੋਵੇ ਤਾਂ ਹਿੰਦੂ ਪੱਬ ਚੱਕ ਕੇ ਅੰਗਰੇਜ਼ਾਂ ਦੇ ਇਹ ਕਹਿ ਕੇ ਗਲ ਪੈਂਦੇ ਸਨ ਕਿ ਥੋਨੂੰ ਬਾਅਦ ਥਾਈਂ ਕੀ? ਤੁਸੀਂ ਇੱਕ ਵਾਰ ਇੱਥੋਂ ਤੁਰਦੇ ਬਣੋ, ਬਾਅਦ ਦੀ ਅਸੀਂ ਆਪੇ ਨਿਬੇੜਾਂਗੇ! ਜਦ ਕਿ ਮੁਸਲਮਾਨ ਇਸੇ ਗੱਲ ਤੋਂ ਤ੍ਰਬਕਦੇ ਸੀ। ਉਨ੍ਹਾਂ ਦਾ ਤੌਖਲਾ ਸੀ ਕਿ ਬਾਅਦ ਵਿੱਚ ਸਾਰਾ ਕੰਮ ਹਿੰਦੂ ਬਹੁਗਿਣਤੀ ਦੇ ਹੱਥ ਵਿੱਚ ਹੋਊਗਾ, ਅਸੀਂ ਮਾਰੇ ਜਾਵੇਗਾ। ਸੋ, ਮੁਸਲਮਾਨਾਂ ਦੀ ਅੰਗਰੇਜ਼ਾਂ ਤੋਂ ਵੱਡੀ ਮੰਗ ਇਹ ਸੀ ਕਿ ਆਪਦੇ ਹੁੰਦਿਆਂ ਹੁੰਦਿਆਂ ਸਾਰੇ ਫੈਸਲੇ ਕਰਾ ਕੇ ਜਾਵੋ ਤੇ ਜਾਂ ਸਾਨੂੰ ਅੱਡ ਕਰਕੇ ਜਾਵੋ। ਜਿੰਨਾ ਚਿਰ ਅੰਗਰੇਜ਼ੀ ਰਾਜ ਰਿਹਾ, ਉਨਾ ਚਿਰ ਮੁਸਲਮਾਨ ਅੰਗਰੇਜ਼ਾਂ ਤੋਂ ਆਪਣੇ ਮੁਫਾਦ ਦੀ ਰੱਖਿਆ ਖਾਤਰ ਰਾਜਭਾਗ ਵਿੱਚ ਆਪਣੀ ਮੁਨਾਸਿਬ ਹਿੱਸੇਦਾਰ 'ਤੇ ਜ਼ੋਰ ਪਾਉਂਦੇ ਰਹੇ।

ਇਸ ਤੋਂ ਉਲਟ ਸਿੱਖ ਰਾਜ-ਭਾਗ ਆਪ ਦੀ ਮੁਨਾਸਿਬ ਹਿੱਸੇਦਾਰੀ ਮੰਗਣ ਦੀ ਬਜਾਏ ਮੁਸਲਮਾਨਾਂ ਦੀ ਹਿੱਸੇਦਾਰੀ ਨੂੰ ਰੋਕਣ 'ਤੇ ਆਪਦਾ ਸਾਰਾ ਜ਼ੋਰ ਲਾਉਂਦੇ ਰਹੇ, ਨਾ ਉਨ੍ਹਾਂ ਨੂੰ ਇਸ ਗੱਲ ਦਾ ਫਿਕਰ ਸੀ ਕਿ ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਸਾਡਾ ਕੀ ਬਣੂੰਗਾ! ਬਲਕਿ ਉਹ ਕਾਂਗਰਸ ਦੇ ਅੰਗਰੇਜ਼ਾਂ ਨੂੰ ਭਜਾਉਣ ਵਾਲੇ ਇੱਕੋ ਇੱਕ ਏਜੰਡੇ 'ਤੇ ਜ਼ੋਰ ਲਾਉਂਦੇ ਰਹੇ। ਜਦੋਂ ਅੰਗਰੇਜ਼ਾਂ ਨੇ ਸਿੱਖਾਂ ਨੂੰ ਰਾਜ ਭਾਗ ਵਿੱਚ ਹਿੱਸੇਦਾਰ ਬਣਾਉਣ ਖਾਤਰ ਉਨ੍ਹਾਂ ਨੂੰ ਬਿਨ ਮੰਗਿਆਂ ਚੋਣ ਖੇਤਰਾਂ ਵਿੱਚ ਰਿਜ਼ਰਵੇਸ਼ਨ ਦਿੱਤੀ ਤਾਂ ਸਿੱਖ ਇਹਦੇ ਖਿਲਾਫ ਇਸ ਕਦਰ ਅੰਗਰੇਜ਼ਾਂ ਦੇ ਗਲ ਪਏ, ਜੀਹਦੀ ਮਿਸਾਲ ਪੰਥਕ ਇਤਿਹਾਸ ਵਿੱਚ ਅੱਜ ਥਾਈਂ ਨਹੀਂ ਮਿਲਦੀ। ਸਿੱਖਾਂ ਨੂੰ ਇਹ ਰਿਜ਼ਰਵੇਸ਼ਨ ਕਮਿਊਨਲ ਐਵਾਰਡ ਤਹਿਤ ਮਿਲੀ ਸੀ। ਜਿਹੜੀ ਰਿਆਇਤ ਮੁਸਲਮਾਨਾਂ ਨੇ ਆਪਣੇ ਖਾਤਰ ਲੜ ਕੇ ਲਈ ਸੀ, ਉਹ ਸਿੱਖਾਂ ਨੂੰ ਮੁਫਤੋਂ-ਮੁਫਤ ਮਿਲ ਰਹੀ ਸੀ, ਪਰ ਸਿੱਖਾਂ ਨੇ ਇਸ ਰਿਆਇਤ ਨੂੰ ਇਹ ਕਹਿ ਕੇ ਠੁੱਡੇ ਮਾਰੇ ਕਿ ਹਾਂ-ਹਾਂ ਇਹੋ ਜਿਹੀ ਰਿਆਇਤ ਮੁਸਲਮਾਨਾਂ ਨੂੰ ਕਾਹਤੋਂ ਮਿਲੀ ਹੈ!

### ਕੀ ਸੀ ਕਮਿਊਨਲ ਐਵਾਰਡ?

ਅੰਗਰੇਜ਼ੀ ਰਾਜ ਵਿੱਚ ਵਿਧਾਨ ਸਭਾ ਅਤੇ ਲੋਕ ਸਭਾਵਾਂ ਖਾਤਰ 1909 ਤੋਂ ਵੋਟਾਂ ਪੈਣੀਆਂ ਸ਼ੁਰੂ ਹੋ ਗਈਆਂ ਸਨ, ਪਰ ਉਦੋਂ ਵੋਟ ਦਾ ਅਖਤਿਆਰ ਹਰੇਕ ਜਣੇ-ਖਣੇ ਨੂੰ ਨਹੀਂ ਸੀ ਹੁੰਦਾ। ਘੱਟੋਂ ਘੱਟ ਮੈਟ੍ਰਿਕ ਪਾਸ, ਕੁਝ ਖਾਸ ਹੱਦ ਤੋਂ ਵੱਧ ਜਮੀਨੀ ਮਾਮਲਾ ਦੇਣ ਵਾਲਾ ਜਾਂ ਇਨਕਮ ਟੈਕਸ ਦੇਣ ਵਾਲਾ ਹੀ ਵੋਟਰ ਬਣ ਸਕਦਾ ਸੀ। ਮੁਸਲਮਾਨ ਜਨਤਾ ਵਧੇਰੇ ਅਨਪੜ੍ਹ ਅਤੇ ਗਰੀਬ ਸੀ, ਜਿਸ ਕਰਕੇ ਉਨ੍ਹਾਂ ਦੀ ਵੋਟ ਫੀਸਦੀ ਆਪਦੀ ਆਬਾਦੀ ਨਾਲੋਂ ਘੱਟ ਬਣਦੀ ਸੀ। ਅੱਜ ਵਾਗੂੰ ਸਾਂਝੇ ਚੋਣ ਹਲਕੇ ਹੋਣ ਕਰਕੇ ਉਨ੍ਹਾਂ ਦੇ ਨੁਮਾਇੰਦੇ ਕਾਫੀ ਘੱਟ-ਗਿਣਤੀ ਵਿੱਚ ਜਿੱਤਦੇ ਸੀ। ਇਸੇ ਤਰ੍ਹਾਂ ਸਿੱਖਾਂ ਦਾ ਵੀ ਇਹੀ ਹਾਲ ਸੀ। 1909 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਸਿੱਖਾਂ ਨੂੰ ਕੋਈ ਸੀਟ ਨਾ ਮਿਲੀ, 1912 ਵਿੱਚ ਸਿਰਫ ਇੱਕ ਸਿੱਖ ਉਮੀਦਵਾਰ ਜਿੱਤਿਆ ਅਤੇ ਫਿਰ 1916 ਦੀਆਂ ਚੋਣਾਂ ਵਿੱਚ ਸਿੱਖਾਂ ਨੂੰ ਕੋਈ ਸੀਟ ਨਾ ਮਿਲੀ। ਇਸੇ ਤਰ੍ਹਾਂ ਛੋਟੀਆਂ ਚੋਣਾਂ ਵਿੱਚ ਸਿੱਖਾਂ ਦਾ ਹਾਲ ਮਾੜਾ ਸੀ। 1884 ਦੇ ਅੰਕੜਿਆਂ ਮੁਤਾਬਿਕ ਪੰਜਾਬ ਦੀਆਂ ਕੁੱਲ 96 ਮਿਊਂਸੀਪਲ ਕਮੇਟੀਆਂ ਸੀਗੀਆਂ, ਜਿਨ੍ਹਾਂ ਵਿੱਚੋਂ 72 ਵਿੱਚ ਹਿੰਦੂਆਂ ਦੀ ਬਹੁਸੰਮਤੀ ਸੀ। 12 'ਤੇ ਮੁਸਲਮਾਨ ਕਾਬਜ ਸੀਗੇ, ਜਦਕਿ ਸਿਰਫ ਇੱਕੋ ਇੱਕ ਤਰਨਤਾਰਨ ਮਿਊਂਸੀਪਲ ਕਮੇਟੀ 'ਤੇ ਸਿੱਖਾਂ ਦਾ ਕਬਜਾ ਸੀ।

1921 ਦੀ ਮਰਦਮਸ਼ੁਮਾਰੀ ਮੁਤਾਬਿਕ ਪੰਜਾਬ ਵਿੱਚ ਮੁਸਲਮਾਨ ਵਸੋਂ 50 ਫੀਸਦੀ, ਹਿੰਦੂ 35 ਫੀਸਦੀ ਅਤੇ ਸਿੱਖ 12 ਫੀਸਦੀ ਸਨ; ਪਰ ਵੋਟ ਸ਼ਕਤੀ ਦੇ ਲਿਹਾਜ ਨਾਲ ਮੁਸਲਮਾਨ ਵੋਟਰ 40 ਫੀਸਦੀ, ਸਿੱਖ 24 ਫੀਸਦੀ ਬਣਦੇ ਸੀ। 24 ਫੀਸਦੀ ਵੋਟਰਾਂ ਦੇ ਹੁੰਦਿਆਂ ਵੀ ਸਿੱਖ ਕੋਈ ਸੀਟ ਨਹੀਂ ਸੀ ਜਿੱਤ ਰਹੇ। ਇਸ ਘਾਟੇ ਨੂੰ ਦੂਰ ਕਰਾਉਣ ਖਾਤਰ 1916 ਵਿੱਚ 'ਲਖਨਊ ਪੈਕਟ' ਨਾਂ ਦਾ ਇੱਕ ਸਮਝੌਤਾ ਹੋਇਆ, ਜਿਸ ਵਿੱਚ ਕਾਂਗਰਸ ਨੇ ਮੁਸਲਮਾਨਾਂ ਖਾਤਰ ਵੱਖਰੇ ਚੋਣ ਖੇਤਰਾਂ ਦੀ ਮੰਗ ਮੰਨ ਲਈ, ਪਰ ਸਿੱਖਾਂ ਨੂੰ ਕੁਝ ਨਾ ਦਿੱਤਾ। ਨਾ ਦੇਣਾ ਇੱਕ ਪਾਸੇ ਰਿਹਾ, ਇਸ ਸਮਝੌਤੇ ਖਾਤਰ ਚੱਲੀ ਲੰਬੀ ਗੱਲਬਾਤ ਵਿੱਚ ਨਾ ਤਾਂ ਕਿਸੇ ਸਿੱਖ ਨੁਮਾਇੰਦੇ ਨੂੰ ਸੱਦਿਆ ਗਿਆ, ਇੱਥੋਂ ਤੱਕ ਸਿੱਖਾਂ ਦਾ ਜ਼ਿਕਰ ਤੱਕ ਨਾ ਹੋਇਆ। ਚੀਫ ਖਾਲਸਾ ਦੀਵਾਨ ਅਤੇ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਨੇ ਸੈਕਟਰੀ ਆਫ ਸਟੇਟ ਫਾਰ ਇੰਡੀਆ ਕੋਲ ਸਿੱਖਾਂ ਨੂੰ ਅਜਿਹਾ ਹੱਕ ਦਿਵਾਉਣ ਲਈ ਪੈਰਵਾਈ ਕੀਤੀ, ਜਦੋਂ ਉਹ 1917 ਵਿੱਚ ਇਸ ਮਾਮਲੇ ਨੂੰ ਹੋਰ ਘੋਖਣ ਖਾਤਰ ਪੰਜਾਬ ਆਇਆ; ਪਰ ਸਿੱਖਾਂ ਦੀ ਭਾਰੂ ਧਿਰ ਨੇ ਕਾਂਗਰਸ ਦੀ ਪੈੜ ਵਿੱਚ ਪੈਰ ਧਰਦਿਆਂ ਉਹੀ ਰੱਟ ਲਾਈ ਰੱਖੀ ਕਿ ਸਾਨੂੰ ਕੁਝ ਨਹੀਂ ਚਾਹੀਦਾ, ਬਸ ਇੱਥੋਂ ਅੰਗਰੇਜ਼ ਚਲੇ ਜਾਣ।

ਪਰ ਬਰਤਾਨਵੀ ਸਰਕਾਰ ਸਿੱਖਾਂ ਦੀ ਭਾਰੂ ਧਿਰ ਨੂੰ ਦਰਕਿਨਾਰ ਕਰਦਿਆਂ ਸਿੱਖਾਂ ਨੂੰ ਮੁਸਲਮਾਨਾਂ ਅਤੇ ਹਿੰਦੂਆਂ ਦੇ ਬਰਾਬਰ ਤੀਜੀ ਧਿਰ ਵਾਲੇ ਦਰਜੇ ਮੁਤਾਬਿਕ ਸਤਿਕਾਰ ਦੇ ਰਹੀ ਸੀ। ਉਨ੍ਹਾਂ ਨੇ ਇਕੱਲਾ ਸਤਿਕਾਰ ਨਹੀਂ ਦਿੱਤਾ, ਬਲਕਿ ਸਰਕਾਰੀ ਤੌਰ 'ਤੇ ਸਿੱਖਾਂ ਨੂੰ ਤੀਜੀ ਧਿਰ ਵਜੋਂ ਮਾਨਤਾ ਵੀ ਦਿੱਤੀ। ਭਾਰਤ ਦੇ ਸੰਵਿਧਾਨਕ ਸੁਧਾਰਾਂ ਬਾਰੇ ਮੌਂਟੇਗ-ਚੈਮਸਫ਼ੋਰਡ ਦੀ 1918 ਵਿੱਚ ਨਸ਼ਰ ਹੋਈ ਰਿਪੋਰਟ ਵਿੱਚ ਇਹ ਸ਼ਪੱਸਟ ਕਿਹਾ ਗਿਆ ਕਿ ਪੰਜਾਬ ਅੰਦਰ ਸਿੱਖ ਇੱਕ ਵੱਖਰੀ ਅਤੇ ਅਹਿਮ ਕੌਮ ਹੈ, ਉਹ ਭਾਰਤੀ ਫੌਜ ਨੂੰ ਬਹਾਦਰ ਸਿਪਾਹੀ ਮੁਹੱਈਆ ਕਰਦੇ ਨੇ; ਪਰ ਹਰ ਥਾਂ ਘੱਟ-ਗਿਣਤੀ ਹੋਣ ਕਰਕੇ ਉਹ ਵੋਟਾਂ ਵਿੱਚ ਜਿੱਤ ਨਹੀਂ ਸਕਦੇ। ਇਸ ਕਰਕੇ ਮੁਸਲਮਾਨਾਂ ਨੂੰ ਚੋਣ ਖੇਤਰਾਂ ਵਿੱਚ ਦਿੱਤੀ ਰਿਜ਼ਰਵੇਸ਼ਨ ਦੀ ਤਰਜ਼ 'ਤੇ ਸਿੱਖਾਂ ਲਈ ਵੀ ਚੋਣ ਖੇਤਰ ਰਿਜ਼ਰਵ ਕੀਤੇ ਜਾਣ।

ਮੌਂਟੇਗ-ਚੈਮਸਫ਼ੋਰਡ ਦੀ ਰਿਪੋਰਟ 'ਤੇ ਹੋਈ ਬਹਿਸ



⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਪੰਜਾਬੀ ਸੂਬੇ ਦੀ ਮੁਖ਼ਾਲਫ਼ਤ ਵਾਲਾ 'ਬਿਲਡਰ ਆਫ਼ ਪੰਜਾਬ'

**ਗੁਰਜੋਤ ਸਿੰਘ**

ਪੰਜਾਬ ਦੇ ਮਾਝਾ ਖੇਤਰ 'ਚ ਪੱਟੀ ਹਲਕੇ ਦੇ ਪਿੰਡ ਕੈਰੋਂ ਵਿੱਚ ਜਨਮੇ ਅਤੇ ਪੰਜਾਬ ਦੇ ਸਿਆਸੀ ਦ੍ਰਿਸ਼ 'ਤੇ ਲੰਬਾ ਸਮਾਂ ਛਾਏ ਰਹਿਣ ਵਾਲੇ ਪੰਜਾਬ ਦੇ ਸੀ.ਐਮ. ਰਹਿ ਚੁੱਕੇ ਪ੍ਰਤਾਪ ਸਿੰਘ ਕੈਰੋਂ ਦਿੱਲੀ 'ਚ ਕਾਂਗਰਸ ਦੇ ਸੀਨੀਅਰ ਲੀਡਰਾਂ ਨਾਲ ਮੀਟਿੰਗਾਂ ਤੋਂ ਬਾਅਦ ਚੰਡੀਗੜ੍ਹ ਵਾਪਸ ਪਰਤ ਰਹੇ ਸਨ। ਉਹ ਹਾਲੇ ਦਿੱਲੀ ਤੋਂ ਕਰੀਬ 35 ਕਿਲੋਮੀਟਰ ਦੂਰ ਪਿੰਡ ਰਸੋਈ ਦੇ ਕੋਲ ਹੀ ਪਹੁੰਚੇ ਸਨ, ਜਦੋਂ ਹਮਲਾਵਰਾਂ ਨੇ ਉਨ੍ਹਾਂ ਦੀ ਕਾਰ ਨੂੰ ਰੋਕ ਲਿਆ। ਇੱਕ ਤੋਂ ਬਾਅਦ ਇੱਕ ਕਾਰ ਵਿੱਚ ਸਵਾਰ ਚਾਰਾਂ ਜਣਿਆਂ ਨੂੰ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ। ਇਹ ਕਤਲ 1948 ਵਿੱਚ ਮਹਾਤਮਾ ਗਾਂਧੀ ਦੇ ਕਤਲ ਮਗਰੋਂ ਆਜ਼ਾਦ ਭਾਰਤ ਵਿੱਚ ਕਿਸੇ ਸਿਆਸੀ ਸ਼ਖ਼ਸੀਅਤ ਦੇ ਕਤਲ ਦੀ ਵੱਡੀ ਘਟਨਾ ਮੰਨਿਆ ਜਾਂਦਾ ਹੈ।

ਪ੍ਰਤਾਪ ਸਿੰਘ ਕੈਰੋਂ ਨੂੰ ਜਿੱਥੇ ਪੰਜਾਬ ਵਿੱਚ ਵਿਕਾਸ ਕਾਰਜਾਂ ਦੀ ਝੜੀ ਲਾਉਣ ਦਾ ਸਿਹਰਾ ਦਿੱਤਾ ਜਾਂਦਾ ਹੈ, ਉੱਥੇ ਹੀ ਉਨ੍ਹਾਂ ਨੂੰ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬੇ ਦੀ ਮੁਖ਼ਾਲਫ਼ਤ ਕਰਨ ਵਾਲੇ ਆਗੂ ਵਜੋਂ ਵੀ ਜਾਣਿਆ ਜਾਂਦਾ ਹੈ। ਬੋਲੀ ਦੇ ਆਧਾਰ 'ਤੇ ਪੰਜਾਬ ਦੀ ਤਕਸੀਮ ਤੋਂ ਕੁਝ ਮਹੀਨੇ ਪਹਿਲਾਂ ਹੋਏ ਇਸ ਕਤਲ ਨੇ ਸਿਆਸੀ ਹਲਕਿਆਂ ਵਿੱਚ ਤਰਥੱਲੀ ਮਚਾ ਦਿੱਤੀ ਸੀ। ਇਸ ਘਟਨਾ ਨੇ ਲੰਬੇ ਸਮੇਂ ਤੱਕ ਪੰਜਾਬ ਦੇ ਸਿਆਸੀ ਦ੍ਰਿਸ਼ ਨੂੰ ਪ੍ਰਭਾਵਿਤ ਕੀਤਾ। ਪੁਲਿਸ ਤਫ਼ਤੀਸ਼ 'ਚ ਇਸ ਕਤਲ ਦਾ ਕਾਰਨ ਨਿੱਜੀ ਦੁਸ਼ਮਣੀ ਹੋਣ ਦੀ ਗੱਲ ਸਾਹਮਣੇ ਆਈ ਸੀ।

ਜਨਵਰੀ 1956 ਤੋਂ ਜੂਨ 1964 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ ਪ੍ਰਤਾਪ ਸਿੰਘ ਕੈਰੋਂ ਪੰਜਾਬ ਵਿੱਚ ਖੇਤੀਬਾੜੀ ਤੇ ਇੰਡਸਟਰੀ ਦੇ ਵਿਕਾਸ ਦੇ ਨਾਲ-ਨਾਲ ਭਾਖੜਾ ਨੰਗਲ ਡੈਮ, ਚੰਡੀਗੜ੍ਹ ਦੀ ਉਸਾਰੀ, ਫਰੀਦਾਬਾਦ, ਮੰਡੀ ਗੋਬਿੰਦਗੜ੍ਹ ਤੇ ਸੋਨੀਪਤ 'ਚ ਇੰਡਸਟਰੀਅਲ ਟਾਊਨਸ਼ਿਪ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਜਿਹੇ ਵੱਡੇ ਪ੍ਰਾਜੈਕਟ ਸਿਰੇ ਚਾੜ੍ਹਨ ਲਈ ਵੀ ਜਾਣੇ ਜਾਂਦੇ ਹਨ। ਆਪਣੇ ਕਾਰਜਕਾਲ ਦੇ ਆਖ਼ਰੀ ਸਮੇਂ ਦੌਰਾਨ ਉਨ੍ਹਾਂ ਨੂੰ ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਦਾ ਵੀ ਸਾਹਮਣਾ ਕਰਨਾ ਪਿਆ, ਜਿਸ ਉੱਤੇ ਕਮਿਸ਼ਨ ਵੀ ਬੈਠਿਆ। ਹਾਲਾਂਕਿ ਉਨ੍ਹਾਂ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ, ਪਰ ਉਨ੍ਹਾਂ 'ਤੇ ਕੋਈ ਇਲਜ਼ਾਮ ਸਿੱਧ ਨਹੀਂ ਹੋਏ ਸਨ। ਉਨ੍ਹਾਂ ਨੂੰ ਅੱਜ ਵੀ ਵੇਲੇ ਦੇ 'ਮੋਸਟ ਪਾਵਰਫੁੱਲ ਸੀ.ਐਮ.' ਤੇ 'ਬਿਲਡਰ ਆਫ ਪੰਜਾਬ' ਜਿਹੇ ਲਕਬਾਂ ਨਾਲ ਯਾਦ ਕੀਤਾ ਜਾਂਦਾ ਹੈ।

ਪ੍ਰਤਾਪ ਸਿੰਘ ਕੈਰੋਂ ਦੇ ਪਿਤਾ ਨਿਹਾਲ ਸਿੰਘ ਦੀ 1900ਵਿਆਂ 'ਚ ਚੱਲ ਰਹੀ ਸਿੰਘ ਸਭਾ ਲਹਿਰ ਵਿੱਚ ਭਰਵੀਂ ਸ਼ਮੂਲੀਅਤ ਸੀ। ਸ. ਕੈਰੋਂ ਆਪਣੀ ਸ਼ੁਰੂਆਤੀ ਪੜ੍ਹਾਈ ਅੰਮ੍ਰਿਤਸਰ ਦੇ ਖ਼ਾਲਸਾ ਕਾਲਜ ਵਿੱਚ ਮੁਕੰਮਲ ਕਰਨ ਤੋਂ ਬਾਅਦ ਅਮਰੀਕਾ ਚਲੇ ਗਏ ਸਨ। ਭਾਰਤ ਸਰਕਾਰ ਦੀ 'ਅੰਮ੍ਰਿਤ ਮਹੋਤਸਵ' ਵੈੱਬਸਾਈਟ ਮੁਤਾਬਕ ਸ. ਕੈਰੋਂ ਨੇ ਯੂਨੀਵਰਸਿਟੀ ਆਫ ਮਿਸ਼ੀਗਨ ਵਿੱਚ ਰਾਜਨੀਤੀ ਸ਼ਾਸਤਰ ਵਿੱਚ ਐੱਮ.ਏ. ਕੀਤੀ ਸੀ। ਉਨ੍ਹਾਂ ਦੀ ਜੀਵਨੀ 'ਪ੍ਰਤਾਪ ਸਿੰਘ ਕੈਰੋਂ-ਏ ਵਿਜ਼ਨਰੀ' ਮੁਤਾਬਕ ਉਨ੍ਹਾਂ ਦੇ ਭਰਾ ਜਸਵੰਤ ਸਿੰਘ ਵੀ ਅਮਰੀਕਾ ਪਹੁੰਚੇ, ਜਿੱਥੇ ਉਹ ਖੱਬੇਪੱਖੀ ਵਿਚਾਰਧਾਰਾ ਨਾਲ ਜੁੜੇ ਅਤੇ ਭਾਰਤ ਵਾਪਸ ਆ ਕੇ ਖੱਬੇ-ਪੱਖੀ ਜਮਾਤਾਂ ਵਿੱਚ ਕੰਮ ਕਰਦੇ ਰਹੇ।

ਕੈਲੀਫੋਰਨੀਆ ਵਿੱਚ ਰਹਿੰਦਿਆਂ ਪ੍ਰਤਾਪ ਸਿੰਘ ਕੈਰੋਂ ਗ਼ਦਰ ਮੂਵਮੈਂਟ ਦੇ ਵੀ ਸੰਪਰਕ ਵਿੱਚ ਆਏ। ਪੰਜਾਬ ਪਰਤਣ ਤੋਂ ਬਾਅਦ ਉਨ੍ਹਾਂ ਨੇ ਆਪਣੇ ਸਿਆਸੀ ਸਫ਼ਰ ਦੀ ਸ਼ੁਰੂਆਤ ਸ਼੍ਰੋਮਣੀ ਅਕਾਲੀ ਦਲ ਤੋਂ ਕੀਤੀ। ਉਨ੍ਹਾਂ ਦੀ ਜੀਵਨੀ ਮੁਤਾਬਕ ਉਹ ਸਾਲ 1934 ਵਿੱਚ ਅਕਾਲੀ ਦਲ ਦੇ ਜਨਰਲ ਸਕੱਤਰ ਚੁਣੇ ਗਏ ਸਨ। ਸਾਲ 1936-37 ਵਿੱਚ ਹੋਈਆਂ ਪੰਜਾਬ ਅਸੈਂਬਲੀ ਚੋਣਾਂ ਵਿੱਚ ਸ. ਕੈਰੋਂ ਅੰਮ੍ਰਿਤਸਰ ਦੱਖਣੀ ਹਲਕੇ ਤੋਂ ਅਕਾਲੀ ਦਲ ਦੇ ਉਮੀਦਵਾਰ ਸਨ। ਉਨ੍ਹਾਂ ਦੇ ਮੁਕਾਬਲੇ ਵਿੱਚ ਕਾਂਗਰਸ ਨੇ ਬਾਬਾ ਗੁਰਦਿੱਤ ਸਿੰਘ ਸਰਹਾਲੀ ਨੂੰ ਖੜ੍ਹਾ ਕੀਤਾ ਸੀ। ਗੁਰਦਿੱਤ ਸਿੰਘ ਸਰਹਾਲੀ ਨੇ 1914 ਵਿੱਚ ਵੈਨਕੂਵਰ ਦੀ ਬੰਦਰਗਾਹ ਤੋਂ ਵਾਪਸ ਮੋੜੇ ਗਏ ਕਾਮਾਗਾਟਾਮਾਰੂ ਜਹਾਜ਼ ਨੂੰ ਠੇਕੇ 'ਤੇ ਲਿਆ ਸੀ।



ਪ੍ਰਤਾਪ ਸਿੰਘ ਕੈਰੋਂ ਅਤੇ ਪੰਡਿਤ ਨਹਿਰੂ

ਉਸ ਵੇਲੇ ਜਵਾਹਰ ਲਾਲ ਨਹਿਰੂ ਨੇ ਵੀ ਪੰਜਾਬ ਵਿੱਚ ਕਾਂਗਰਸ ਉਮੀਦਵਾਰਾਂ ਦੇ ਹੱਕ ਵਿੱਚ ਪ੍ਰਚਾਰ ਕੀਤਾ ਸੀ, ਪਰ ਨੌਜਵਾਨ ਆਗੂ ਪ੍ਰਤਾਪ ਸਿੰਘ ਕੈਰੋਂ ਨੇ ਇਹ ਚੋਣ 5 ਹਜ਼ਾਰ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਜਿੱਤੀ ਸੀ। ਉਨ੍ਹਾਂ ਨੇ ਆਪਣੇ ਚੋਣ ਪ੍ਰਚਾਰ ਵਿੱਚ ਸਥਾਨਕ ਮੁੱਦਿਆਂ ਨੂੰ ਉਭਾਰਿਆ ਸੀ। ਕਾਂਗਰਸ ਪਾਰਟੀ ਨੇ ਸ. ਕੈਰੋਂ ਦੇ ਕੰਮ ਨੂੰ ਦੇਖਦਿਆਂ ਉਨ੍ਹਾਂ ਨੂੰ 6 ਮਈ 1939 ਨੂੰ ਪੰਜਾਬ ਕਾਂਗਰਸ ਵਰਕਿੰਗ ਕਮੇਟੀ ਦਾ ਮੈਂਬਰ ਬਣਾਇਆ ਗਿਆ। ਇਸ ਦੇ ਨਾਲ ਹੀ ਅਕਾਲੀ ਦਲ ਦੇ ਮੈਂਬਰ ਵੀ ਬਣੇ ਰਹੇ।

ਪ੍ਰਤਾਪ ਸਿੰਘ ਕੈਰੋਂ ਸਿਵਲ ਨਾ-ਫ਼ੁਰਮਾਨੀ ਲਹਿਰ ਅਤੇ ਭਾਰਤ ਛੱਡੋ ਲਹਿਰ ਵੇਲੇ ਜੇਲ੍ਹ ਵੀ ਗਏ ਸਨ। ਆਜ਼ਾਦੀ ਤੋਂ ਬਾਅਦ ਗੋਪੀ ਚੰਦ ਭਾਰਗਵ ਉਸ ਵੇਲੇ ਦੇ ਪੰਜਾਬ ਦੇ ਮੁੱਖ ਮੰਤਰੀ ਬਣੇ ਸਨ। ਪ੍ਰਤਾਪ ਸਿੰਘ ਕੈਰੋਂ ਨੂੰ ਮੁੜ ਵਸੇਬਾ ਮੰਤਰੀ ਤੇ ਵਿਕਾਸ ਮੰਤਰੀ ਵਜੋਂ 1947 ਤੋਂ 1949 ਤੱਕ ਚਾਰਜ ਮਿਲਿਆ। ਅਗਲੇ ਸਾਲਾਂ ਦੌਰਾਨ ਸ. ਕੈਰੋਂ ਨੇ ਪੰਜਾਬ ਵਿੱਚ ਵੱਡੇ ਪੱਧਰ 'ਤੇ ਦੌਰੇ ਕੀਤੇ ਤੇ ਹੇਠਲੇ ਪੱਧਰ ਤੱਕ ਲੋਕਾਂ ਤੇ ਕਾਂਗਰਸੀ ਕਾਰਕੁੰਨਾਂ ਵਿੱਚ ਆਪਣੀ ਪਛਾਣ ਬਣਾਈ। ਸਾਲ 1952 ਨੂੰ ਹੋਣ ਵਾਲੀਆਂ ਪਹਿਲੀਆਂ ਚੋਣਾਂ ਤੱਕ ਆਉਂਦਿਆਂ-ਆਉਂਦਿਆਂ ਸ. ਕੈਰੋਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਬਣ ਚੁੱਕੇ ਸਨ। ਇਨ੍ਹਾਂ ਸਾਲਾਂ ਦੌਰਾਨ ਪੰਜਾਬ ਵਿੱਚ ਸਿੱਖ ਲੀਡਰ ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ ਅਕਾਲੀ ਦਲ ਵੱਲੋਂ ਪੰਜਾਬੀ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬੇ ਦੀ ਮੰਗ ਸ਼ੁਰੂ ਹੋ ਚੁੱਕੀ ਸੀ। ਇਸ ਮੰਗ ਦਾ ਪੰਜਾਬ ਦੇ ਕਈ ਹਲਕਿਆਂ ਵਿੱਚ ਵਿਰੋਧ ਹੋਣ ਕਾਰਨ ਸਥਿਤੀ ਤਣਾਅਪੂਰਨ ਬਣ ਗਈ ਸੀ। ਇਸ ਸਮੇਂ ਕਾਂਗਰਸੀ ਆਗੂ ਭੀਮ ਸੈਨ ਸੱਚਰ ਪੰਜਾਬ ਦੇ ਮੁੱਖ ਮੰਤਰੀ ਸਨ।

ਪੁਸਤਕ 'ਪ੍ਰਤਾਪ ਸਿੰਘ ਕੈਰੋਂ-ਏ ਵਿਜ਼ਨਰੀ' ਦੇ ਲੇਖਕਾਂ ਮੁਤਾਬਕ ਜਿੱਥੇ ਪ੍ਰਤਾਪ ਸਿੰਘ ਕੈਰੋਂ ਪੰਜਾਬੀ ਸੂਬਾ ਲਹਿਰ ਦੇ ਆਗੂ ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼ ਸਨ, ਉੱਥੇ ਹੀ ਉਹ ਲਾਲਾ ਜਗਤ ਨਰਾਇਣ ਜਿਹੇ ਹਿੰਦੂ ਆਗੂਆਂ ਦੇ ਸਿਆਸੀ ਪੈਂਤੜਿਆਂ ਦੇ ਵੀ ਵਿਰੋਧੀ ਸਨ। ਇਸ ਸਿਆਸੀ ਕਸ਼ਮਕਸ਼ ਦੇ ਚਲਦਿਆਂ ਜਨਵਰੀ 1956 ਨੂੰ ਭੀਮ ਸੈਨ ਸੱਚਰ ਨੂੰ ਹਟਾ ਕੇ ਪ੍ਰਤਾਪ ਸਿੰਘ ਕੈਰੋਂ ਨੂੰ ਮੁੱਖ ਮੰਤਰੀ ਬਣਾਇਆ ਗਿਆ। 1957 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਸ. ਕੈਰੋਂ ਦੀ ਅਗਵਾਈ ਵਿੱਚ ਕਾਂਗਰਸ ਨੇ ਜਿੱਤ ਹਾਸਲ ਕੀਤੀ। ਉਨ੍ਹਾਂ ਦੇ ਕਾਰਜਕਾਲ ਸਮੇਂ ਹੀ 1962 ਦੀ ਭਾਰਤ-ਚੀਨ ਜੰਗ ਹੋਈ। ਇਸ ਜੰਗ 'ਚ ਭਾਰਤ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਇਸ ਦੌਰਾਨ ਸ. ਕੈਰੋਂ ਨੇ ਆਮ ਜਨਤਾ ਤੇ ਫੌਜੀਆਂ ਦਾ ਮਨੋਬਲ ਚੁੱਕਣ ਲਈ ਗਰਮਜੋਸ਼ੀ ਨਾਲ ਪ੍ਰੋਗਰਾਮ ਉਲੀਕੇ ਤੇ ਭਾਸ਼ਣ ਦਿੱਤੇ।

ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਰਹਿ ਚੁੱਕੇ ਮਰਹੂਮ ਬੀਰ ਦਵਿੰਦਰ ਸਿੰਘ ਨੇ 2015 ਵਿੱਚ ਆਪਣੇ ਇੱਕ ਲੇਖ ਵਿੱਚ ਸ. ਕੈਰੋਂ ਦੇ ਮੁੱਖ ਮੰਤਰੀ ਵਜੋਂ ਕਾਰਜਕਾਲ ਦੀਆਂ ਪ੍ਰਾਪਤੀਆਂ ਗਿਣਵਾਉਂਦਿਆਂ ਲਿਖਿਆ ਸੀ, "ਪ੍ਰਤਾਪ ਸਿੰਘ ਕੈਰੋਂ ਨੇ ਜ਼ਮੀਨਾਂ ਦੀ ਮੁਰੱਬਾਬੰਦੀ ਕਰਨ ਦੇ ਨਾਲ-ਨਾਲ ਖੇਤੀ ਦੇ ਮਸ਼ੀਨੀਕਰਨ ਵੱਲ ਪੰਜਾਬ ਨੂੰ ਤੋਰਿਆ। ਸਾਲ 1962 'ਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਥਾਪਨਾ ਕੀਤੀ।...ਖੇਤੀ ਦੇ ਨਾਲ-ਨਾਲ ਪੰਜਾਬੀ ਭਾਸ਼ਾ, ਕਲਾ, ਸਭਿਆਚਾਰ ਤੇ ਸਾਹਿਤ ਪ੍ਰਤੀ ਵੀ ਕੰਮ ਕੀਤਾ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੀ ਸਥਾਪਿਤ ਕੀਤੀ। ਚੰਡੀਗੜ੍ਹ ਦੇ ਨਾਲ-ਨਾਲ ਫਰੀਦਬਾਦ ਵਿੱਚ ਇੰਡਸਟ੍ਰੀਅਲ ਟਾਊਨਸ਼ਿਪ ਬਣਾਉਣ ਦੇ ਪਿੱਛੇ ਵੀ ਸ. ਕੈਰੋਂ ਹੀ ਸਨ।"

ਪ੍ਰਤਾਪ ਸਿੰਘ ਕੈਰੋਂ ਦੇ ਸਮੇਂ ਸਿਵਲ ਸੇਵਾਵਾਂ 'ਚ ਰਹੇ ਮਰਹੂਮ ਸਾਬਕਾ ਕੇਂਦਰੀ ਮੰਤਰੀ ਮਨੋਹਰ ਸਿੰਘ ਗਿੱਲ ਸ. ਕੈਰੋਂ ਨੂੰ ਯਾਦ ਕਰਦਿਆਂ ਦਿੱਤੇ ਭਾਸ਼ਣਾਂ 'ਚ ਇਹ ਕਹਿੰਦੇ ਰਹੇ ਹਨ ਕਿ ਅਮਰੀਕਾ 'ਚ ਬਿਤਾਏ ਸਮੇਂ ਨੇ ਕੈਰੋਂ ਦੇ ਜੀਵਨ ਉੱਤੇ ਕਾਫ਼ੀ ਪ੍ਰਭਾਵ ਪਾਇਆ ਸੀ। ਇਸ ਦੇ ਨਾਲ ਹੀ ਉਹ ਕਹਿੰਦੇ ਸਨ ਕਿ 'ਕੈਰੋਂ ਪੰਜਾਬ ਨੂੰ ਕੈਲੀਫੋਰਨੀਆ ਬਣਾਉਣਾ ਚਾਹੁੰਦੇ ਸਨ।'

ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਮੁਤਾਬਕ ਸ. ਕੈਰੋਂ ਦੇ ਕਾਰਜਕਾਲ ਦੌਰਾਨ ਜਿੰਨਾ ਵੀ ਵਿਕਾਸ ਹੋਇਆ, ਉਹ ਮਹਿੰਦਰ ਸਿੰਘ ਰੰਧਾਵਾ ਤੇ ਤ੍ਰਿਲੋਚਨ ਸਿੰਘ ਜਿਹੇ ਅਫ਼ਸਰਾਂ ਦੀ ਵਿਉਂਤੀ ਗਈ ਨੀਤੀ ਦੇ ਤਹਿਤ ਹੋਇਆ ਤੇ ਕੈਰੋਂ ਨੇ ਉਸੇ ਵਿੱਚ ਆਪਣੀ ਭੂਮਿਕਾ ਨਿਭਾਈ ਸੀ। ਕੈਰੋਂ ਦਾ ਆਪਣਾ ਕੋਈ ਵੱਖਰਾ ਵਿਜ਼ਨ ਨਹੀਂ ਸੀ। ਉਹ ਦੱਸਦੇ ਹਨ, "ਪੰਜਾਬ ਕਾਂਗਰਸ ਵਿਚਲਾ ਹਿੰਦੂ ਗਰੁੱਪ ਕੈਰੋਂ ਦੇ ਪੈਰ ਨਹੀਂ ਲੱਗਣ ਦੇ ਰਿਹਾ ਸੀ, ਇਸ ਲਈ ਉਹ ਕੇਂਦਰੀ ਲੀਡਰਸ਼ਿਪ ਪ੍ਰਤੀ ਵੱਧ ਵਫ਼ਾਦਾਰੀ ਦਿਖਾਉਂਦੇ ਸਨ।" ਉਹ ਅੱਗੇ ਕਹਿੰਦੇ ਹਨ, "ਇੱਕ 'ਜੱਟ' ਆਗੂ ਦੇ ਤੌਰ 'ਤੇ ਨਹਿਰੂ ਦੀ ਨਿਗ੍ਹਾ ਵਿੱਚ ਪ੍ਰਤਾਪ ਸਿੰਘ ਕੈਰੋਂ ਮਾਸਟਰ ਤਾਰਾ ਸਿੰਘ ਦਾ ਮੁਕਾਬਲਾ ਕਰ ਸਕਦੇ ਸਨ।"

ਭੀਮ ਸੈਨ ਸੱਚਰ ਤੇ ਪ੍ਰਤਾਪ ਸਿੰਘ ਕੈਰੋਂ ਦੇ ਕਾਰਜਕਾਲ ਦੌਰਾਨ ਹੀ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚ ਰਾਜਸਥਾਨ ਦੀ ਭਾਈਵਾਲੀ ਲਿਆਂਦੀ ਗਈ ਸੀ। ਗੋਬਿੰਦਗੜ੍ਹ, ਲੁਧਿਆਣਾ, ਫਰੀਦਾਬਾਦ ਜਿਹੀਆਂ ਇੰਡਸਟ੍ਰੀਅਲ ਅਸਟੇਟਸ ਤੋਂ ਇਲਾਵਾ ਪੇਂਡੂ ਇਲਾਕਿਆਂ 'ਚ ਵੀ ਵਿਦਿਅਕ ਅਦਾਰੇ ਸ. ਕੈਰੋਂ ਦੇ ਸਮੇਂ ਹੀ ਖੁੱਲ੍ਹੇ ਸਨ। ਸ. ਕੈਰੋਂ ਦਾ ਅਕਾਲੀ ਦਲ ਪ੍ਰਤੀ ਵਿਰੋਧ ਨਿਰੋਲ ਵਿਰੋਧ ਨਹੀਂ ਸੀ, ਬਲਕਿ ਇਹ ਕਿਹਾ ਜਾ ਸਕਦਾ ਹੈ ਕਿ ਕੈਰੋਂ ਦਾ ਝੁਕਾਅ ਕੇਂਦਰ ਵੱਲ ਸੀ।

ਪੰਜਾਬ ਯੂਨੀਵਰਸਿਟੀ 'ਚ ਇਤਿਹਾਸ ਦੇ ਪ੍ਰੋਫ਼ੈਸਰ ਐੱਮ. ਰਾਜੀਵਲੋਚਨ ਅਨੁਸਾਰ ਹਾਲਾਂਕਿ ਵਿਕਾਸ ਲਈ ਨੀਤੀਆਂ ਭਾਰਤ ਦੀ ਬ੍ਰਿਟਿਸ਼ ਰਾਜ ਤੋਂ ਆਜ਼ਾਦੀ ਤੋਂ ਪਹਿਲਾਂ ਹੀ ਚੱਲ ਰਹੀਆਂ ਸਨ, ਪਰ ਇਹ ਪ੍ਰਤਾਪ ਸਿੰਘ ਦੀ ਮਿਹਨਤ ਦੇ ਸਦਕਾ ਹੀ ਲਾਗੂ ਹੋਈਆਂ। ਕੈਰੋਂ ਇੱਕੋ-ਇੱਕ ਮੁੱਖ ਮੰਤਰੀ ਸਨ, ਜਿਨ੍ਹਾਂ ਦੇ ਕੰਮ ਬਾਰੇ ਪੰਡਿਤ ਨਹਿਰੂ ਰਾਜਸਭਾ ਵਿੱਚ ਬੋਲੇ ਸਨ। ਪੰਜਾਬ ਵਿੱਚ ਸਨਅਤ ਅਤੇ ਖੇਤੀਬਾੜੀ ਦਾ ਜੋ ਵਿਕਾਸ ਕੈਰੋਂ ਦੇ ਕਾਰਜਕਾਲ ਸਮੇਂ ਹੋਇਆ, ਉਹ ਨਾ ਕੈਰੋਂ ਤੋਂ ਪਹਿਲਾਂ ਹੋਇਆ ਤੇ ਨਾ ਕੈਰੋਂ ਤੋਂ ਬਾਅਦ।


ਪ੍ਰਤਾਪ ਸਿੰਘ ਕੈਰੋਂ ਪੰਜਾਬੀ ਦੇ ਬਹੁਤ ਚੰਗੇ ਬੁਲਾਰੇ ਸਨ, ਉਹ ਪਿੰਡਾਂ ਦੇ ਲੋਕਾਂ ਨਾਲ ਬਹੁਤ ਚੰਗੇ ਅੰਦਾਜ਼ 'ਚ ਸੰਵਾਦ ਕਰਦੇ ਸਨ ਤੇ ਉਨ੍ਹਾਂ ਦੀ ਦੇਸੀ ਬੋਲੀ ਦੀ ਲੋਕਾਂ ਨੂੰ ਪੂਰੀ ਸਮਝ ਪੈਂਦੀ ਸੀ। ਪੰਜਾਬ ਸਰਕਾਰ ਨੇ ਉਨ੍ਹਾਂ ਦੇ ਰੇਡੀਓ 'ਤੇ ਦਿੱਤੇ ਭਾਸ਼ਣ 'ਇੱਕ ਨਵਾਂ ਪੰਜਾਬ' ਨਾਂ ਦੇ ਕਿਤਾਬਚੇ ਦੇ ਰੂਪ ਵਿੱਚ ਛਾਪੇ ਸਨ। ਇੱਕ ਭਾਸ਼ਣ 'ਚ ਉਹ ਹਰੇ ਇਨਕਲਾਬ ਦੀਆਂ ਬਰੂਹਾਂ 'ਤੇ ਖੜ੍ਹੇ ਪੰਜਾਬੀਆਂ ਅੱਗੇ ਕੁਝ ਇਸ ਤਰ੍ਹਾਂ ਅਪੀਲ ਕਰਦੇ ਹਨ, "ਮੈਂ ਆਪਣੇ ਪੰਜਾਬੀ ਵੀਰਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਜ਼ਮੀਨ ਦੇ ਹਰ ਟੋਟੇ, ਪਿੰਡ, ਬਲਾਕ ਤੇ ਜ਼ਿਲ੍ਹੇ ਨੂੰ ਜ਼ਿਆਦਾ ਪੈਦਾਵਾਰ ਹਾਸਲ ਕਰਨ ਲਈ ਮੁਕਾਬਲੇ ਦਾ ਅਖਾੜਾ ਬਣਾਉਣ।... ਇਸ ਲਈ ਮੈਂ ਫਿਰ ਇੱਕ ਵਾਰ ਇੱਕ ਗੱਲ ਉੱਤੇ ਜ਼ੋਰ ਦੇਣਾ ਚਾਹੁੰਦਾ ਹਾਂ, ਜਿਹੜੀ ਇਹ ਮੁਹਿੰਮ ਸ਼ੁਰੂ ਕੀਤੀ ਗਈ ਹੈ, ਇਸ ਨੂੰ ਪੂਰਨ ਭਾਂਤ ਕਾਮਯਾਬ ਕਰਨ ਲਈ ਹਰ ਇੱਕ ਪਿੰਡ ਵਾਸੀ ਤੇ ਸਬੰਧਤ ਮਹਿਕਮਿਆਂ ਦੇ ਕਰਮਚਾਰੀ ਉੱਨੀ ਦੇਰ ਤੱਕ ਅਰਾਮ ਨਾਲ ਨਾ ਬੈਠਣ, ਜਦ ਤੱਕ ਇਨ੍ਹਾਂ ਫ਼ਸਲਾਂ ਦੀ ਅਸੀਂ ਦੇਸ ਵਿੱਚ ਵਧੇਰੇ ਪੈਦਾਵਾਰ ਦਾ ਰਿਕਾਰਡ ਨਹੀਂ ਕਾਇਮ ਕਰ ਲੈਂਦੇ।"

## ਵੰਡ '47 ਦੀ...

ਦੌਰਾਨ ਜਦੋਂ ਪੰਜਾਬ ਅਸੈਂਬਲੀ ਵਿੱਚ ਇੱਕ ਨਾਮਜ਼ਦ ਸਿੱਖ ਮੈਂਬਰ ਸ. ਗੱਜਣ ਸਿੰਘ ਨੇ ਸਿੱਖਾਂ ਲਈ ਰਿਜ਼ਰਵੇਸ਼ਨ ਦੀ ਮੰਗ ਕੀਤੀ ਤਾਂ ਹਿੰਦੂ ਤੇ ਮੁਸਲਮਾਨ ਮੈਂਬਰਾਂ ਨੇ ਅੱਗ ਦੀ ਲਾਟ ਕੱਢਣ ਵਾਂਗ ਇਸ ਗੱਲ ਦਾ ਵਿਰੋਧ ਕੀਤਾ। ਹਿੰਦੂਆਂ ਵੱਲੋਂ ਸਿੱਖਾਂ ਦਾ ਵਿਰੋਧ ਤਾਂ ਸਮਝ ਵਿੱਚ ਪੈਂਦਾ ਹੈ, ਪਰ ਸਿੱਖਾਂ ਦੀ ਭਾਰੂ ਲੀਡਰਸ਼ਿਪ ਨੇ ਵੀ ਸਿੱਖਾਂ ਨੂੰ ਮਿਲ ਰਹੀ ਇਸ ਰਿਆਇਤ ਦੇ ਖਿਲਾਫ ਹਿੰਦੂ-ਮੁਸਲਮਾਨਾਂ ਨਾਲੋਂ ਵੀ ਉੱਚੀ ਲਾਟ ਮਾਰੀ। ਮੁਸਲਮਾਨਾਂ ਦਾ ਪੱਖ ਇਹ ਸੀ ਸਿੱਖ ਤਾਂ ਹਿੰਦੂਆਂ ਦਾ ਹਿੱਸਾ ਹਨ, ਤਾਂ ਇਨ੍ਹਾਂ ਨੂੰ ਵੱਖਰੀ ਰਿਜ਼ਰਵੇਸ਼ਨ ਕਾਹਦੀ? ਹਿੰਦੂ ਕਹਿੰਦੇ ਸੀ, ਸਿੱਖ ਤਾਂ ਸਾਡੇ 'ਚੋਂ ਹੀ ਨੇ, ਸਰਕਾਰ ਇਨ੍ਹਾਂ ਨੂੰ ਰਿਜ਼ਰਵੇਸ਼ਨ ਦੇ ਕੇ ਹਿੰਦੂਆਂ ਨਾਲੋਂ ਪਾੜ ਰਹੀ ਹੈ। ਲਾਲਾ ਲਾਜਪਤ ਰਾਏ ਵੱਲੋਂ ਕੱਢੇ ਜਾਂਦੇ ਇੱਕ ਆਰੀਆ ਸਮਾਜੀ ਪਰਚੇ 'ਪੰਜਾਬੀ' ਨੇ ਇਸ ਤਜਵੀਜ਼ ਦੀ ਪੁੱਜ ਕੇ ਮੁਖ਼ਾਲਫ਼ਤ ਕੀਤੀ ਤੇ ਕਿਹਾ ਕਿ ਇਹ ਸਿੱਖਾਂ ਨੂੰ ਹਿੰਦੂਆਂ ਨਾਲੋਂ ਪਾੜਨ ਵਾਲੀ ਸ਼ਰਾਰਤ ਹੈ। ਅਜਿਹੀ ਕਾਰਵਾਈ ਨਾਲ ਹਿੰਦੂਆਂ ਨੇ ਤਾਂ ਅੰਗਰੇਜ਼ਾਂ 'ਤੇ 'ਪਾੜੋ ਤੇ ਰਾਜ ਕਰੋ' ਦਾ ਇਲਜ਼ਾਮ ਲਾਉਣਾ ਹੀ ਸੀ, ਪਰ ਬਹੁ-ਗਿਣਤੀ ਵਿੱਚ ਸਿੱਖ ਵੀ ਅੰਗਰੇਜ਼ਾਂ ਨੂੰ ਪਾੜੋ ਤੇ ਰਾਜ ਕਰੋ ਵਾਲਾ ਬਦੂ ਨਾਮ ਦੇਣ ਲੱਗੇ। ਸਿੱਖਾਂ, ਮੁਸਲਮਾਨਾਂ ਲਈ ਚੋਣ ਖੇਤਰਾਂ ਵਿੱਚ ਦਿੱਤੀ ਜਾਣ ਵਾਲੀ ਇਸ ਰਿਜ਼ਰਵੇਸ਼ਨ ਨੂੰ ਕਮਿਊਨਲ ਐਵਾਰਡ ਆਖਿਆ ਗਿਆ।

### ਕਮਿਊਨਲ ਐਵਾਰਡ ਲਾਗੂ ਹੋ ਗਿਆ

ਸਿੱਖਾਂ ਨੂੰ ਰਿਜ਼ਰਵੇਸ਼ਨ ਦੇਣ ਦੇ ਖਿਲਾਫ ਸਿੱਖਾਂ ਸਣੇ ਹਿੰਦੂ-ਮੁਸਲਮਾਨਾਂ ਵੱਲੋਂ ਲੱਖ ਦੁਹਾਈ ਪਾਉਣ ਦੇ ਬਾਵਜੂਦ ਬਰਤਾਨਵੀ ਸਰਕਾਰ ਨੇ ਸਿੱਖਾਂ ਨੂੰ ਰਿਜ਼ਰਵੇਸ਼ਨ ਦੇਣ ਦਾ ਐਲਾਨ ਕਰ ਦਿੱਤਾ। ਸਿੱਖਾਂ ਦੀ ਪੰਜਾਬ ਵਿੱਚ ਆਬਾਦੀ 12 ਫੀਸਦੀ ਤੋਂ ਵੀ ਘੱਟ ਸੀ, ਪਰ ਉਨ੍ਹਾਂ ਵਾਸਤੇ ਪੰਜਾਬ ਵਿਧਾਨ ਸਭਾ ਵਿੱਚ 18 ਫੀਸਦੀ ਸੀਟਾਂ ਰਿਜ਼ਰਵ ਕਰ ਦਿੱਤੀਆਂ ਗਈਆਂ। ਮੁਸਲਮਾਨਾਂ ਦੀ ਆਬਾਦੀ ਮੁਤਾਬਿਕ ਉਨ੍ਹਾਂ ਨੂੰ 51 ਫੀਸਦੀ ਰਿਜ਼ਰਵੇਸ਼ਨ ਮਿਲੀ। ਇਹ ਐਲਾਨ ਬਰਤਾਨਵੀ ਪ੍ਰਧਾਨ ਮੰਤਰੀ ਰਾਮਸੇ ਮੈਕਡਾਨਲਡ ਨੇ ਕਮਿਊਨਲ ਐਵਾਰਡ ਦੇ ਨਾਂ ਥੱਲੇ ਅਕਤੂਬਰ 1932 ਨੂੰ ਕੀਤਾ।



ਬਰਤਾਨੀਆ ਦੇ ਤਤਕਾਲੀ ਪ੍ਰਧਾਨ ਮੰਤਰੀ ਰਾਮਸੇ ਮੈਕਡਾਨਲਡ, ਜਿਸ ਨੇ 1932 ਵਿੱਚ 'ਕਮਿਊਨਲ ਐਵਾਰਡ' ਦਾ ਐਲਾਨ ਕੀਤਾ

ਸਿੱਖਾਂ ਨੇ ਕਮਿਊਨਲ ਐਵਾਰਡ ਦੇ ਖਿਲਾਫ ਇਸ ਕਦਰ ਸਿੰਗਾਂ 'ਤੇ ਮਿੱਟੀ ਚੁੱਕੀ, ਜਿਸ ਨਾਲ ਸਿੱਖ ਇਤਿਹਾਸ ਵੀ ਸ਼ਰਮਾਅ ਗਿਆ। ਉਨ੍ਹੀਂ ਦਿਨੀਂ ਸਰਕਾਰ ਨੇ ਮਾਸਟਰ ਤਾਰਾ ਸਿੰਘ ਦੇ ਲਾਹੌਰ ਦਾਖਲੇ 'ਤੇ ਪਾਬੰਦੀ ਲਾਈ ਹੋਈ ਸੀ ਤੇ ਉਹ ਲਾਹੌਰ ਨਾਲ ਵਹਿੰਦੇ ਦਰਿਆ ਰਾਵੀ ਦੇ ਪਰਲੇ ਕੰਢੇ ਕਸਬੇ ਸ਼ਾਹਦਰਾ ਵਿੱਚ ਬੈਠਾ ਸੀ। ਉੱਥੋਂ ਬੈਠਾ ਹੀ ਉਹ ਲਾਹੌਰ ਵਿੱਚ ਬੈਠੇ ਅਕਾਲੀਆਂ ਨੂੰ ਹਦਾਇਤਾਂ ਦੇ ਰਿਹਾ ਸੀ। ਉਹਦੀਆਂ ਹਦਾਇਤਾਂ 'ਤੇ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਦੇ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ 'ਤੇ ਅਕਾਲੀਆਂ ਦੀ ਕਮਿਊਨਲ ਐਵਾਰਡ ਦੇ ਖਿਲਾਫ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਮਾਸਟਰ ਤਾਰਾ ਸਿੰਘ ਨੇ ਗਿਆਨੀ ਕਰਤਾਰ ਸਿੰਘ ਦੇ ਹੱਥ ਇੱਕ ਲਿਖਤੀ ਮਤਾ ਪਾਸ ਕਰਨ ਲਈ ਘੱਲਿਆ। ਮਤਾ ਇਹ ਸੀ, "ਅਸੀ ਬੋਟੀ ਬੋਟੀ ਕਟਵਾ ਕੇ ਤਾਂ ਮਰ ਜਾਵਾਂਗੇ, ਪਰ ਆਪਦੇ ਜਿਊਂਦੇ ਜੀ ਕਮਿਊਨਲ ਐਵਾਰਡ ਲਾਗੂ ਨਹੀਂ ਹੋਣ ਦਿਆਂਗੇ। ਹੇ ਗੁਰੂ ਗੋਬਿੰਦ ਸਿੰਘ ਤੂੰ ਪੰਥ ਦਾ ਵਾਲੀ ਕਹਾਉਂਦਾ ਹੈਂ! ਜੇ ਅਸੀਂ ਕਮਿਊਨਲ ਐਵਾਰਡ ਨੂੰ ਰੋਕਣ ਖਾਤਰ ਵੱਡੀ ਤੋਂ ਵੱਡੀ ਕੁਰਬਾਨੀ ਕਰਨੋਂ ਝਿਜਕੀਏ ਤਾਂ ਅਸੀਂ ਤੇਰੇ ਸਿੱਖ ਨਹੀਂ। ਪਰ ਜੇ ਤੂੰ ਸਾਡੀਆਂ ਕੁਰਬਾਨੀਆਂ ਨੂੰ ਸਫਲਤਾ ਨਾ ਬਖ਼ਸ਼ੇਂ ਤਾਂ ਤੂੰ ਪੰਥ ਦਾ ਵਾਲੀ ਨਹੀਂ।"

ਪੰਥਕ ਇਤਿਹਾਸ ਵਿੱਚ ਇਹ ਪਹਿਲੀ ਦਫ਼ਾ ਹੋਇਆ ਕਿ ਕਿਸੇ ਸਿੱਖ ਨੇ ਆਪਣੇ ਗੁਰੂ ਨੂੰ ਇਹ ਕਹਿ ਕੇ ਵੰਗਾਰ ਪਾਈ ਹੋਵੇ ਕਿ ਜੇ ਤੂੰ ਸਾਡਾ ਫਲਾਣਾ ਕੰਮ ਨਾ ਕੀਤਾ ਤਾਂ ਤੂੰ ਸਾਡਾ ਗੁਰੂ ਨਹੀਂ। ਕਮਿਊਨਲ ਐਵਾਰਡ ਦੇ ਖਿਲਾਫ ਬੋਟੀ ਬੋਟੀ ਕੱਟ ਮਰਨ ਦੀ ਸਹੁੰ ਖਾਣੀ ਤੇ ਗੁਰੂ ਨੂੰ ਕਮਿਊਨਲ ਐਵਾਰਡ ਰੋਕਣ ਖਾਤਰ ਵੰਗਾਰ ਪਾਉਣ ਨਾਲ ਪਾਠਕ ਸਮਝ ਗਏ ਹੋਣਗੇ ਕਿ ਸਿੱਖ ਲੀਡਰਸ਼ਿਪ ਇਸ ਤੋਂ ਵੱਡੀ ਹੋਰ ਕੀ ਲਾਟ ਮਾਰ ਸਕਦੇ ਸੀ! ਜਿੱਥੇ ਇੱਕ ਵੀ ਸਿੱਖ ਐਮ.ਐਲ.ਏ. ਦੀ ਚੋਣ ਨਹੀਂ ਸੀ ਜਿੱਤਦਾ, ਉੱਥੇ ਹੁਣ ਸੌ ਮਗਰ 18 ਜਿੱਤਣੇ ਸੀ; ਪਰ ਸਿੱਖਾਂ ਨੂੰ 18 ਦੀ ਖੁਸ਼ੀ ਨਹੀਂ ਸੀ, 51 ਮੁਸਲਮਾਨਾਂ ਦੀ ਤਕਲੀਫ ਸੀ। ਇਹ ਮੰਗ ਨਹੀਂ ਸੀ ਕਿ ਸਾਨੂੰ ਰਿਜ਼ਰਵੇਸ਼ਨ ਘੱਟ ਮਿਲੀ ਹੈ, ਮੰਗ ਇਹ ਸੀ ਕਿ ਸਾਨੂੰ ਚਾਹੇ ਕੱਖ ਨਾ ਮਿਲੇ, ਪਰ ਮੁਸਲਮਾਨਾਂ ਨੂੰ ਕੁਝ ਨਹੀਂ ਮਿਲਣਾ ਚਾਹੀਦਾ।

ਜਦੋਂ ਇਹ ਖ਼ਬਰਾਂ ਲੰਡਨ ਪਹੁੰਚੀਆਂ ਕਿ ਸਿੱਖ ਤਾਂ ਕਮਿਊਨਲ ਐਵਾਰਡ ਦੇ ਖਿਲਾਫ ਮਰਨ-ਮਾਰਨ 'ਤੇ ਉੱਤਰੇ ਖੜ੍ਹੇ ਨੇ ਤਾਂ ਬਰਤਾਨਵੀ ਸਰਕਾਰ ਬੜੀ ਫਿਕਰਮੰਦ ਹੋਈ। ਉਨ੍ਹਾਂ ਦਾ ਇਹ ਤਜਰਬਾ ਸੀ ਕਿ ਜੇ ਸਿੱਖ ਆਈ 'ਤੇ ਆ ਜਾਣ ਤਾਂ ਮਰਨੋਂ ਨਹੀਂ ਡਰਦੇ। ਕਮਿਊਨਲ ਐਵਾਰਡ ਦੀ ਮੁਖ਼ਾਲਫ਼ਤ ਤੋਂ ਪੈਦਾ ਹੋਣ ਵਾਲੀ ਮਾਰ-ਕਾਟ ਤੋਂ ਡਰਦਿਆਂ ਬਰਤਾਨਵੀ ਸਰਕਾਰ ਨੇ ਗਵਰਨਰ ਪੰਜਾਬ ਨੂੰ ਇੱਕ ਗੁਪਤ ਹਦਾਇਤ ਘੱਲੀ ਕਿ ਕਮਿਊਨਲ ਐਵਾਰਡ ਦੇ ਖਿਲਾਫ ਪੈਦਾ ਹੋਣ ਵਾਲੀ ਹਿੰਸਾ ਵਿੱਚ ਜੇ ਮੌਤਾਂ 20 ਤੋਂ ਵੱਧ ਜਾਣ ਤਾਂ ਕਮਿਊਨਲ ਐਵਾਰਡ ਨੂੰ ਰੱਦ ਕਰਨ ਦਾ ਐਲਾਨ ਕਰ ਦਿੱਤਾ ਜਾਵੇ। ਉਧਰ ਮੁਸਲਮਾਨ ਵੀ ਡਰ ਗਏ ਕਿ ਸਿੱਖਾਂ ਦੇ ਦਬਾਅ ਥੱਲੇ ਆ ਕੇ ਸਰਕਾਰ ਇਸ ਐਵਾਰਡ ਨੂੰ ਰੱਦ ਕਰ ਸਕਦੀ ਹੈ। ਬਣੀ-ਬਣਾਈ ਖੇਡ ਨੂੰ ਵਿਗੜਨ ਤੋਂ ਰੋਕਣ ਲਈ ਮੁਸਲਮਾਨ ਆਗੂਆਂ ਨੇ ਸਿੱਖ ਆਗੂਆਂ ਨੂੰ ਪਰਚਾਉਣ ਖਾਤਰ ਗੱਲਬਾਤ ਤੋਰੀ। ਮੁਸਲਮਾਨਾਂ ਨੇ ਸਿੱਖਾਂ ਨੂੰ ਇਹ ਤਜਵੀਜ਼ ਦਿੱਤੀ ਕਿ ਜੇ ਥੋਨੂੰ ਰਿਜ਼ਰਵੇਸ਼ਨ 18 ਦੀ ਥਾਂ 30 ਫੀਸਦੀ ਮਿਲ ਜਾਵੇ ਤਾਂ ਕੀ ਥੋਡੀ ਤਸੱਲੀ ਹੋ'ਜੂ? ਸਿੱਖ ਕਹਿੰਦੇ, ਹਾਂ 30 ਨਾਲ ਸਾਡੀ ਤਸੱਲੀ ਹੋ'ਜੂ। ਮੁਸਲਮਾਨ ਕਹਿੰਦੇ, ਫਿਰ ਲਿਖੋ ਸਮਝੌਤਾ। ਤਾਂ ਸਿੱਖਾਂ ਦਾ ਐਡਾ ਹਾਸੋ ਹੀਣਾ ਜਵਾਬ ਇਹ ਸੀ ਕਹਿੰਦੇ, ਨਹੀਂ! ਨਾਲੋਂ ਨਾਲ ਹਿੰਦੂਆਂ ਨੂੰ ਵੀ 30 ਫੀਸਦੀ ਦੇਵੋ। ਭਾਵ ਇਹ ਸੀ ਕਿ ਹਿੰਦੂ-ਸਿੱਖ ਰਲ ਕੇ 60 ਫੀਸਦੀ ਹੋ ਜਾਣ ਤੇ ਮੁਸਲਮਾਨ ਕਿਸੇ ਵੀ ਸੂਰਤ ਬਹੁਸੰਮਤੀ ਵਿੱਚ ਨਾ ਆ ਸਕਣ। ਸੋ, ਮੁਸਲਮਾਨਾਂ ਨਾਲ ਵੀ ਗੱਲਬਾਤ ਟੁੱਟ ਗਈ, ਪਰ ਕਮਿਊਨਲ ਐਵਾਰਡ ਦੇ ਖਿਲਾਫ ਨਾ ਕੋਈ ਸਿੱਖ ਕਟਿਆ ਅਤੇ ਨਾ ਹੀ ਕੋਈ ਮਰਿਆ।

ਕਮਿਊਨਲ ਐਵਾਰਡ ਚੁੱਪਚਾਪ ਲਾਗੂ ਹੋ ਗਿਆ। ਮੁਸਲਮਾਨਾਂ ਵੱਲੋਂ ਤਜਵੀਜ਼ਸ਼ੁਦਾ 30 ਫੀਸਦੀ ਨੂੰ ਠੋਕਰ ਮਾਰ ਕੇ ਸਿੱਖ 18 ਫੀਸਦੀ 'ਤੇ ਸਬਰ ਸ਼ੁਦਾ ਹੋ ਗਏ। ਇਹ ਸਮਾਂ ਸਿੱਖਾਂ ਖਾਤਰ ਉਹ ਸੀ, ਜਦੋਂ ਵੱਖਰੇ ਸਿੱਖ ਮੁਲਕ ਦੀਆਂ ਵਿਉਂਤਬੰਦੀਆਂ ਕੀਤੀਆਂ ਜਾਣੀਆਂ ਸਨ; ਪਰ ਸਿੱਖ ਆਪਣੀ ਖਾਤਰ ਕੁਝ ਵੀ ਨਾ ਸੋਚਦੇ ਹੋਏ ਆਪਦੀ ਸਾਰੀ ਤਾਕਤ ਮੁਸਲਮਾਨਾਂ ਦੇ ਖਿਲਾਫ ਜ਼ਾਇਆ ਕਰ ਰਹੇ ਸਨ ਤੇ ਨਾਲ ਦੀ ਨਾਲ ਹਿੰਦੂਆਂ ਵੱਲੋਂ ਮੁਸਲਮਾਨਾਂ ਖਿਲਾਫ ਬਣਦੀ ਲੜਾਈ ਨੂੰ ਆਪਣੀ ਸਮਝ ਕੇ ਲੜ ਰਹੇ ਸਨ। ਉਪਰਲੀਆਂ ਸਾਰੀਆਂ ਗੱਲਾਂ ਤੋਂ ਸਮਝ ਆ ਜਾਣੀ ਚਾਹੀਦੀ ਹੈ ਕਿ ਸਿੱਖ ਹਿੰਦੂਆਂ ਨਾਲ ਅਸੀਂ-ਤੁਸੀਂ ਦਾ ਭੇਦ ਮਿਟਾ ਕੇ ਚੱਲ ਰਹੇ ਸਨ, ਕਿਤੇ ਵੀ ਉਨ੍ਹਾਂ ਨਾਲ ਵਖਰੇਵਾਂ ਨਹੀਂ ਸੀ। ਸੋ, ਅਜਿਹੇ ਮਾਹੌਲ ਵਿੱਚ ਵੱਖਰੇ ਮੁਲਕ ਦਾ ਸੁਫ਼ਨਾ ਕਿੱਥੋਂ ਆਉਣਾ ਸੀ!

*(ਅਗਲੀ ਕਿਸ਼ਤ ਅਗਲੇ ਅੰਕ ਵਿੱਚ ਪੜ੍ਹੋ)*

# ਪੰਜਾਬੀ ਭਾਸ਼ਾ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ

## ਸੰਭਾਵਨਾਵਾਂ, ਚੁਣੌਤੀਆਂ ਤੇ ਹੱਲ



ਏ.ਆਈ. ਰਾਹੀਂ ਬਣਾਇਆ ਗਿਆ ਪੰਜਾਬੀ ਕਾਇਦਾ ਪੜ੍ਹੇ ਜਾਣ ਦਾ ਇੱਕ ਚਿੱਤਰ

*ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਇੱਕ ਅਜਿਹੀ ਤਕਨਾਲੋਜੀ ਹੈ, ਜੋ ਮਸ਼ੀਨਾਂ ਨੂੰ ਸੂਝਵਾਨ ਬਣਾਉਂਦੀ ਹੈ ਤਾਂ ਜੋ ਉਹ ਅਜਿਹੇ ਕੰਮ ਕਰ ਸਕਣ, ਜਿਨ੍ਹਾਂ ਲਈ ਆਮ ਤੌਰ ਉੱਤੇ ਮਨੁੱਖੀ ਸੂਝ-ਬੂਝ ਦੀ ਲੋੜ ਹੁੰਦੀ ਹੈ। ਇਹ ਬਹੁਤ ਤੇਜ਼ੀ ਨਾਲ ਵਿਕਸਤ ਹੋ ਰਿਹਾ ਤਕਨੀਕੀ ਖੋਜ ਖੇਤਰ ਹੈ। ਏ.ਆਈ. ਦੀਆਂ ਯੋਗਤਾਵਾਂ ਨੂੰ ਵਧਾਉਣ ਅਤੇ ਇਸ ਦੀਆਂ ਕਮਜ਼ੋਰੀਆਂ ਨੂੰ ਹੱਲ ਕਰਨ ਲਈ ਖੋਜ ਤੇ ਵਿਕਾਸ ਕਾਰਜ ਲਗਾਤਾਰ ਜਾਰੀ ਹਨ। ਏ.ਆਈ. ਸਾਡੇ ਰੋਜ਼ਾਨਾ ਜੀਵਨ ਦੇ ਵੱਖ-ਵੱਖ ਪਹਿਲੂਆਂ ਵਿੱਚ ਸਥਾਨ ਹਾਸਿਲ ਕਰ ਚੁੱਕੀ ਹੈ। ਅਜੋਕੇ ਸਮੇਂ ਦੌਰਾਨ ਏ.ਆਈ. ਨੇ ਪੰਜਾਬੀ ਭਾਸ਼ਾ ਨੂੰ ਵੱਖ-ਵੱਖ ਤਰੀਕਿਆਂ ਰਾਹੀਂ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ ਹੈ। ਆਪਣੇ ਮੁਢਲੇ ਪ੍ਰਭਾਵਾਂ ਅਨੁਸਾਰ ਭਾਵੇਂ ਏ.ਆਈ. ਪੰਜਾਬੀ ਭਾਸ਼ਾ ਨੂੰ ਹੋਰ ਅਮੀਰ ਬਣਾ ਰਹੀ ਹੈ ਅਤੇ ਇਸ ਖੇਤਰ ਵਿੱਚ ਹੋਰ ਖੋਜ ਤੇ ਵਿਕਾਸ ਕਾਰਜ ਵਾਪਰਨ ਦੀ ਸੰਭਾਵਨਾ ਹੈ। ਸਮੇਂ ਦੀ ਅਹਿਮ ਲੋੜ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਪੰਜਾਬੀ ਭਾਸ਼ਾ ਉੱਤੇ ਏ.ਆਈ. ਦੇ ਪ੍ਰਭਾਵ ਇਸ ਭਾਸ਼ਾ ਦੀ ਪ੍ਰਮਾਣਿਕਤਾ ਅਤੇ ਵਿਲੱਖਣਤਾ ਨੂੰ ਬਰਕਰਾਰ ਰੱਖਣ ਵਿੱਚ ਸਹੀ ਯੋਗਦਾਨ ਪਾ ਸਕਣ।*

**ਸਮੇਂ ਦੀ ਗੱਲ**

**ਡਾ. ਡੀ.ਪੀ. ਸਿੰਘ, ਕੈਨੇਡਾ**
drdpsn@gmail.com



## ਪੰਜਾਬੀ ਭਾਸ਼ਾ: ਜਾਣ-ਪਛਾਣ

ਪੰਜਾਬੀ ਭਾਸ਼ਾ ਇੱਕ ਇੰਡੋ-ਆਰੀਅਨ ਭਾਸ਼ਾ ਹੈ, ਜੋ ਮੁੱਖ ਤੌਰ 'ਤੇ ਦੱਖਣੀ ਏਸ਼ੀਆ ਦੇ ਪੰਜਾਬ ਖੇਤਰ ਵਿੱਚ ਬੋਲੀ ਜਾਂਦੀ ਹੈ। ਦੁਨੀਆ ਭਰ ਵਿੱਚ 100 ਮਿਲੀਅਨ ਤੋਂ ਵੱਧ ਲੋਕ ਇਹ ਬੋਲੀ ਬੋਲਦੇ ਹਨ। ਇਹ ਭਾਰਤ ਅਤੇ ਪਾਕਿਸਤਾਨ ਤੋਂ ਇਲਾਵਾ ਕਈ ਹੋਰ ਦੇਸ਼ਾਂ ਵਿੱਚ ਵੀ ਬੋਲੀ ਜਾਂਦੀ ਹੈ। ਪੰਜਾਬੀ ਭਾਸ਼ਾ ਦੇ ਬੋਲਚਾਲ ਦਾ ਤਰੀਕਾ ਹੀ 'ਪੰਜਾਬੀ ਬੋਲੀ' ਹੈ, ਜੋ ਰੋਜ਼ਾਨਾ ਗੱਲਬਾਤ ਵਿੱਚ ਪਰਿਵਾਰਾਂ, ਦੋਸਤਾਂ ਅਤੇ ਭਾਈਚਾਰਿਆਂ ਵਿੱਚ ਬੋਲੀ ਜਾਂਦੀ ਹੈ। ਪੰਜਾਬੀ ਬੋਲੀ ਲੋਕਾਂ ਦੇ ਆਮ ਜੀਵਨ ਚਲਨ ਵਿੱਚ, ਵਿਚਾਰ ਸਾਂਝੇ ਕਰਨ, ਕਥਾ-ਵਾਰਤਾ ਸੁਣਾਉਣ, ਲੋਕ ਗੀਤਾਂ ਅਤੇ ਰੀਤੀ ਰਿਵਾਜਾਂ ਆਦਿ ਵਿੱਚ ਵਰਤੀ ਜਾਂਦੀ ਹੈ। 'ਬੋਲੀ' ਸ਼ਬਦ ਦੇ ਡੂੰਘੇ ਸੱਭਿਆਚਾਰਕ ਅਰਥ ਹਨ ਅਤੇ ਇਹ ਪੰਜਾਬੀ ਬੋਲਣ ਵਾਲਿਆਂ ਵਿੱਚ ਆਪਸੀ ਨੇੜਤਾ ਤੇ ਜਾਣ-ਪਛਾਣ ਦੀ ਭਾਵਨਾ ਪੈਦਾ ਕਰਦੀ ਹੈ।

ਪੰਜਾਬੀ ਭਾਸ਼ਾ ਦੀਆਂ ਕਈ ਉਪਭਾਸ਼ਾਵਾਂ ਹਨ, ਜੋ ਪੰਜਾਬ ਦੇ ਵੱਖ-ਵੱਖ ਖੇਤਰਾਂ ਨਾਲ ਸਬੰਧਿਤ ਹਨ। ਪ੍ਰਮੁੱਖ ਉਪਭਾਸ਼ਾਵਾਂ ਵਿੱਚ ਮਾਝੀ, ਦੁਆਬੀ, ਮਲਵਈ ਅਤੇ ਪੋਠੋਹਾਰੀ ਸ਼ਾਮਿਲ ਹਨ। ਮਾਝੀ, ਮੱਧ ਪੰਜਾਬ ਵਿੱਚ ਬੋਲੀ ਜਾਂਦੀ ਹੈ ਅਤੇ ਮਿਆਰੀ ਬੋਲੀ ਮੰਨੀ ਜਾਂਦੀ ਹੈ। ਦੁਆਬੀ, ਬਿਆਸ ਅਤੇ ਸਤਲੁਜ ਦਰਿਆਵਾਂ ਦੇ ਵਿਚਕਾਰ ਦੁਆਬਾ ਖੇਤਰ ਵਿੱਚ ਬੋਲੀ ਜਾਂਦੀ ਹੈ। ਮਲਵਈ, ਪੰਜਾਬ ਦੇ ਮਾਲਵਾ ਖੇਤਰ ਵਿੱਚ ਬੋਲੀ ਜਾਂਦੀ ਹੈ ਅਤੇ ਪੋਠੋਹਾਰੀ ਉੱਤਰੀ ਪੰਜਾਬ ਤੇ ਆਜ਼ਾਦ ਕਸ਼ਮੀਰ ਦੇ ਕੁਝ ਹਿੱਸਿਆਂ ਵਿੱਚ ਬੋਲੀ ਜਾਂਦੀ ਹੈ।

'ਪੰਜਾਬੀ ਬੋਲੀ' ਅਤੇ 'ਪੰਜਾਬੀ ਭਾਸ਼ਾ' ਮੂਲ ਰੂਪ ਵਿੱਚ ਇੱਕੋ ਸਿੱਕੇ ਦੇ ਹੀ ਦੋ ਪਾਸੇ ਹਨ। ਪੰਜਾਬੀ ਭਾਸ਼ਾ ਦੇ ਸੰਦਰਭ ਵਿੱਚ 'ਬੋਲੀ' ਸ਼ਬਦ ਦੀ ਵਰਤੋਂ ਅਕਸਰ ਭਾਸ਼ਾ ਦੇ ਬੋਲਣ ਵਾਲੇ ਰੂਪ ਨੂੰ ਦਰਸਾਉਣ ਲਈ ਕੀਤੀ ਜਾਂਦੀ ਹੈ। ਪੰਜਾਬੀ ਬੋਲੀ ਪੰਜਾਬੀ ਲੋਕਾਂ ਦੀ ਮੌਖਿਕ ਪਰੰਪਰਾ, ਸੱਭਿਆਚਾਰਕ ਅਮੀਰੀ ਅਤੇ ਪੰਜਾਬੀ ਦੇ ਜੀਵੰਤ ਤੇ ਭਾਵਪੂਰਣ ਸੁਭਾਅ ਨੂੰ ਉਜਾਗਰ ਕਰਦੀ ਹੈ। ਦੂਜੇ ਪੱਖੋਂ 'ਪੰਜਾਬੀ ਭਾਸ਼ਾ' ਇੱਕ ਵਿਆਪਕ ਭਾਸ਼ਾਈ ਪ੍ਰਣਾਲੀ ਨੂੰ ਦਰਸਾਉਂਦੀ ਹੈ, ਜਿਸ ਵਿੱਚ ਬੋਲੀ ਅਤੇ ਲਿਖਤੀ ਰੂਪ ਸ਼ਾਮਲ ਹੁੰਦੇ ਹਨ। ਇਹ ਦੋਨੋਂ ਪੱਖ ਆਪਸੀ ਮੇਲ ਰਾਹੀਂ ਪੰਜਾਬੀ ਸੱਭਿਆਚਾਰ ਅਤੇ ਪਛਾਣ ਦੇ ਤੱਤਾਂ ਨੂੰ ਪ੍ਰਗਟ ਕਰਦੇ ਹਨ। ਪੰਜਾਬੀ ਭਾਸ਼ਾ ਭਾਰਤ ਵਿੱਚ ਗੁਰਮੁਖੀ ਲਿਪੀ ਅਤੇ ਪਾਕਿਸਤਾਨ ਵਿੱਚ ਸ਼ਾਹਮੁਖੀ ਲਿਪੀ ਵਿੱਚ ਲਿਖੀ ਜਾਂਦੀ ਹੈ। ਗੁਰਮੁਖੀ ਸ਼ਬਦ ਦਾ ਅਰਥ ਹੈ 'ਗੁਰੂ ਦੇ ਮੂੰਹੋਂ", ਸਿੱਖ ਗੁਰੂ ਸਾਹਿਬਾਨ ਦੁਆਰਾ 16ਵੀਂ ਸਦੀ ਵਿੱਚ ਵਿਕਸਤ ਕੀਤੀ ਗਈ ਸੀ ਅਤੇ ਇਹ ਭਾਰਤ ਦੇ ਪੰਜਾਬ ਰਾਜ ਦੀ ਸਰਕਾਰੀ ਭਾਸ਼ਾ (ਲਿਪੀ) ਹੈ। ਦੂਜੇ ਪਾਸੇ ਸ਼ਾਹਮੁਖੀ, ਪਾਕਿਸਤਾਨ ਵਿੱਚ ਵਰਤੀ ਜਾਣ ਵਾਲੀ ਪਰਸ਼ੋ-ਅਰਬੀ ਲਿਪੀ ਹੈ।

ਇਤਿਹਾਸਕ ਅਤੇ ਸੱਭਿਆਚਾਰਕ ਮੇਲ-ਜੋਲ ਕਾਰਨ ਪੰਜਾਬੀ ਭਾਸ਼ਾ ਨੇ ਵੱਖ-ਵੱਖ ਭਾਸ਼ਾਵਾਂ ਦੇ ਅਨੇਕ ਸ਼ਬਦਾਂ ਨੂੰ ਆਪਣੇ ਵਿੱਚ ਸਮੋ ਲਿਆ ਹੈ। ਪੰਜਾਬੀ ਭਾਸ਼ਾ ਵਿੱਚ ਸੰਸਕ੍ਰਿਤ, ਫ਼ਾਰਸੀ, ਅਰਬੀ ਅਤੇ ਅੰਗਰੇਜ਼ੀ ਦੇ ਬਹੁਤ ਸਾਰੇ ਸ਼ਬਦ ਸਮੋ ਲਏ ਜਾਣ ਕਾਰਨ ਇਸ ਦੀ ਸ਼ਬਦਾਵਲੀ ਬਹੁਤ ਅਮੀਰ ਹੈ। ਇਸ ਤਰ੍ਹਾਂ ਇਹ ਇੱਕ ਅੱਡਰੀ ਅਤੇ ਪ੍ਰਭਾਵਸ਼ਾਲੀ ਭਾਸ਼ਾ ਬਣ ਚੁੱਕੀ ਹੈ। ਪੰਜਾਬੀ ਭਾਸ਼ਾ ਦੀ ਅਮੀਰ ਸਾਹਿਤਕ ਵਿਰਾਸਤ ਵਿੱਚ ਕਵਿਤਾ, ਲੋਕ ਗੀਤ ਅਤੇ ਮੌਖਿਕ ਕਹਾਣੀ ਸੁਣਾਉਣ ਦੀ ਇੱਕ ਲੰਮੀ ਪਰੰਪਰਾ ਹੈ। ਪੰਜਾਬੀ ਭਾਸ਼ਾ ਦੇ ਪ੍ਰਮੁੱਖ ਕਵੀਆਂ ਵਿੱਚ ਗੁਰੂ ਨਾਨਕ ਸਾਹਿਬ, ਬਾਬਾ ਫਰੀਦ ਜੀ, ਬੁੱਲ੍ਹੇ ਸ਼ਾਹ ਅਤੇ ਵਾਰਿਸ ਸ਼ਾਹ ਦਾ ਵਿਸ਼ੇਸ਼ ਸਥਾਨ ਹੈ। ਅਜੋਕੇ ਸਮੇਂ ਦੌਰਾਨ ਪੰਜਾਬੀ ਸੰਗੀਤ ਅੰਤਰਰਾਸ਼ਟਰੀ ਪ੍ਰਸਿੱਧੀ ਹਾਸਿਲ ਕਰ ਚੁੱਕਾ ਹੈ ਅਤੇ ਪੰਜਾਬੀ ਸਿਨੇਮਾ, ਜਿਸ ਨੂੰ ਅਕਸਰ 'ਪਾਲੀਵੁੱਡ' ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਵੀ ਕਾਫ਼ੀ ਤਰੱਕੀ ਉੱਤੇ ਹੈ। ਪੰਜਾਬੀ ਬੋਲੀ, ਪੰਜਾਬੀ ਲੋਕਾਂ ਦੀ ਸੱਭਿਆਚਾਰਕ ਪਛਾਣ ਦੀ ਨਿਸ਼ਾਨਦੇਹੀ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਪੰਜਾਬੀ ਭਾਸ਼ਾ ਧਾਰਮਿਕ ਕੰਮਾਂ-ਕਾਰਾਂ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਅ ਰਹੀ ਹੈ। ਸਿੱਖਾਂ ਦਾ ਪਵਿੱਤਰ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰਮੁਖੀ ਵਿੱਚ ਲਿਖਿਆ ਗਿਆ ਹੈ। ਗੁਰਬਾਣੀ ਸਿੱਖਾਂ ਦੀ ਪ੍ਰਭੂ ਭਗਤੀ ਅਤੇ ਅਧਿਆਤਮਿਕਤਾ ਦਾ ਇੱਕ ਅਨਿੱਖੜਵਾਂ ਅੰਗ ਹੈ।

ਵਿਸ਼ਵੀਕਰਨ ਦੇ ਦੌਰ ਅੰਦਰ ਵਿਸ਼ਵ ਭਰ ਵਿੱਚ ਮੌਜੂਦ ਵਿਸ਼ਾਲ ਪੰਜਾਬੀ ਡਾਇਸਪੋਰਾ ਦੇ ਕਾਰਨ, ਪੰਜਾਬੀ ਭਾਸ਼ਾ ਵੱਖ-ਵੱਖ ਦੇਸ਼ਾਂ ਵਿੱਚ ਫੈਲ ਚੁੱਕੀ ਹੈ ਅਤੇ ਪਰਵਾਸੀ ਭਾਈਚਾਰਿਆਂ ਵਿੱਚ ਪ੍ਰਫੁੱਲਤ ਹੋ ਰਹੀ ਹੈ। ਇੰਗਲੈਂਡ, ਕੈਨੇਡਾ, ਅਮਰੀਕਾ, ਆਸਟ੍ਰੇਲੀਆ ਅਤੇ ਮੱਧ ਪੂਰਬ ਵਰਗੇ ਦੇਸ਼ਾਂ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਆਬਾਦੀ ਕਾਫ਼ੀ ਮਾਤਰਾ ਵਿੱਚ ਹੈ। ਇਸ ਦੀ ਵਿਆਪਕ ਵਰਤੋਂ ਦੇ ਬਾਵਜੂਦ, ਪੰਜਾਬੀ ਭਾਸ਼ਾ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਵੇਂ ਕਿ ਸਿੱਖਿਆ ਅਤੇ ਸਰਕਾਰੀ ਕੰਮਾਂ-ਕਾਰਾਂ ਵਿੱਚ ਹਿੰਦੀ ਅਤੇ ਅੰਗਰੇਜ਼ੀ ਦਾ ਦਬਦਬਾ ਮੌਜੂਦ ਹੈ। ਇਸ ਦੇ ਬਾਵਜੂਦ ਪੰਜਾਬੀ ਭਾਸ਼ਾ ਨੂੰ ਉਤਸ਼ਾਹਿਤ ਕਰਨ ਤੇ ਸੁਰੱਖਿਅਤ ਰੱਖਣ ਲਈ ਯਤਨ ਲਗਾਤਾਰ ਜਾਰੀ ਹਨ ਅਤੇ ਇਹ ਮੀਡੀਆ, ਮਨੋਰੰਜਨ ਤੇ ਰੋਜ਼ਾਨਾ ਸੰਚਾਰ ਸਮੇਤ ਜੀਵਨ ਦੇ ਵੱਖ-ਵੱਖ ਪਹਿਲੂਆਂ ਵਿੱਚ ਪ੍ਰਫੁੱਲਤ ਹੋ ਰਹੀ ਹੈ।

## ਪੰਜਾਬੀ ਭਾਸ਼ਾ ਉੱਤੇ ਏ.ਆਈ. ਦੇ ਚੰਗੇ ਪ੍ਰਭਾਵ

ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਪੰਜਾਬੀ ਭਾਸ਼ਾ ਦੇ ਸੰਚਾਰ, ਸੰਭਾਲ ਅਤੇ ਉਪਲਬਧੀ ਦੇ ਕਾਰਜਾਂ ਵਿੱਚ ਕਈ ਚੰਗੇ ਪ੍ਰਭਾਵਾਂ ਕਾਰਨ ਵਰਦਾਨ ਸਾਬਤ ਹੋ ਰਹੀ ਹੈ। ਇਥੇ ਕੁਝ ਕੁ ਪ੍ਰਮੁੱਖ ਤਰੀਕਿਆਂ ਦਾ ਵਰਨਣ ਕੀਤਾ ਗਿਆ ਹੈ, ਜਿਨ੍ਹਾਂ ਰਾਹੀਂ ਏ.ਆਈ. ਪੰਜਾਬੀ ਭਾਸ਼ਾ ਨੂੰ ਚੰਗੇ ਢੰਗ ਨਾਲ ਪ੍ਰਭਾਵਿਤ ਕਰ ਰਹੀ ਹੈ।

ਪੰਜਾਬੀ ਭਾਸ਼ਾ ਨੂੰ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਕਰਨ ਲਈ ਏ.ਆਈ. ਆਧਾਰਿਤ ਭਾਸ਼ਾ-ਅਨੁਵਾਦ ਸੁਵਿਧਾ ਆਮ ਹੋ ਚੁੱਕੀ ਹੈ, ਜਿਸ ਰਾਹੀਂ ਪੰਜਾਬੀ ਸਾਹਿਤ ਤੇ ਹੋਰ ਸਮੱਗਰੀ ਨੂੰ ਵਿਸ਼ਵਵਿਆਪੀ ਪਾਠਕਾਂ ਤੱਕ ਪਹੁੰਚਾਉਣਾ ਸੰਭਵ ਹੋ ਚੁੱਕਾ ਹੈ। ਇਹ ਸੁਵਿਧਾ ਹੋਰ ਭਾਸ਼ਾਵਾਂ ਦੇ ਸਾਹਿਤ ਤੇ ਸਮੱਗਰੀ ਦਾ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਕਰਨ ਦੇ ਵੀ ਸਮਰਥ ਹੈ, ਜਿਸ ਦੇ ਫਲਸਰੂਪ ਸੱਭਿਆਚਾਰਕ ਅਦਾਨ-ਪ੍ਰਦਾਨ ਅਤੇ ਸੰਚਾਰ ਕਾਰਜਾਂ ਵਿੱਚ ਵੱਡੀ ਸਹਾਇਤਾ ਮਿਲ ਰਹੀ ਹੈ। ਅੱਜ ਕੱਲ੍ਹ ਏ.ਆਈ. ਆਧਾਰਿਤ ਆਵਾਜ਼ੀ ਪਛਾਣ ਤਕਨਾਲੋਜੀ ਦੀ ਵਰਤੋਂ ਸੰਭਵ ਹੋ ਚੁੱਕੀ ਹੈ, ਜਿਸ ਦੀ ਵਰਤੋਂ ਨਾਲ ਹੋਰ ਭਾਸ਼ਾਵਾਂ ਦੇ ਵਰਤੋਂਕਾਰਾਂ ਨਾਲ, ਪੰਜਾਬੀ ਬੋਲੀ ਰਾਹੀਂ ਹੀ ਗੱਲਬਾਤ ਕਰਨਾ ਆਸਾਨ ਹੋ ਗਿਆ ਹੈ। ਪੰਜਾਬੀ ਬੋਲੀ ਨੂੰ ਸਮਝਣ ਅਤੇ ਜਵਾਬ ਦੇਣ ਲਈ ਆਵਾਜ਼-ਨਿਯੰਤਰਿਤ ਯੰਤਰ ਮੌਜੂਦ ਹਨ, ਜੋ ਪੰਜਾਬੀ ਬੋਲਣ ਵਾਲਿਆਂ ਲਈ ਖ਼ਰੀਦੋ-ਫ਼ਰੋਖਤ ਦੇ ਅਨੁਭਵ ਵਿੱਚ ਵਾਧਾ ਕਰ ਰਹੇ ਹਨ। ਕਈ ਕਾਰੋਬਾਰ ਤਾਂ ਪੰਜਾਬੀ ਭਾਸ਼ਾ ਦੀ ਵਰਤੋਂ ਵਾਲੇ ਏ.ਆਈ. ਆਧਾਰਿਤ ਚੈਟਬੋਟਸ ਅਤੇ ਵਰਚੁਅਲ ਅਸਿਸਟੈਂਟਸ ਰਾਹੀਂ ਗਾਹਕਾਂ ਨੂੰ ਸੇਵਾਵਾਂ ਮੁਹੱਈਆ ਕਰਵਾਉਣ ਲੱਗ ਪਏ ਹਨ, ਜਿਸ ਨਾਲ ਕਾਰੋਬਾਰਾਂ ਨੂੰ ਪੰਜਾਬੀ ਬੋਲਣ ਵਾਲੇ ਗਾਹਕਾਂ ਨੂੰ ਪ੍ਰਭਾਵਸ਼ਾਲੀ ਤੇ ਕੁਸ਼ਲਤਾ ਪੂਰਨ ਸੇਵਾਵਾਂ ਪ੍ਰਦਾਨ ਕਰਨ ਵਿੱਚ ਸਫਲਤਾ ਮਿਲ ਰਹੀ ਹੈ।

ਪੰਜਾਬੀ ਸਾਹਿਤ, ਇਤਿਹਾਸਕ ਦਸਤਾਵੇਜ਼ਾਂ ਅਤੇ ਲੋਕ ਗੀਤਾਂ ਨੂੰ ਡਿਜੀਟਾਈਜ਼ ਕਰਨ ਅਤੇ ਸੰਭਾਲਣ ਵਿੱਚ ਵੀ ਏ.ਆਈ. ਮਹੱਤਵਪੂਰਨ ਭੂਮਿਕਾ ਨਿਭਾਅ ਰਹੀ ਹੈ। ਭਵਿੱਖ ਦੀਆਂ ਪੀੜ੍ਹੀਆਂ ਲਈ ਪੰਜਾਬੀ ਸੱਭਿਆਚਾਰਕ ਵਿਰਸੇ ਦੀ ਸੰਭਾਲ ਅਤੇ ਪ੍ਰਚਾਰ ਕਰਨ ਹਿੱਤ ਏ.ਆਈ. ਪੰਜਾਬੀ ਲਿਖਤਾਂ ਨੂੰ ਡਿਜੀਟਲ ਰੂਪ ਵਿੱਚ ਬਦਲ ਕੇ ਸਾਡੀ ਮਦਦ ਕਰ ਰਹੀ ਹੈ। ਏ.ਆਈ. ਆਧਾਰਿਤ ਭਾਸ਼ਾ ਸਿਖਲਾਈ ਐਪਸ ਪੰਜਾਬੀ ਬੋਲੀ ਵਿੱਚ ਮੁਹਾਰਤ ਹਾਸਲ ਕਰਨ ਲਈ ਚਾਹਵਾਨ ਸਿੱਖਿਆਰਥੀਆਂ ਲਈ ਵਿਅਕਤੀਗਤ ਲੋੜਾਂ ਅਨੁਸਾਰ ਭਾਸ਼ਾ ਦੇ ਕੋਰਸ ਪੇਸ਼ ਕਰ ਰਹੀਆਂ ਹਨ। ਇਹ ਐਪਸ ਸਿੱਖਿਆਰਥੀ ਦੇ ਨਿੱਜੀ ਸਿੱਖਣ ਢੰਗਾਂ ਦੇ ਅਨੁਕੂਲ ਬਣਾਏ ਜਾਂਦੇ ਹਨ ਅਤੇ ਇਹ ਭਾਸ਼ਾ ਸਿੱਖਣ ਦੇ ਤਰੀਕਿਆਂ ਨੂੰ ਵਧੇਰੇ ਦਿਲਚਸਪ ਤੇ ਪ੍ਰਭਾਵਸ਼ਾਲੀ ਬਣਾਉਂਦੇ ਹਨ। ਅੱਜ ਕੱਲ੍ਹ ਏ.ਆਈ. ਦੀ ਵਰਤੋਂ ਪੰਜਾਬੀ ਵਿੱਚ ਸਮੱਗਰੀ ਖਾਸ ਕਰ ਖ਼ਬਰਾਂ, ਲੇਖ, ਸੋਸ਼ਲ ਮੀਡੀਆ ਪੋਸਟਾਂ ਅਤੇ ਇਸ਼ਤਿਹਾਰ ਆਦਿ ਤਿਆਰ ਕਰਨ ਲਈ ਵੀ ਕੀਤੀ ਜਾ ਰਹੀ ਹੈ। ਹੋਰ ਭਾਸ਼ਾਵਾਂ ਵਿੱਚ ਛਪੀ ਸਮੱਗਰੀ ਨੂੰ ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਬੋਲਣ ਵਾਲਿਆਂ ਦੀਆਂ ਤਰਜੀਹਾਂ ਦੇ ਅਨੁਕੂਲ ਬਣਾਉਣ ਵਿੱਚ ਵੀ ਏ.ਆਈ. ਦਾ ਕੋਈ ਸਾਨੀ ਨਹੀਂ ਹੈ। ਸੋਸ਼ਲ ਮੀਡੀਆ ਉੱਤੇ ਪੰਜਾਬੀ ਭਾਸ਼ਾ ਰਾਹੀਂ ਪ੍ਰਗਟਾਈਆਂ ਭਾਵਨਾਵਾਂ ਦਾ ਵਿਸ਼ਲੇਸ਼ਣ ਕਰਨ ਲਈ ਵੀ ਏ.ਆਈ. ਦੀ ਵਰਤੋਂ ਕੀਤੀ ਜਾ ਰਹੀ ਹੈ। ਅਜਿਹੀ ਜਾਣਕਾਰੀ ਕਾਰੋਬਾਰਾਂ ਅਤੇ ਨੀਤੀ ਘਾੜਿਆਂ ਨੂੰ ਪੰਜਾਬੀ ਲੋਕਾਂ ਦੇ ਵਿਚਾਰਾਂ, ਚਿੰਤਾਵਾਂ ਅਤੇ ਰੁਝਾਨਾਂ ਨੂੰ ਸਮਝਣ ਲਈ ਬਹੁਤ ਲਾਹੇਵੰਦ ਹੁੰਦੀ ਹੈ।

ਏ.ਆਈ. ਆਧਾਰਿਤ ਟੈਕਸਟ-ਟੂ-ਸਪੀਚ (ਟੀ.ਟੀ.ਐਸ.) ਅਤੇ ਆਪਟੀਕਲ ਅੱਖਰ ਪਛਾਣ (ਓ.ਸੀ.ਆਰ.) ਤਕਨੀਕਾਂ ਨੇਤਰਹੀਣ ਵਿਅਕਤੀਆਂ ਨੂੰ ਪੰਜਾਬੀ ਲਿਖਤਾਂ ਨੂੰ ਜਾਨਣ ਤੇ ਸਮਝਣ ਵਿੱਚ ਮਦਦ ਕਰ ਰਹੀਆਂ ਹਨ। ਟੀ.ਟੀ.ਐਸ. ਯੰਤਰ ਪੰਜਾਬੀ ਲਿਖਤਾਂ ਨੂੰ ਪੜ੍ਹ ਸਕਦਾ ਹੈ ਅਤੇ ਓ.ਸੀ.ਆਰ. ਯੰਤਰ ਲਿਖਤਾਂ ਨੂੰ ਸਕ੍ਰੀਨ ਰੀਡਰਾਂ ਲਈ ਡਿਜੀਟਲ ਰੂਪ ਵਿੱਚ ਬਦਲਣ ਦਾ ਕੰਮ ਕਰਦਾ ਹੈ। ਏ.ਆਈ. ਦੁਆਰਾ ਆਧਾਰਿਤ ਭਾਸ਼ਾ ਪ੍ਰੋਸੈਸਿੰਗ ਯੰਤਰ ਸਿਹਤ ਸੰਭਾਲ ਦੇ ਕਾਰਜਾਂ ਵਿੱਚ ਜੁੱਟੇ ਮਾਹਿਰਾਂ ਨੂੰ ਪੰਜਾਬੀ ਭਾਸ਼ਾ ਵਿੱਚ ਲਿਖੀ ਮਰੀਜ਼ਾਂ ਦੀ ਜਾਣਕਾਰੀ (ਮੈਡੀਕਲ ਰਿਕਾਰਡਾਂ) ਨੂੰ ਸਮਝਣ ਵਿੱਚ ਸਹਾਇਤਾ ਕਰ ਰਹੇ ਹਨ। ਇਹ ਯੰਤਰ ਸਿਹਤ ਸੰਭਾਲ ਪੇਸ਼ੇਵਰਾਂ ਅਤੇ ਪੰਜਾਬੀ ਬੋਲਣ ਵਾਲੇ ਮਰੀਜ਼ਾਂ ਵਿਚਕਾਰ ਗੱਲਬਾਤ ਸਹਿਜ ਬਣਾਉਣ ਵਿੱਚ ਮਦਦ ਕਰ ਰਹੇ ਹਨ, ਜਿਸ ਨਾਲ ਸਿਹਤ ਸੰਭਾਲ ਦੇ ਖੇਤਰ ਵਿੱਚ ਵੱਡਾ ਸੁਧਾਰ ਹੋਇਆ ਹੈ।

ਪੰਜਾਬੀ ਭਾਸ਼ਾ ਦੇ ਵਿਲੱਖਣ ਪੱਖਾਂ ਅਤੇ ਖੇਤਰੀ ਉਪਭਾਸ਼ਾਵਾਂ ਬਾਰੇ ਜਾਣਕਾਰੀ ਤਿਆਰ ਕਰਨ ਅਤੇ ਸੰਭਾਲਣ ਲਈ ਏ.ਆਈ. ਮਹੱਤਵਪੂਰਨ ਮਦਦ ਮੁਹੱਈਆ ਕਰਵਾ ਰਹੀ ਹੈ। ਘੱਟ ਜਾਣੇ ਜਾਂਦੇ ਖੇਤਰੀ ਭਾਸ਼ਾ ਅੰਤਰਾਂ ਬਾਰੇ ਮੌਜੂਦਾ ਜਾਣਕਾਰੀ, ਲਿਖਤਾਂ ਅਤੇ ਰਿਕਾਰਡਿੰਗਾਂ ਉੱਤੇ ਆਧਾਰਿਤ ਸੁਚੱਜੇ ਭਾਸ਼ਾ ਮਾਡਲ ਬਣਾ ਕੇ ਏ.ਆਈ. ਪੰਜਾਬੀ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਵਿੱਚ ਮਦਦ ਕਰ ਰਹੀ ਹੈ। ਏ.ਆਈ. ਆਧਾਰਿਤ ਭਾਸ਼ਾਈ ਐਪਸ ਦੁਨੀਆ ਭਰ ਵਿੱਚ ਪੰਜਾਬੀ ਬੋਲਣ ਵਾਲੇ ਲੋਕਾਂ ਅਤੇ ਭਾਈਚਾਰਿਆਂ ਵਿੱਚ ਸੱਭਿਆਚਾਰਕ ਅਦਾਨ-ਪ੍ਰਦਾਨ, ਗਿਆਨ ਵੰਡਣ, ਸੰਚਾਰ ਕਾਰਜਾਂ ਅਤੇ ਸਹਿਯੋਗੀ ਪ੍ਰਾਜੈਕਟਾਂ ਨੂੰ ਉਤਸ਼ਾਹਿਤ ਕਰਨ ਵਿੱਚ ਵੱਡਾ ਯੋਗਦਾਨ ਪਾ ਰਹੀਆਂ ਹਨ। ਇਸ ਤਰ੍ਹਾਂ ਏ.ਆਈ. ਅਜੋਕੇ ਡਿਜੀਟਲ ਯੁੱਗ ਵਿੱਚ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੀ ਨਿਰੰਤਰ ਪ੍ਰਫੁੱਲਤਾ ਅਤੇ ਤਰੱਕੀ ਲਈ ਅਹਿਮ ਮਦਦਗਾਰ ਸਾਬਤ ਹੋ ਰਹੀ ਹੈ।

## ਚੁਣੌਤੀਆਂ: ਪੰਜਾਬੀ ਭਾਸ਼ਾ ਉੱਤੇ ਏ.ਆਈ. ਦੇ ਮਾੜੇ ਪ੍ਰਭਾਵ

ਬੇਸ਼ਕ ਏ.ਆਈ. ਦੇ ਪੰਜਾਬੀ ਭਾਸ਼ਾ ਉੱਤੇ ਬਹੁਤ ਸਾਰੇ ਚੰਗੇ ਪ੍ਰਭਾਵ ਦੇਖੇ ਜਾ ਰਹੇ ਹਨ, ਪਰ ਇਹ ਪੰਜਾਬੀ ਭਾਸ਼ਾ ਅਤੇ ਇਸ ਦੇ ਬੋਲਣ ਵਾਲਿਆਂ ਉੱਤੇ ਮਾੜਾ ਪ੍ਰਭਾਵ ਪੈਦਾ ਕਰਨ ਦੀ ਸਮਰੱਥਾ ਵੀ ਰੱਖਦੀ ਹੈ। ਪੰਜਾਬੀ ਭਾਸ਼ਾ ਉੱਤੇ ਏ.ਆਈ. ਦੇ ਕੁਝ ਸੰਭਾਵੀ ਮਾੜੇ ਪ੍ਰਭਾਵ ਇੰਝ ਹਨ:

ਅਜੇ ਏ.ਆਈ. ਆਧਾਰਿਤ ਭਾਸ਼ਾ-ਅਨੁਵਾਦ ਤਕਨਾਲੋਜੀ ਬਹੁਤ ਉੱਨਤ ਨਹੀਂ ਹੈ। ਜਿਵੇਂ ਹੀ ਏ.ਆਈ. ਆਧਾਰਿਤ ਅਨੁਵਾਦ ਅਤੇ ਸੰਚਾਰ ਕਾਰਜ ਵਧੇਰੇ ਉੱਨਤ ਅਤੇ ਪ੍ਰਚਲਿਤ ਹੋ ਜਾਣਗੇ ਤਾਂ ਸੰਭਵ ਹੈ ਕਿ ਕੁਝ ਪੰਜਾਬੀ ਲੋਕ, ਹੋਰ ਭਾਸ਼ਾਵਾਂ ਵਿੱਚ ਸੰਚਾਰ ਕਾਰਜਾਂ ਲਈ ਇਨ੍ਹਾਂ ਤਕਨਾਲੋਜੀਆਂ ਉੱਤੇ ਬਹੁਤ ਜ਼ਿਆਦਾ ਭਰੋਸਾ ਕਰ ਲੈਣ। ਅਜਿਹੇ ਹਾਲਾਤ ਵਿੱਚ ਪੰਜਾਬੀ ਭਾਸ਼ਾ ਦੀ ਵਰਤੋਂ ਵਿੱਚ ਗਿਰਾਵਟ ਆ ਸਕਦੀ ਹੈ, ਜੋ ਸਮੇਂ ਦੇ ਨਾਲ ਭਾਸ਼ਾ ਦੇ ਵਿਗਾੜ ਦਾ ਕਾਰਨ ਬਣ ਕਰ ਸਕਦੀ ਹੈ। ਏ.ਆਈ. ਆਧਾਰਿਤ ਸਮੱਗਰੀ ਉਤਪਾਦਨ ਪੰਜਾਬੀ ਭਾਸ਼ਾ ਦੇ ਮਿਆਰੀ ਰੂਪ ਦੀ ਵਰਤੋਂ ਕਰ ਸਕਦਾ ਹੈ ਤਾਂ ਜੋ ਵੱਡੇ ਪੱਧਰ ਉੱਤੇ ਪਾਠਕਾਂ ਨੂੰ ਜਾਣਕਾਰੀ ਪਹੁੰਚਾਈ ਜਾ ਸਕੇ। ਇਸ ਨਾਲ ਭਾਸ਼ਾ ਦਾ ਸਮਰੂਪੀਕਰਨ ਹੋ ਸਕਦਾ ਹੈ ਅਤੇ ਵਿਲੱਖਣ ਖੇਤਰੀ ਉਪਭਾਸ਼ਾਵਾਂ ਤੇ ਭਾਸ਼ਾਈ ਵਿਭਿੰਨਤਾ, ਜੋ ਪੰਜਾਬੀ ਸੱਭਿਆਚਾਰ ਨੂੰ ਅਮੀਰ ਬਣਾਉਂਦੀ ਹੈ, ਨੂੰ ਵੱਡਾ ਨੁਕਸਾਨ ਹੋ ਸਕਦਾ ਹੈ।

ਬੇਸ਼ਕ ਏ.ਆਈ. ਆਧਾਰਿਤ ਅਨੁਵਾਦ ਸਾਧਨਾਂ ਵਿੱਚ ਕਾਫ਼ੀ ਸੁਧਾਰ ਹੋਇਆ ਹੈ, ਪਰ ਉਹ ਪੂਰੀ ਤਰ੍ਹਾਂ ਨਿਪੁੰਨ ਨਹੀਂ ਹਨ। ਬਹੁਤ ਵਾਰ ਗੁੰਝਲਦਾਰ ਅਤੇ ਸੂਖਮ ਭਾਵਾਂ ਵਾਲੇ ਭਾਸ਼ਾਈ ਭੇਦਾਂ ਦੇ ਅਨੁਵਾਦਾਂ ਵਿੱਚ ਅਸ਼ੁੱਧੀਆਂ ਨਜ਼ਰ ਆ ਜਾਂਦੀਆਂ ਹਨ। ਅਜਿਹੀ ਸਮਗਰੀ ਦੇ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਕੀਤੇ ਜਾਣ ਨਾਲ ਪੰਜਾਬੀ ਭਾਸ਼ਾ ਬਾਰੇ ਗਲਤ ਬਿਆਨੀ ਪ੍ਰਚਲਿਤ ਹੋ ਸਕਦੀ ਹੈ। ਭਾਵੇਂ ਕਿ ਏ.ਆਈ. ਆਧਾਰਿਤ ਭਾਸ਼ਾ ਸਿੱਖਲਾਈ ਐਪਸ ਲਾਹੇਵੰਦ ਹੋ ਸਕਦੇ ਹਨ, ਪਰ ਅਜਿਹੀਆਂ ਤਕਨਾਲੋਜੀਆਂ ਉੱਤੇ ਬਹੁਤ ਵਧੇਰੇ ਨਿਰਭਰਤਾ ਸਿੱਖਿਆਰਥੀਆਂ ਨੂੰ ਪੰਜਾਬੀ ਬੋਲੀ ਤੇ ਭਾਸ਼ਾ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਏ.ਆਈ. ਦੀ ਵਰਤੋਂ ਕਾਰਨ ਪੰਜਾਬੀ ਭਾਸ਼ਾ ਨੂੰ ਦਰਪੇਸ਼ ਮੁਸ਼ਕਲਾਂ ਦਾ ਹੱਲ

ਏ.ਆਈ. ਦੁਆਰਾ ਪੰਜਾਬੀ ਭਾਸ਼ਾ ਨੂੰ ਦਰਪੇਸ਼ ਮੁਸ਼ਕਲਾਂ ਦਾ ਹੱਲ ਕਰਨ ਲਈ ਸਰਕਾਰਾਂ ਭਾਸ਼ਾ ਸੰਭਾਲ ਸੰਸਥਾਵਾਂ, ਏ.ਆਈ. ਡਿਵੈਲਪਰਾਂ, ਸਿੱਖਿਅਕਾਂ, ਅਤੇ ਪੰਜਾਬੀ ਬੋਲਣ ਵਾਲੇ ਭਾਈਚਾਰੇ ਨੂੰ ਸਾਂਝੇ ਤੌਰ ਉੱਤੇ ਯਤਨ ਕਰਨ ਦੀ ਲੋੜ ਹੈ। ਇਨ੍ਹਾਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਇੱਥੇ ਕੁਝ ਕੁ ਸੁਝਾਅ ਪੇਸ਼ ਹਨ:

ਪੰਜਾਬੀ ਪਛਾਣ ਅਤੇ ਸੱਭਿਆਚਾਰ ਦੇ ਇੱਕ ਅਹਿਮ ਅੰਗ ਵਜੋਂ ਪੰਜਾਬੀ ਭਾਸ਼ਾ ਨੂੰ ਸੰਭਾਲਣ ਅਤੇ ਇਸ ਦੇ ਵਿਕਾਸ ਦੇ ਮਹੱਤਵ ਬਾਰੇ ਜਾਗਰੂਕਤਾ ਪੈਦਾ ਕੀਤੀ ਜਾਣੀ ਚਾਹੀਦੀ ਹੈ। ਪੰਜਾਬੀ ਬੋਲਣ ਵਾਲਿਆਂ ਵਿੱਚ ਪੰਜਾਬੀ ਭਾਸ਼ਾ ਅਤੇ ਇਸ ਦੀ ਅਮੀਰ ਵਿਰਾਸਤ ਬਾਰੇ ਮਾਣ ਮਹਿਸੂਸ ਕਰਨ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਯੋਗ ਕਾਰਜ ਕੀਤੇ ਜਾਣੇ ਚਾਹੀਦੇ ਹਨ। ਉਹ ਸਕੂਲ ਅਤੇ ਵਿਦਿਅਕ ਅਦਾਰੇ, ਜੋ ਪੰਜਾਬੀ ਤੇ ਭਾਸ਼ਾ ਸਿਖਾਉਣ ਲਈ ਸਮਰਪਿਤ ਹਨ, ਉਨ੍ਹਾਂ ਦੇ ਭਾਸ਼ਾ ਸਿੱਖਿਆ ਪ੍ਰੋਗਰਾਮਾਂ ਵਿੱਚ ਵਧੇਰੇ ਨਿਵੇਸ਼ ਰਾਹੀਂ ਏ.ਆਈ. ਆਧਾਰਿਤ ਭਾਸ਼ਾ ਸਿਖਲਾਈ ਤਕਨਾਲੋਜੀ ਨੂੰ ਪਾਠਕ੍ਰਮ ਦਾ ਹਿੱਸਾ ਬਣਾ ਕੇ ਅਸੀਂ ਭਾਸ਼ਾ ਸਿਖਲਾਈ ਕਾਰਜਾਂ ਦਾ ਸਹੀ ਵਿਕਾਸ ਕਰਦੇ ਹੋਏ ਇਸ ਨੂੰ ਅਜੋਕੇ ਸਮੇਂ ਦੀਆਂ ਲੋੜਾਂ ਦੀ ਪੂਰਤੀ ਦੇ ਯੋਗ ਬਣਾ ਸਕਦੇ ਹਾਂ।

ਪੰਜਾਬੀ ਭਾਸ਼ਾ ਸੰਬੰਧਤ ਏ.ਆਈ. ਤਕਨਾਲੋਜੀਆਂ ਖਾਸ ਕਰ ਕੇ ਭਾਸ਼ਾ ਪ੍ਰੋਸੈਸਿੰਗ, ਆਵਾਜ਼ ਪਛਾਣ ਅਤੇ ਅਨੁਵਾਦ ਕਰਨ ਵਾਲੇ ਸਾਧਨਾਂ ਦੇ ਵਿਕਾਸ ਨੂੰ ਉਤਸ਼ਾਹਿਤ ਕੀਤਾ ਜਾਵੇ। ਪੱਖਪਾਤੀ ਅਤੇ ਗਲਤ ਪੇਸ਼ਕਾਰੀ ਤੋਂ ਬਚਣ ਲਈ ਵਿਭਿੰਨ ਅਤੇ ਪ੍ਰਮਾਣਿਤ ਜਾਣਕਾਰੀ ਦੇ ਇਕੱਤਰੀਕਰਨ ਤੇ ਵਰਤੋਂ ਨੂੰ ਤਰਜੀਹ ਦਿੱਤੀ ਜਾਵੇ। ਪੰਜਾਬੀ ਤੇ ਭਾਸ਼ਾ ਦੀਆਂ ਖੇਤਰੀ ਉਪਭਾਸ਼ਾਵਾਂ ਅਤੇ ਭਾਸ਼ਾਈ ਭਿੰਨਤਾਵਾਂ ਦਾ ਢੁਕਵਾਂ ਸਮਰਥਨ ਅਤੇ ਪ੍ਰਤੀਨਿਧਤਾ ਕਰਨ ਵਾਲੀਆਂ ਏ.ਆਈ. ਤਕਨਾਲੋਜੀਆਂ ਦਾ ਵਿਕਾਸ ਯਕੀਨੀ ਬਣਾਇਆ ਜਾਵੇ। ਖੇਤਰੀ ਉਪਭਾਸ਼ਾਵਾਂ ਅਤੇ ਭਾਸ਼ਾਈ ਭਿੰਨਤਾਵਾਂ ਦੀ ਸਥਾਈ ਕਾਇਮੀ ਯਕੀਨੀ ਬਣਾਉਣ ਲਈ ਉਪ-ਭਾਸ਼ਾਵਾਂ ਬਾਰੇ ਸਹੀ ਜਾਣਕਾਰੀ ਇਕੱਠਾ ਕਰਨ ਅਤੇ ਸੰਭਾਲਣ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

ਪੰਜਾਬੀ ਬੋਲਣ ਵਾਲਿਆਂ ਦੀ ਨਿੱਜੀ ਜਾਣਕਾਰੀ ਦੀ ਰੱਖਿਆ ਲਈ ਨਿੱਜੀ ਡਾਟਾ ਸੁਰੱਖਿਆ ਨਿਯਮਾਂ ਨੂੰ ਸਖਤੀ ਨਾਲ ਲਾਗੂ ਕਰਨਾ ਚਾਹੀਦਾ ਹੈ। ਅਜਿਹਾ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਏ.ਆਈ. ਆਧਾਰਿਤ ਭਾਸ਼ਾਈ ਯੰਤਰ, ਪੰਜਾਬੀ ਬੋਲਣ ਵਾਲਿਆਂ ਦੀ ਜਾਣਕਾਰੀ ਇਕੱਤਰ ਕਰਨ ਅਤੇ ਇਸ ਜਾਣਕਾਰੀ ਦੀ ਵਰਤੋਂ ਦੇ ਕੰਮਾਂ ਵਿੱਚ ਨੈਤਿਕ ਨਿਯਮਾਂ ਦੀ ਪਾਲਣਾ ਕਰਨ। ਏ.ਆਈ. ਡਿਵੈਲਪਰਾਂ ਨੂੰ ਐਲਗੋਰਿਦਮਾਂ ਦੇ ਵਿਕਾਸ ਵਿੱਚ ਸੱਭਿਆਚਾਰਕ ਸੰਵੇਦਨਸ਼ੀਲਤਾ ਨੂੰ ਸ਼ਾਮਲ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਏ.ਆਈ. ਦੁਆਰਾ ਤਿਆਰ ਕੀਤੀ ਗਈ ਸਮੱਗਰੀ ਪੰਜਾਬੀ ਬੋਲੀ ਤੇ ਭਾਸ਼ਾ ਦੀਆਂ ਸੱਭਿਆਚਾਰਕ ਸੂਖਮਤਾਵਾਂ ਨੂੰ ਸਹੀ ਰੂਪ ਵਿੱਚ ਦਰਸਾਉਂਦੀ ਹੈ ਅਤੇ ਰੂੜ੍ਹੀਵਾਦੀ ਧਾਰਨਾਵਾਂ ਤੋਂ ਮੁਕਤ ਹੈ।

ਸਾਰੇ ਪੰਜਾਬੀ ਬੋਲਣ ਵਾਲਿਆਂ ਲਈ ਏ.ਆਈ. ਆਧਾਰਿਤ ਸਾਧਨਾਂ ਦੀ ਉਪਲਬਧੀ ਦੇ ਬਰਾਬਰ ਮੌਕੇ ਯਕੀਨੀ ਬਣਾਉਣ ਲਈ ਪੇਂਡੂ ਅਤੇ ਡਿਜੀਟਲ ਸੁਵਿਧਾਵਾਂ ਦੀ ਘਾਟ ਵਾਲੇ ਖੇਤਰਾਂ ਵਿੱਚ ਇੰਟਰਨੈਟ ਕਨੈਕਟੀਵਿਟੀ ਅਤੇ ਡਿਜੀਟਲ ਸੇਵਾਵਾਂ ਦੀ ਨਿਰੰਤਰਤਾ ਬਣਾਈ ਰੱਖਣ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਏ.ਆਈ. ਡਿਵੈਲਪਰਾਂ, ਭਾਸ਼ਾ ਸੰਭਾਲ ਸੰਸਥਾਵਾਂ, ਸਿੱਖਿਅਕਾਂ ਅਤੇ ਪੰਜਾਬੀ ਬੋਲਣ ਵਾਲੇ ਭਾਈਚਾਰੇ ਵਿਚਕਾਰ ਸਹਿਯੋਗ ਨੂੰ ਉਤਸ਼ਾਹਿਤ ਕਰਦੇ ਹੋਏ ਅਜਿਹੀਆਂ ਭਾਸ਼ਾਈ ਤਕਨਾਲੋਜੀਆਂ ਦਾ ਵਿਕਾਸ ਕੀਤਾ ਜਾਵੇ, ਜੋ ਭਾਈਚਾਰੇ ਦੀਆਂ ਕਦਰਾਂ-ਕੀਮਤਾਂ ਅਤੇ ਲੋੜਾਂ ਦੀ ਸਹੀ ਪਛਾਣ ਤੇ ਪੂਰਤੀ ਕਰ ਸਕਣ।

ਪੰਜਾਬੀ ਬੋਲੀ ਅਤੇ ਹੋਰ ਭਾਸ਼ਾਵਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਦੇ ਹੋਏ, ਸਿੱਖਿਆਰਥੀਆਂ ਵਿੱਚ ਬਹੁ-ਭਾਸ਼ਾਈ ਹੁਨਰ ਦਾ ਵਿਕਾਸ ਕੀਤਾ ਜਾਵੇ। ਹੋਰ ਭਾਸ਼ਾਵਾਂ ਵਿੱਚ ਮੁਹਾਰਤ ਹਾਸਲ ਕਰਨ ਦੇ ਮਹੱਤਵ ਦੇ ਨਾਲ-ਨਾਲ ਪੰਜਾਬੀ ਬੋਲੀ ਦੀਆਂ ਵਿਲੱਖਣ ਸੱਭਿਆਚਾਰਕ ਅਤੇ ਸੰਚਾਰ ਸਮਰਥਾ ਬਾਰੇ ਸਿੱਖਿਆਰਥੀਆਂ ਨੂੰ ਜਾਣੂੰ ਕਰਾਉਣਾ ਚਾਹੀਦਾ ਹੈ। ਪੰਜਾਬੀ ਸੱਭਿਆਚਾਰਕ ਵਿਰਸੇ ਦੀ ਸਾਂਭ-ਸੰਭਾਲ ਅਤੇ ਵਿਕਾਸ ਲਈ ਰਵਾਇਤੀ ਪੰਜਾਬੀ ਸਾਹਿਤ, ਇਤਿਹਾਸਕ ਦਸਤਾਵੇਜ਼ਾਂ ਅਤੇ ਮੌਖਿਕ ਕਹਾਣੀ ਸੁਣਾਉਣ ਦੇ ਹੁਨਰ ਦੀ ਸੰਭਾਲ ਵਿੱਚ ਏ.ਆਈ. ਤਕਨੀਕਾਂ ਦੀ ਵਰਤੋਂ ਕੀਤੀ ਜਾਵੇ। ਰਵਾਇਤੀ ਸੰਗੀਤ, ਕਲਾ ਅਤੇ ਸਾਹਿਤ ਨੂੰ ਸੁਰੱਖਿਅਤ ਰੱਖਣ ਤੇ ਉਤਸ਼ਾਹਿਤ ਕਰਨ ਲਈ ਉਚਿਤ ਏ.ਆਈ. ਤਕਨਾਲੋਜੀ ਵਿਕਸਤ ਕੀਤੀ ਜਾਣੀ ਚਾਹੀਦੀ ਹੈ।

ਭਾਸ਼ਾ ਦੀ ਸੰਭਾਲ ਅਤੇ ਸੱਭਿਆਚਾਰਕ ਸੰਵੇਦਨਸ਼ੀਲਤਾ ਨੂੰ ਤਰਜੀਹ ਦੇਣ ਵਾਲੇ ਏ.ਆਈ. ਸਾਧਨਾਂ ਦਾ ਸਮਰਥਨ ਕਰਨਾ ਜ਼ਰੂਰੀ ਹੈ। ਏ.ਆਈ. ਡਿਵੈਲਪਰਾਂ ਅਤੇ ਸੰਸਥਾਵਾਂ ਨੂੰ ਆਪਣੇ ਐਲਗੋਰਿਦਮ ਦੀਆਂ ਸੀਮਾਵਾਂ ਬਾਰੇ ਪਾਰਦਰਸ਼ੀ ਹੋਣਾ ਚਾਹੀਦਾ ਹੈ ਅਤੇ ਸਰਗਰਮੀ ਨਾਲ ਕਮਿਊਨਿਟੀ ਫੀਡਬੈਕ ਦੀ ਮੰਗ ਕਰਨੀ ਚਾਹੀਦੀ ਹੈ। ਇਨ੍ਹਾਂ ਸਾਰੇ ਯਤਨਾਂ ਦੀ ਮਦਦ ਨਾਲ ਆਪਣੀ ਸੱਭਿਆਚਾਰਕ ਪਛਾਣ ਅਤੇ ਭਾਸ਼ਾਈ ਵਿਭਿੰਨਤਾ ਦੀ ਰਾਖੀ ਕਰਦਿਆਂ ਅਸੀਂ ਪੰਜਾਬੀ ਬੋਲੀ ਦੀ ਪ੍ਰਫੁੱਲਤਾ ਅਤੇ ਅਮੀਰੀ ਬਰਕਰਾਰ ਰੱਖਣ ਲਈ ਏ.ਆਈ. ਦੀ ਸਮਰੱਥਾ ਦੀ ਸਹੀ ਵਰਤੋਂ ਕਰ ਸਕਦੇ ਹਾਂ। ਪੰਜਾਬੀ ਲੋਕਾਂ, ਸੰਸਥਾਵਾਂ ਤੇ ਸਰਕਾਰਾਂ ਦੀ ਸਾਂਝੀਵਾਲਤਾ ਵਾਲੀ ਪਹੁੰਚ ਇਹ ਯਕੀਨੀ ਬਣਾ ਸਕਦੀ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਪੰਜਾਬੀ ਬੋਲੀ, ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੀ ਸੰਭਾਲ ਤੇ ਤਰੱਕੀ ਵਿੱਚ ਏ.ਆਈ. ਇੱਕ ਸਕਾਰਾਤਮਕ ਸ਼ਕਤੀ ਵਜੋਂ ਕੰਮ ਕਰੇ।

ਬੇਸ਼ਕ ਏ.ਆਈ. ਦੀ ਵਰਤੋਂ ਪੰਜਾਬੀ ਬੋਲੀ ਤੇ ਭਾਸ਼ਾ ਲਈ ਮਹੱਤਵਪੂਰਨ ਲਾਭਾਂ ਦਾ ਸਾਧਨ ਹੋ ਸਕਦੀ ਹੈ, ਪਰ ਇਸ ਦੀ ਵਰਤੋਂ ਜ਼ਿੰਮੇਵਾਰੀ ਨਾਲ ਅਤੇ ਭਾਸ਼ਾਈ ਤੇ ਸੱਭਿਆਚਾਰਕ ਸੂਖਮਤਾਵਾਂ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾਣੀ ਚਾਹੀਦੀ ਹੈ। ਅਜੋਕੇ ਸਮੇਂ ਅੰਦਰ ਜ਼ਾਹਿਰ ਹੋ ਚੁੱਕਾ ਹੈ ਕਿ ਏ.ਆਈ. ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤਾ ਬਖ਼ਸ਼ਣ ਅਤੇ ਅਮੀਰ ਬਣਾਉਣ ਦੇ ਸਮਰੱਥ ਹੈ। ਲੋੜ ਹੈ ਕਿ ਪੰਜਾਬੀ ਭਾਸ਼ਾ ਅਤੇ ਪੰਜਾਬੀ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਦਿਆਂ ਇਨ੍ਹਾਂ ਨੂੰ ਆਧੁਨਿਕ ਸੰਸਾਰ ਲਈ ਵਧੇਰੇ ਪਹੁੰਚਯੋਗ, ਢੁਕਵਾਂ ਅਤੇ ਅਨੁਕੂਲ ਬਣਾਉਣ ਵਾਸਤੇ ਏ.ਆਈ. ਸਾਧਨਾਂ ਨੂੰ ਸੁਚੱਜੇ ਢੰਗਾਂ ਨਾਲ ਵਰਤਿਆ ਜਾਵੇ। ਇਸ ਦੇ ਨਾਲ ਹੀ ਇਹ ਵੀ ਜ਼ਰੂਰੀ ਹੈ ਕਿ ਏ.ਆਈ. ਤਕਨਾਲੋਜੀ ਦੀ ਵਰਤੋਂ ਨੈਤਿਕਤਾਪੂਰਣ ਢੰਗਾਂ ਅਤੇ ਜ਼ਿੰਮੇਵਾਰੀ ਵਾਲੇ ਅਹਿਸਾਸ ਨਾਲ ਕਰਨੀ ਯਕੀਨੀ ਬਣਾਈ ਜਾਵੇ ਤਾਂ ਕਿ ਪੰਜਾਬੀ ਬੋਲੀ ਤੇ ਭਾਸ਼ਾ ਦੀ ਪ੍ਰਮਾਣਿਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਿਆ ਜਾ ਸਕੇ।

## ਚੁਣੌਤੀਆਂ: ਪੰਜਾਬੀ ਭਾਸ਼ਾ ਉੱਤੇ ਏ.ਆਈ. ਦੇ ਮਾੜੇ ਪ੍ਰਭਾਵ

ਦੀ ਰਵਾਨਗੀ ਅਤੇ ਸੱਭਿਆਚਾਰਕ ਸਮਝ ਹਾਸਲ ਕਰਨ ਲਈ ਅੜਚਣ ਬਣ ਸਕਦੀ ਹੈ।

ਏ.ਆਈ. ਆਧਾਰਿਤ ਐਪਸ ਦੁਆਰਾ ਤਿਆਰ ਕੀਤੀ ਸਮੱਗਰੀ ਵਿੱਚ ਪੰਜਾਬੀ ਸਾਹਿਤ, ਲੋਕਧਾਰਾ ਅਤੇ ਪੁਰਾਣੇ ਰੀਤੀ-ਰਿਵਾਜਾਂ ਦੇ ਸੰਦਰਭ ਤੇ ਸੱਭਿਆਚਾਰਕ ਸੂਖਮਤਾ ਦੀ ਘਾਟ ਹੋ ਸਕਦੀ ਹੈ। ਇਸ ਨਾਲ ਪੰਜਾਬੀ ਸੱਭਿਆਚਾਰਕ ਵਿਰਸੇ ਨੂੰ ਖੋਰਾ ਲੱਗ ਸਕਦਾ ਹੈ ਅਤੇ ਪੰਜਾਬੀ ਬੋਲੀ ਤੇ ਭਾਸ਼ਾ ਦੇ ਵਿਲੱਖਣ ਪਹਿਲੂਆਂ ਦਾ ਨੁਕਸਾਨ ਹੋ ਸਕਦਾ ਹੈ। ਏ.ਆਈ. ਤਕਨੀਕਾਂ ਅਕਸਰ ਸਿਖਲਾਈ ਅਤੇ ਸੁਧਾਰ ਲਈ ਆਧਾਰ ਸਮੱਗਰੀ (ਡੇਟਾ) ਦੀ ਵੱਡੀ ਮਾਤਰਾ ਉੱਤੇ ਨਿਰਭਰ ਕਰਦੀਆਂ ਹਨ। ਜੇਕਰ ਪੰਜਾਬੀ ਭਾਸ਼ਾ ਦੀ ਆਧਾਰ ਸਮੱਗਰੀ ਨੂੰ ਜ਼ਿੰਮੇਵਾਰੀ ਨਾਲ ਨਹੀਂ ਵਰਤਿਆ ਜਾਂਦਾ, ਤਾਂ ਇਹ ਪੰਜਾਬੀ ਬੋਲਣ ਵਾਲਿਆਂ ਦੀ ਨਿੱਜੀ ਜਾਣਕਾਰੀ ਬਾਰੇ ਚਿੰਤਾਵਾਂ ਨੂੰ ਵਧਾ ਸਕਦੀ ਹੈ, ਅਜਿਹੀਆ ਚਿੰਤਾਵਾਂ ਆਵਾਜ਼ ਪਛਾਣ ਯੰਤਰਾਂ ਅਤੇ ਵਰਚੁਅਲ ਅਸਿਸਟੈਂਟਸ ਦੁਆਰਾ ਗਾਹਕਾਂ ਬਾਰੇ ਇਕੱਠੀ ਕੀਤੀ ਜਾਣਕਾਰੀ ਦੇ ਸੰਬੰਧ ਵਿੱਚ ਗੰਭੀਰ ਰੂਪ ਧਾਰਨ ਕਰ ਸਕਦੀਆਂ ਹਨ।

ਏ.ਆਈ. ਆਧਾਰਿਤ ਸੁਵਿਧਾਵਾਂ ਦਾ ਸਾਰੇ ਲੋਕਾਂ ਵਿੱਚ ਬਰਾਬਰ ਰੂਪ ਵਿੱਚ ਉਪਲਬਧ ਹੋਣਾ ਵੀ ਸੰਭਵ ਨਹੀਂ ਹੈ। ਸੀਮਤ ਇੰਟਰਨੈਟ ਸਹੂਲਤ, ਸਮਾਜਿਕ ਤੇ ਆਰਥਿਕ ਨਾਬਰਾਬਰੀ ਵਾਲੇ ਖੇਤਰਾਂ ਵਿੱਚ ਏ.ਆਈ. ਆਧਾਰਿਤ ਯੰਤਰਾਂ ਦਾ ਸਮਾਨ ਰੂਪ ਵਿੱਚ ਉਪਲਬਧ ਨਾ ਹੋਣਾ, ਅਜਿਹੇ ਖੇਤਰਾਂ ਦੇ ਸਿੱਖਿਆਰਥੀਆਂ ਵਿੱਚ ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਰੁਕਾਵਟ ਬਣ ਸਕਦਾ ਹੈ। ਬੇਸ਼ਕ ਏ.ਆਈ. ਆਧਾਰਿਤ ਸੁਵਿਧਾਵਾਂ ਵੱਖ-ਵੱਖ ਖੇਤਰਾਂ ਵਿੱਚ ਸੁਯੋਗ ਰੋਲ ਅਦਾ ਕਰ ਰਹੀਆਂ ਹਨ, ਪਰ ਸਿਹਤ ਸੰਭਾਲ, ਗਾਹਕ ਸਹਾਇਤਾ ਜਾਂ ਕਾਨੂੰਨੀ ਸਹਾਇਤਾ ਵਰਗੀਆਂ ਜ਼ਰੂਰੀ ਸੇਵਾਵਾਂ ਲਈ ਏ.ਆਈ. ਆਧਾਰਿਤ ਤਕਨਾਲੋਜੀ ਉੱਤੇ ਬਹੁਤ ਜ਼ਿਆਦਾ ਨਿਰਭਰਤਾ ਦੇ ਫ਼ਲਸਰੂਪ ਲੋਕਾਂ ਵਿੱਚ ਆਪਸੀ ਤਾਲਮੇਲ ਦੀ ਘਾਟ ਪੈਦਾ ਹੋ ਸਕਦੀ ਹੈ।

ਏ.ਆਈ. ਐਲਗੋਰਿਦਮ ਅਣਜਾਣੇ ਵਿੱਚ ਉਨ੍ਹਾਂ ਦੁਆਰਾ ਤਿਆਰ ਕੀਤੀ ਗਈ ਸਮੱਗਰੀ ਵਿੱਚ ਰੂੜ੍ਹੀਵਾਦੀ ਧਾਰਨਾਵਾਂ ਜਾਂ ਪੱਖਪਾਤ ਨੂੰ ਕਾਇਮ ਰੱਖ ਸਕਦੇ ਹਨ, ਜਿਸ ਨਾਲ ਪੰਜਾਬੀ ਸੱਭਿਆਚਾਰ ਅਤੇ ਪਛਾਣ ਵਿਗੜ ਸਕਦੀ ਹੈ। ਏ.ਆਈ. ਆਧਾਰਿਤ ਯੰਤਰ ਅਕਸਰ ਵੱਡੇ ਪੱਧਰ ਉੱਤੇ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਨੂੰ ਤਰਜੀਹ ਦਿੰਦੇ ਹਨ, ਜੋ ਘੱਟ ਜਾਣੀਆਂ-ਪਛਾਣੀਆਂ ਪੰਜਾਬੀ ਉਪਭਾਸ਼ਾਵਾਂ ਨੂੰ ਹਾਸ਼ੀਏ ਵੱਲ ਧੱਕ ਸਕਦੇ ਹਨ, ਜਿਸ ਨਾਲ ਉਨ੍ਹਾਂ ਦੀ ਵਰਤੋਂ ਘੱਟ ਹੁੰਦੇ ਜਾਣ ਨਾਲ ਅਜਿਹੀਆਂ ਉਪਭਾਸ਼ਾਵਾਂ ਦੇ ਅਲੋਪ ਹੋਣ ਦੀ ਸੰਭਾਵਨਾ ਵੱਧ ਸਕਦੀ ਹੈ। ਏ.ਆਈ. ਦੁਆਰਾ ਵਪਾਰਕ ਇਸ਼ਤਿਹਾਰਬਾਜ਼ੀ ਲਈ ਤਿਆਰ ਕੀਤੀ ਸਮੱਗਰੀ ਸੱਭਿਆਚਾਰਕ ਸੰਵੇਦਨਸ਼ੀਲਤਾ ਨਾਲੋਂ ਅਕਸਰ ਲਾਭ-ਮੁਖੀ ਸੰਦੇਸ਼ ਨੂੰ ਤਰਜੀਹ ਦਿੰਦੀ ਹੈ, ਜਿਸ ਨਾਲ ਪੰਜਾਬੀ ਤੇ ਭਾਸ਼ਾ ਦਾ ਵਪਾਰੀਕਰਨ ਵਾਪਰਦਾ ਹੈ। ਉਪਰੋਕਤ ਵਰਨਣ ਤੋਂ ਸਪਸ਼ਟ ਹੈ ਕਿ ਏ.ਆਈ. ਅਜੋਕੇ ਡਿਜੀਟਲ ਯੁੱਗ ਵਿੱਚ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੀ ਪ੍ਰਫੁੱਲਤਾ ਤੇ ਤਰੱਕੀ ਲਈ ਦੇ ਰਾਹ ਵਿੱਚ ਅਨੇਕ ਰੁਕਾਵਟਾਂ ਪੈਦਾ ਕਰਨ ਦਾ ਕਾਰਨ ਬਣ ਸਕਦੀ ਹੈ।

# ਜ਼ਿਮਨੀ ਚੋਣਾਂ ਦੀਆਂ ਤਰੀਕਾਂ ਬਦਲੀਆਂ; ਸਿਆਸੀ ਪਾਰਟੀਆਂ 'ਚ ਕਸ਼ਮਕਸ਼ ਵਧੀ

*...ਸਫਾ 5 ਦੀ ਬਾਕੀ ⇒*

ਬਿੱਟੂ ਵੀ ਉਨ੍ਹਾਂ ਦੇ ਹੱਕ ਵਿੱਚ ਜ਼ੋਰਦਾਰ ਪ੍ਰਚਾਰ ਕਰ ਰਹੇ ਹਨ। ਲਗਦਾ ਭਾਜਪਾ ਰਵਨੀਤ ਸਿੰਘ ਬਿੱਟੂ ਨੂੰ ਪੰਜਾਬ ਵਿੱਚ ਭਾਜਪਾ ਦੇ ਮੁੱਖ ਚਿਹਰੇ ਵਜੋਂ ਉਭਾਰਨ ਦਾ ਯਤਨ ਕਰ ਰਹੀ ਹੈ।

ਇਸ ਦਰਮਿਆਨ ਕਾਂਗਰਸ ਪਾਰਟੀ ਵੱਲੋਂ ਜ਼ਿਮਨੀ ਚੋਣਾਂ ਲੜਨ ਦੇ ਮਕਸਦ ਨਾਲ 'ਰਣਨੀਤੀ ਅਤੇ ਯੋਜਨਾ ਕਮੇਟੀ' ਦਾ ਗਠਨ ਕੀਤਾ ਗਿਆ ਹੈ। ਲੁਧਿਆਣਾ ਤੋਂ ਲੋਕ ਸਭਾ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ, ਜਲੰਧਰ ਤੋਂ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ, ਸਾਬਕਾ ਉੱਪ ਮੁਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਵਿਜੈਇੰਦਰ ਸਿੰਘ ਸਿੰਗਲਾ, ਅਲੋਕ ਸ਼ਰਮਾ ਅਤੇ ਰਵਿੰਦਰ ਦਲਵੀ ਨੂੰ ਇਸ ਕਮੇਟੀ ਦੇ ਮੈਂਬਰ ਬਣਾਇਆ ਗਿਆ। ਉਂਝ ਹਾਲੇ ਤੱਕ ਇਸ ਕਮੇਟੀ ਦੀ ਕੋਈ ਜ਼ਿਕਰਯੋਗ ਸਰਗਰਮੀ ਸਾਹਮਣੇ ਨਹੀਂ ਆਈ ਹੈ। ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਵੈਸੇ ਹੀ ਚੋਣ ਮਹਿੰਮ ਤੋਂ ਦੂਰ ਨਜ਼ਰ ਆ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਇਨ੍ਹਾਂ ਚੋਣਾਂ ਵਿੱਚ ਸਭ ਤੋਂ ਵੱਧ ਸਰਗਰਮ ਨਜ਼ਰ ਆ ਰਹੇ ਹਨ। ਉਨ੍ਹਾਂ ਨੇ ਡੇਰਾ ਬਾਬਾ ਨਾਨਕ ਤੋਂ ਆਪਣੇ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ। ਉਨ੍ਹਾਂ ਕਿਹਾ ਕਿ ਸਾਰੇ ਸਰਵੇ ਇਹ ਦਰਸਾ ਰਹੇ ਹਨ ਕਿ ਇਸ ਹਲਕੇ ਤੋਂ ਆਮ ਆਦਮੀ ਪਾਰਟੀ ਦੀ ਜਿੱਤ ਪੱਕੀ ਹੈ। ਉਨ੍ਹਾਂ ਇਸ ਦੌਰਾਨ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਈਆਂ ਤੇ ਕਾਂਗਰਸ ਅਤੇ ਅਕਾਲੀਆਂ 'ਤੇ ਤਿੱਖੇ ਹਮਲੇ ਕੀਤੇ। ਇਸ ਸੀਟ ਤੋਂ ਕਾਂਗਰਸ ਵੱਲੋਂ ਸੁਖਜਿੰਦਰ ਸਿੰਘ ਰੰਧਾਵਾ ਦੀ ਪਤਨੀ ਚੋਣ ਲੜ ਰਹੇ ਹਨ, ਜਦਕਿ ਭਾਜਪਾ ਵੱਲੋਂ ਰਵੀਕਿਰਨ ਕਾਹਲੋਂ ਚੋਣ ਮੈਦਾਨ ਵਿੱਚ ਹਨ। ਉਹ ਵੀ ਅਕਾਲੀ ਪਿਛੋਕੜ ਵਾਲੇ ਆਗੂ ਹਨ। ਇਸ ਲਈ ਅਕਾਲੀ ਦਲ ਦੀ ਵੋਟ ਉਨ੍ਹਾਂ ਵੱਲ ਭੁਗਤਣ ਦੇ ਆਸਰ ਹਨ; ਜਦਕਿ ਸੁੱਚਾ ਸਿੰਘ ਲੰਗਾਹ ਉਨ੍ਹਾਂ ਦੇ ਸ਼ਰੀਕ ਸਮਝੇ ਜਾ ਰਹੇ ਹਨ ਅਤੇ ਉਹ 'ਆਪ' ਨੂੰ ਅਕਾਲੀ ਵੋਟਾਂ ਆਪਣੇ ਹੱਕ ਵਿੱਚ ਭੁਗਤਾਉਣ ਲਈ ਆਵਾਜ਼ਾਂ ਮਾਰ ਰਹੇ ਹਨ। ਇਸ ਹਾਲਤ ਵਿੱਚ ਜੇ ਅੱਧ-ਪਚੱਧ ਵੋਟ ਵੀ 'ਆਪ' ਨੂੰ ਭੁਗਤ ਜਾਂਦੀ ਹੈ ਤਾਂ ਭਾਜਪਾ ਦੇ ਉਮੀਦਵਾਰ ਦੀ ਹਾਲਤ ਪਤਲੀ ਹੋ ਸਕਦੀ ਹੈ। ਇਸ ਸੀਟ 'ਤੇ ਵੀ ਉਂਝ ਮੁਕਾਬਲਾ ਸਖਤ ਹੋਣ ਦੇ ਆਸਾਰ ਹਨ, ਕਿਉਂਕਿ ਦੋ ਵੱਡੇ ਸਿਆਸੀ ਪਰਿਵਾਰਾਂ ਦਾ ਵੱਕਾਰ ਦਾਅ 'ਤੇ ਲੱਗਾ ਹੋਇਆ ਹੈ।

ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਕੁਲਦੀਪ ਸਿੰਘ ਧਾਲੀਵਾਲ ਵੀ ਇਸ ਸੀਟ ਤੋਂ ਆਪਣੇ ਉਮੀਦਵਾਰ ਦੇ ਹੱਕ ਵਿੱਚ ਪ੍ਰਚਾਰ ਕਰ ਰਹੇ ਹਨ। ਚੱਬੇਵਾਲ ਵਿਧਾਨ ਸਭਾ ਹਲਕਾ ਦਲਿਤ ਬਹੁਲ ਇਲਾਕਾ ਹੈ। ਇਸ ਹਲਕੇ ਤੋਂ ਡਾ. ਰਾਜਕੁਮਾਰ ਦੇ ਪੁੱਤਰ ਡਾ. ਇਸ਼ਾਂਕ ਆਮ ਆਦਮੀ ਪਾਰਟੀ ਵੱਲੋਂ ਚੋਣ ਲੜ ਰਹੇ ਹਨ। ਕਾਂਗਰਸ ਪਾਰਟੀ ਨੇ ਬਹੁਜਨ ਸਮਾਜ ਪਾਰਟੀ ਨਾਲ ਜੁੜੇ ਐਡਵੋਕੇਟ ਰਨਜੀਤ ਕੁਮਾਰ ਨੂੰ ਆਪਣਾ ਉਮੀਦਵਾਰ ਬਣਾਇਆ ਹੈ, ਜਦਕਿ ਭਾਜਪਾ ਨੇ ਸਾਬਕਾ ਅਕਾਲੀ ਆਗੂ ਸੋਹਣ ਸਿੰਘ ਠੰਡਲ ਨੂੰ ਆਪਣਾ ਉਮੀਦਵਾਰ ਬਣਾਇਆ। ਇਸ ਹਲਕੇ ਵਿੱਚ ਚੋਣ ਮੁਹਿੰਮ ਹਾਲੇ ਬਹੁਤੀ ਨਹੀਂ ਭਖੀ ਹੈ। ਉਮੀਦਵਾਰਾਂ ਦੀ ਦ੍ਰਿਸ਼ਟੀ ਤੋਂ ਵੇਖੀਏ ਤਾਂ ਸੋਹਣ ਸਿੰਘ ਠੰਡਲ ਅਤੇ ਡਾ. ਇਸ਼ਾਂਕ ਮਜਬੂਤ ਉਮੀਦਵਾਰ ਨਜ਼ਰ ਆਉਂਦੇ ਹਨ। ਦਲਿਤ ਹਲਕਾ ਹੋਣ ਕਾਰਨ ਕਾਂਗਰਸ ਪਾਰਟੀ ਵੀ ਪੂਰਾ ਜ਼ੋਰ ਲਗਾਏਗੀ। ਇਸ ਹਲਕੇ ਵਿੱਚ ਚੋਣ ਪ੍ਰਚਾਰ ਦੀ ਦ੍ਰਿਸ਼ਟੀ ਤੋਂ ਚਰਨਜੀਤ ਸਿੰਘ ਚੰਨੀ ਦੀ ਗੈਰ-ਹਾਜ਼ਰੀ ਖਟਕ ਰਹੀ ਹੈ। ਉਨ੍ਹਾਂ ਦੀ ਡਿਊਟੀ ਪਾਰਟੀ ਨੇ ਮਹਾਰਾਸ਼ਟਰ ਚੋਣਾਂ ਵਿੱਚ ਅਬਜ਼ਰਵਰ ਵਜੋਂ ਲਗਾਈ ਹੋਈ ਹੈ।

ਬਰਨਾਲਾ ਲੋਕ ਸਭਾ ਹਲਕੇ ਤੋਂ ਭਾਜਪਾ ਤਰਫੋਂ ਕੇਵਲ ਸਿੰਘ ਢਿੱਲੋਂ, ਆਮ ਆਦਮੀ ਪਾਰਟੀ ਵੱਲੋਂ ਹਰਿੰਦਰ ਸਿੰਘ ਧਾਲੀਵਾਲ ਅਤੇ ਕਾਂਗਰਸ ਪਾਰਟੀ ਵੱਲੋਂ ਕੁਲਦੀਪ ਸਿੰਘ ਢਿੱਲੋਂ ਚੋਣ ਮੈਦਾਨ ਵਿੱਚ ਹਨ। ਹਰਿੰਦਰ ਸਿੰਘ ਧਾਲੀਵਾਲ 'ਆਪ' ਦੇ ਮੈਂਬਰ ਪਾਰਲੀਮੈਂਟ ਅਤੇ ਇਸੇ ਸੀਟ ਤੋਂ ਐਮ.ਐਲ.ਏ. ਰਹੇ ਮੀਤ ਹੇਅਰ ਦੇ ਨਜ਼ਦੀਕੀ ਮੰਨੇ ਜਾਂਦੇ ਹਨ। 'ਆਪ' ਦਾ ਇੱਕ ਤਕੜਾ ਆਗੂ ਬਾਗੀ ਹੋ ਕੇ ਵੀ ਚੋਣ ਲੜ ਰਿਹਾ ਹੈ। ਕੇਵਲ ਸਿੰਘ ਢਿੱਲੋਂ ਵੀ ਜਾਣੇ-ਪਛਾਣੇ ਆਗੂ ਹਨ। ਜੇ ਅਕਾਲੀ ਭਾਜਪਾ ਨਾਲ ਨੇੜਤਾ ਵਧਾਉਣ ਦੀ ਇੱਕ ਨੀਤੀ ਤਹਿਤ ਆਪਣੀ ਵੋਟ ਭਾਜਪਾ ਵੱਲ ਟਰਾਂਸਫਰ ਕਰਵਾ ਦਿੰਦੇ ਹਨ ਤਾਂ ਆਉਂਦੇ ਸਮੇਂ ਵਿੱਚ ਅਕਾਲੀ-ਭਾਜਪਾ ਗੱਠਜੋੜ ਦੇ ਦੁਬਾਰਾ ਹੋਂਦ ਵਿੱਚ ਆਉਣ ਦੇ ਆਸਾਰ ਬਣ ਸਕਦੇ ਹਨ।

# *ਕੈਨੇਡਾ ਦੇ ਹਿੰਦੂ-ਸਿੱਖ ਭਾਈਚਾਰਿਆਂ ਵਿਚਕਾਰ ਵਿਵਾਦ ਤਿੱਖਾ ਹੋਇਆ*

*...ਸਫਾ ਇੱਕ ਦੀ ਬਾਕੀ ⇒*

ਕਿਸੇ ਵੀ ਸ਼ਹਿਰੀ ਦਾ ਅਧਿਕਾਰ ਹੈ, ਪਰ ਇਸ ਪ੍ਰਦਰਸ਼ਨ ਦੀ ਆੜ ਵਿੱਚ ਸਾਹਮਣੇ ਵਾਲੀ ਧਿਰ 'ਤੇ ਹਮਲਾ ਕਰਨਾ ਲਾਜ਼ਮੀ ਹੀ ਇੱਕ ਗੈਰ-ਕਾਨੂੰਨੀ ਕਾਰਵਾਈ ਹੈ। ਸਿੱਖ ਕਾਰਕੁੰਨਾਂ ਦਾ ਦਾਅਵਾ ਹੈ ਕਿ ਉਹ ਮੰਦਰ ਦੇ ਸਾਹਮਣੇ ਅਮਨਪੂਰਬਕ ਪ੍ਰਦਰਸ਼ਨ ਕਰਨ ਲਈ ਗਏ ਸਨ ਅਤੇ ਇਸ ਦੌਰਾਨ ਵਿਰੋਧੀਆਂ ਵੱਲੋਂ ਕੀਤੇ ਗਏ ਮੁਕਾਬਲੇ ਦੇ ਪ੍ਰਦਰਸ਼ਨ ਦੌਰਾਨ ਵਾਪਰੀ ਤਲਖੀ ਕਾਰਨ ਝੜਪਾਂ ਹੋਣ ਲੱਗੀਆਂ ਸਨ। ਇਸ ਦ੍ਰਿਸ਼ਟੀ ਤੋਂ ਜਿੰਨਾ ਕੁ ਕਸੂਰ ਖਾਲਿਸਤਾਨੀ ਧਿਰਾਂ ਦਾ ਹੈ, ਉਨਾ ਕੁ ਹੀ ਮੰਦਰ ਵੱਲੋਂ ਸਮਾਨੰਤਰ ਵਿਰੋਧ ਕਰਨ ਵਾਲੇ ਲੋਕਾਂ ਦਾ ਵੀ ਹੈ। ਇਸ ਮਾਮਲੇ ਨੂੰ ਮੰਦਰ 'ਤੇ ਹਮਲੇ ਦਾ ਨਾਂ ਦੇਣਾ ਜ਼ਿਆਦਤੀ ਜਾਪਦੀ ਹੈ। ਮੰਦਰ 'ਤੇ ਹਮਲਾ ਸਿੱਖ ਜੀਵਨ ਜਾਚ ਤੇ ਸਿੱਖ ਸਿਧਾਂਤ ਦੀ ਵੀ ਉਲੰਘਣਾ ਹੈ।

ਇਸ ਸੰਦਰਭ ਵਿੱਚ ਇਹ ਤੱਥ ਸਪਸ਼ਟ ਕਰਨਾ ਵੀ ਦਰੁਸਤ ਹੋਵੇਗਾ ਕਿ ਅੱਸੀਵਿਆਂ ਦੇ ਮੁੱਢ ਤੋਂ ਲੈ ਕੇ 1995 ਤੱਕ ਪੰਜਾਬ ਅਤੇ ਪੰਜਾਬ ਤੋਂ ਬਾਹਰ ਸਿੱਖ ਕਿੰਨੀ ਵੱਡੀ ਪੱਧਰ 'ਤੇ ਕਤਲਾਂ ਦਾ ਸ਼ਿਕਾਰ ਹੋਏ, ਪਰ ਇਸ ਭਿਆਨਕ ਦੌਰ ਵਿੱਚ ਵੀ ਇਸ ਕਿਸਮ ਦੀ ਕੋਈ ਮਿਸਾਲ ਨਹੀਂ ਮਿਲਦੀ, ਜਦੋਂ ਸਿੱਖਾਂ ਦੀ ਭੀੜ ਨੇ ਕਿਸੇ ਹਿੰਦੂ ਮੰਦਰ ਜਾਂ ਕਿਸੇ ਹੋਰ ਗੈਰ-ਸਿੱਖ ਧਾਰਮਿਕ ਸਥਾਨ 'ਤੇ ਹਮਲਾ ਕੀਤਾ ਹੋਵੇ। ਇਸ ਘਟਨਾ ਦੇ ਚਸ਼ਮਦੀਦਾਂ ਤੋਂ ਜਿਹੜੀ ਜਾਣਕਾਰੀ ਮਿਲ ਰਹੀ ਹੈ, ਉਹ ਸਿੱਖ ਪ੍ਰਦਰਸ਼ਨਕਾਰੀਆਂ ਵੱਲੋਂ ਮੰਦਰ 'ਤੇ ਹਮਲੇ ਦੀ ਘਟਨਾ ਨੂੰ ਨਕਾਰਦੀ ਹੈ। ਹਾਂ, ਮੰਦਿਰ ਦੇ ਬਾਹਰ ਦੋਹਾਂ ਧਿਰਾਂ ਵਿਚਕਾਰ ਝੜਪਾਂ ਜ਼ਰੂਰ ਹੋਈਆਂ ਹਨ।

ਮੀਡੀਆ ਵਿੱਚ ਇਸ ਕਿਸਮ ਦੀ ਜਾਣਕਾਰੀ ਵੀ ਸਾਹਮਣੇ ਆਈ ਹੈ ਕਿ ਪ੍ਰਦਰਸ਼ਨ ਕਰ ਰਹੇ ਸਿੱਖਾਂ ਦਾ ਵਿਰੋਧ ਕਰਨ ਲਈ ਇੱਟਾਂ, ਰੋੜੇ ਅਤੇ ਡੰਡੇ ਵਗੈਰਾ ਵੀ ਇਕੱਠੇ ਕੀਤੇ ਹੋਏ ਸਨ। ਇਸ ਤਰ੍ਹਾਂ ਇਹ ਦੋ ਧਿਰਾਂ ਵਿਚਕਾਰ ਟਕਰਾਅ ਦਾ ਮਸਲਾ ਹੈ। ਹਿੰਦੂ ਭੀੜ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਜ਼ਿੰਦਾਬਾਦ ਦੇ ਨਾਹਰੇ ਵੀ ਲਾਏ। ਇਹ ਵੀ ਉਦੋਂ, ਜਦੋਂ ਕੈਨੇਡਾ ਪੁਲਿਸ ਦੀ ਨਿੱਝਰ ਮਾਮਲੇ ਵਿੱਚ ਪੜਤਾਲ ਇਹ ਸਿੱਧ ਕਰਦੀ ਹੈ ਕਿ ਭਾਰਤੀ ਕੌਂਸਲਖਾਨੇ ਸਿੱਖ ਰੈਡੀਕਲ ਧਿਰਾਂ ਦੇ ਪਤੇ-ਸਤੇ ਇਕੱਠੇ ਕਰਦੇ ਸਨ ਅਤੇ ਬਾਅਦ ਵਿੱਚ ਇਹ ਹਮਲਿਆਂ ਲਈ ਗੈਂਗਸਟਰ ਬਿਸ਼ਨੋਈ ਦੇ ਗੈਂਗ ਨੂੰ ਮੁਹੱਈਆ ਕੀਤੇ ਜਾਂਦੇ ਸਨ। ਸੋ, ਇਸ ਮਸਲੇ ਨੂੰ ਇੱਕਪਾਸੜ ਨਜ਼ਰ ਨਾਲ ਵੇਖਣ ਦੀ ਥਾਂ ਨਿਰਪੱਖ ਹੋ ਕੇ ਵੇਖਣ ਦੀ ਲੋੜ ਹੈ। ਘੱਟੋ-ਘੱਟ ਪੰਜਾਬੀ ਅਖਬਾਰਾਂ, ਵਿਸ਼ੇਸ਼ ਕਰਕੇ ਆਪਣੇ ਆਪ ਨੂੰ ਸਿੱਖ ਜਾਂ ਨਿਰਪੱਖ ਕਹਾ ਰਹੀਆਂ ਅਖ਼ਬਾਰਾਂ ਨੂੰ ਤਾਂ ਪੱਖਪਾਤ ਤੋਂ ਉੱਪਰ ਉੱਠ ਕੇ ਰਿਪੋਰਟ ਕਰਨਾ ਚਾਹੀਦਾ ਹੈ। ਘਟੀਆ ਰਿਪੋਰਟਿੰਗ ਕਾਰਨ ਅਸਲ ਵਿੱਚ 'ਬਿਟਵੀਨ ਦਾ ਲਾਈਨਜ਼' ਝਾਕਣਾ ਪੈਂਦਾ ਹੈ।

ਇਸ ਦਰਮਿਆਨ ਮੰਦਰ 'ਤੇ ਇਸ ਕਥਿਤ ਹਮਲੇ ਦੀ ਨਿਖੇਧੀ ਕਰਦਿਆਂ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਹੈ ਕਿ ਉਹ ਮੰਦਰ 'ਤੇ ਹਮਲੇ ਨੂੰ ਲੈ ਕਿ 'ਭਾਰਤੀਆਂ ਦੀ ਸੁਰੱਖਿਆ ਲਈ ਫਿਕਰਮੰਦ ਹਨ। ਉਨ੍ਹਾਂ ਕੈਨੇਡਾ ਸਰਕਾਰ ਤੋਂ ਸਾਰੇ ਧਾਰਮਿਕ ਸਥਾਨਾਂ ਦੀ ਰੱਖਿਆ ਕਰਨ ਦੀ ਅਪੀਲ ਕੀਤੀ। ਇਸ ਦੌਰਾਨ ਕਾਂਗਰਸ ਪਾਰਟੀ ਦੇ ਬੁਲਾਰੇ ਪਵਨ ਖੇੜਾ ਨੇ ਵੀ ਇਸ ਘਟਨਾ ਦੀ ਨਿਖੇਧੀ ਕੀਤੀ ਹੈ ਅਤੇ ਕੈਨੇਡਾ ਸਰਕਾਰ ਨੂੰ ਸਖਤ ਕਦਮ ਉਠਾਉਣ ਦੀ ਅਪੀਲ ਕੀਤੀ ਹੈ। ਆਮ ਆਦਮੀ ਪਾਰਟੀ ਦੇ ਆਗੂ ਅਮਨ ਅਰੋੜਾ ਨੇ ਭਾਰਤ ਸਰਕਾਰ ਨੂੰ ਕੈਨੇਡਾ ਸਰਕਾਰ ਨਾਲ ਗੱਲ ਕਰਨ ਲਈ ਕਿਹਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਇਸ ਘਟਨਾ ਦੀ ਨਿਖੇਧੀ ਕੀਤੀ ਹੈ। ਭਾਜਪਾ ਵੱਲੋਂ ਕੈਪਟਨ ਅਮਰਿੰਦਰ ਸਿੰਘ, ਕਾਂਗਰਸ ਦੇ ਰਵਨੀਤ ਬਿੱਟੂ ਅਤੇ ਬ੍ਰਿਟਿਸ਼ ਕੋਲੰਬੀਆ ਦੇ ਸਾਬਕਾ ਪ੍ਰੀਮੀਅਰ ਉੱਜਲ ਦੁਸਾਂਝ ਨੇ ਵੀ ਇਸ ਘਟਨਾ ਦੀ ਨਿਖੇਧੀ ਕਰਦਿਆਂ ਨਫਰਤ ਭਰੇ ਵਾਤਾਵਰਣ ਲਈ ਪ੍ਰਧਾਨ ਮੰਤਰੀ ਟਰੂਡੋ ਨੂੰ ਜ਼ਿੰਮੇਵਾਰ ਠਹਿਰਾਇਆ ਹੈ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਨੇ ਵੀ ਇਸ ਘਟਨਾ ਦੀ ਨਿੰਦਾ ਕੀਤੀ ਹੈ।

ਸਿੱਖਸ ਫਾਰ ਜਸਟਿਸ ਨੇ ਇਲਜ਼ਾਮ ਲਗਾਇਆ ਕਿ ਹਿੰਦੂ ਰਾਸ਼ਟਰਵਾਦੀਆਂ ਨੇ ਲੜਾਈ ਨੂੰ ਭੜਕਾਇਆ ਸੀ। ਇੱਧਰ ਦਲ ਖਾਲਸਾ ਦੇ ਆਗੂ ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਮੰਦਰ 'ਤੇ ਹਮਲੇ ਦੀਆਂ ਖ਼ਬਰਾਂ ਸਫੈਦ ਝੂਠ ਹਨ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਭਾਰਤੀ ਕੌਂਸਲਖਾਨੇ ਨੇ ਇਹੀ ਕੈਂਪ ਗੁਰਦੁਆਰਾ ਸਾਹਿਬ ਵਿੱਚ ਲਗਾਇਆ ਸੀ ਅਤੇ ਖਾਲਿਸਤਾਨੀ ਸਮਰਥਕਾਂ ਨੇ ਉਦੋਂ ਵੀ ਭਾਰਤੀ ਅਧਿਕਾਰੀਆਂ ਖਿਲਾਫ ਪ੍ਰਦਰਸ਼ਨ ਕੀਤਾ ਸੀ।


# ਸ਼ਾਰਟ ਕਾਰਨਰ ਕਿੰਗ ਪ੍ਰਿਥੀਪਾਲ ਸਿੰਘ

**ਖਿਡਾਰੀ ਪੰਜ-ਆਬ ਦੇ (29)**

ਨਵਦੀਪ ਸਿੰਘ ਗਿੱਲ
ਫੋਨ: +91-9780036216



*ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਹਥਲੇ ਲੇਖ ਵਿੱਚ ਗੁਰੂ ਨਾਨਕ ਪਾਤਸ਼ਾਹ ਦੇ ਗਰਾਂਈ ਸ਼ਾਰਟ ਕਾਰਨਰ ਕਿੰਗ ਪ੍ਰਿਥੀਪਾਲ ਸਿੰਘ ਦਾ ਕਿੱਸਾ ਛੋਹਿਆ ਗਿਆ ਹੈ। ਖੇਡ ਦੌਰਾਨ ਉਸ ਨੂੰ ਪਾਰ ਪਾਉਣਾ ਕਿਸੇ ਖਿਡਾਰੀ ਲਈ ਖਾਲਾ ਜੀ ਦਾ ਵਾੜਾ ਨਹੀਂ ਸੀ। ਕਿਸੇ ਸਮੇਂ ਭਾਰਤੀ ਹਾਕੀ ਅਤੇ ਪ੍ਰਿਥੀਪਾਲ ਸਿੰਘ ਦੀ ਖੇਡ ਪੂਰੇ ਜਲੌਅ ਉਤੇ ਰਹੀ ਹੈ। ਖਿਡਾਰੀਆਂ ਲਈ ਅਰਜੁਨਾ ਐਵਾਰਡ ਦੀ ਸ਼ੁਰੂਆਤ ਮੌਕੇ ਉਹ ਇਸ ਐਵਾਰਡ ਨੂੰ ਹਾਸਲ ਕਰਨ ਵਾਲਾ ਪਹਿਲਾ ਹਾਕੀ ਖਿਡਾਰੀ ਸੀ।*





**ਖੇਡ ਮੈਦਾਨ ਵਿੱਚ ਪ੍ਰਿਥੀਪਾਲ ਸਿੰਘ ਦੇ ਵੱਖ ਵੱਖ ਅੰਦਾਜ਼**

ਪ੍ਰਿਥੀਪਾਲ ਸਿੰਘ ਨੂੰ ਭਾਰਤ ਡਿਫੈਂਸ ਦੀ ਚੀਨ ਦੀ ਦੀਵਾਰ ਅਤੇ ਜ਼ਬਰਦਸਤ ਹਿੱਟ ਸਦਕਾ ਸ਼ਾਰਟ ਕਾਰਨਰ ਕਿੰਗ ਆਖਿਆ ਜਾਂਦਾ ਸੀ। ਉਸ ਦੀਆਂ ਲੰਬੀਆਂ ਅਤੇ ਸ਼ਕਤੀਸ਼ਾਲੀ ਬਾਹਾਂ ਵਿੱਚ ਇੰਨੀ ਜ਼ਬਰਦਸਤ ਤਾਕਤ ਸੀ ਕਿ ਸ਼ਾਰਟ (ਪੈਨਲਟੀ) ਕਾਰਨਰ ਮੌਕੇ ਉਸ ਦੀ ਲਗਾਈ ਮਜਬੂਤ ਹਿੱਟ ਡਿਫੈਂਸ ਲਈ ਰੁਕਣੀ ਸੁਖਾਲੀ ਨਹੀਂ ਸੀ। ਭਾਰਤੀ ਡਿਫੈਂਸ ਵਿੱਚ ਖੜ੍ਹਾ ਉਹ ਵਿਰੋਧੀ ਫਾਰਵਰਡਾਂ ਲਈ ਵੀ ਹਊਆ ਹੁੰਦਾ ਸੀ। ਉਸ ਨੂੰ ਪਾਰ ਪਾਉਣਾ ਕਿਸੇ ਖਿਡਾਰੀ ਲਈ ਖਾਲਾ ਜੀ ਦਾ ਵਾੜਾ ਨਹੀਂ ਸੀ। ਉਸ ਦਾ ਖੌਫ ਵਿਰੋਧੀ ਸਟਰਾਈਕਰਾਂ ਵਿੱਚ ਬਹੁਤ ਪਾਇਆ ਜਾਂਦਾ ਸੀ। 1961 ਵਿੱਚ ਨਿਊਜ਼ੀਲੈਂਡ ਤੋਂ ਛਪਦੇ 'ਦਿ ਈਵਨਿੰਗ ਪੋਸਟ' ਨੇ ਲਿਖਿਆ ਸੀ ਕਿ ਪ੍ਰਿਥੀਪਾਲ ਸਿੰਘ ਦੇ ਹਿੱਟ ਦੇ ਕਹਿਰ ਦਾ ਸਾਹਮਣਾ ਕਰਨਾ ਆਪਣੀ ਜਾਨ ਨੂੰ ਜੋਖ਼ਮ ਵਿੱਚ ਪਾਉਣਾ ਹੈ।

ਪ੍ਰਿਥੀਪਾਲ ਸਿੰਘ ਨੂੰ ਇਹ ਮਾਣ ਹਾਸਲ ਹੈ ਕਿ ਉਸ ਦਾ ਜਨਮ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਵਾਲੇ ਸ਼ਹਿਰ ਨਨਕਾਣਾ ਸਾਹਿਬ ਵਿਖੇ ਹੋਇਆ। ਪ੍ਰਸਿੱਧ ਖੇਡ ਲੇਖਕ ਪ੍ਰਿੰਸੀਪਲ ਸਰਵਣ ਸਿੰਘ ਪ੍ਰਿਥੀਪਾਲ ਸਿੰਘ ਨੂੰ 'ਨਾਨਕ ਦਾ ਗਰਾਈਂ' ਲਿਖਦੇ ਹਨ। ਪ੍ਰਿਥੀਪਾਲ ਸਿੰਘ ਦਾ ਜਨਮ 28 ਜਨਵਰੀ 1932 ਨੂੰ ਆਜ਼ਾਦੀ ਤੋਂ ਪਹਿਲਾਂ ਅਣਵੰਡੇ ਭਾਰਤ ਵਿੱਚ ਨਨਕਾਣਾ ਸਾਹਿਬ ਵਿਖੇ ਹੋਇਆ, ਜੋ ਕਿ ਹੁਣ ਪਾਕਿਸਤਾਨ ਦੇ ਲਹਿੰਦੇ ਪੰਜਾਬ ਵਿੱਚ ਹੈ, ਜਿਸ ਦੇ ਦਰਸ਼ਨ ਦੀਦਾਰ ਲਈ ਸਿੱਖ ਸੰਗਤ ਰੋਜ਼ ਅਰਦਾਸ ਕਰਦੀ ਹੈ। ਪ੍ਰਿਥੀਪਾਲ ਸਿੰਘ ਦੇ ਪਿਤਾ ਵਧਾਵਾ ਸਿੰਘ ਚੰਦੀ ਪੇਸ਼ੇ ਤੋਂ ਅਧਿਆਪਕ ਸਨ ਅਤੇ ਉਹ ਖੇਤੀਬਾੜੀ ਵੀ ਕਰਦੇ ਸਨ। ਪ੍ਰਿਥੀਪਾਲ ਨੇ ਆਪਣਾ ਬਚਪਨ ਨਨਕਾਣਾ ਸਾਹਿਬ ਵਿੱਚ ਬਿਤਾਇਆ ਅਤੇ ਮੁਢਲੀ ਸਿੱਖਿਆ ਉੱਥੇ ਹੀ ਹਾਸਲ ਕੀਤੀ। ਦੇਸ਼ ਦੀ ਵੰਡ ਤੋਂ ਬਾਅਦ ਪ੍ਰਿਥੀਪਾਲ ਸਿੰਘ ਦਾ ਪਰਿਵਾਰ ਭਾਰਤ ਵੱਲ ਚੜ੍ਹਦੇ ਪੰਜਾਬ ਆ ਗਿਆ, ਜਿੱਥੇ ਉਨ੍ਹਾਂ ਲੁਧਿਆਣਾ ਨੂੰ ਆਪਣਾ ਘਰ ਬਣਾਇਆ। ਉਸ ਵੇਲੇ ਪ੍ਰਿਥੀਪਾਲ ਦੀ ਉਮਰ ਸਾਢੇ 15 ਸਾਲ ਸੀ।

ਪ੍ਰਿਥੀਪਾਲ ਸਿੰਘ ਨੇ ਮੁਢਲੀ ਪੜ੍ਹਾਈ ਤੋਂ ਬਾਅਦ ਲੁਧਿਆਣਾ ਸਥਿਤ ਖੇਤੀਬਾੜੀ ਕਾਲਜ (ਜੋ ਹੁਣ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਹੈ) ਵਿਖੇ ਐਮ.ਐਸਸੀ. ਕੀਤੀ। ਉਹ ਖੇਡਾਂ ਤੇ ਪੜ੍ਹਾਈ- ਦੋਹਾਂ ਵਿੱਚ ਹੁਸ਼ਿਆਰ ਸੀ ਅਤੇ ਕਾਲਜ ਵੱਲੋਂ ਰੋਲ ਆਫ਼ ਆਨਰ ਵੀ ਮਿਲਿਆ। ਪ੍ਰਿਥੀਪਾਲ ਸਿੰਘ ਨੇ 1950 ਤੋਂ 1956 ਤੱਕ ਅੰਤਰ ਕਾਲਜ ਮੁਕਾਬਲਿਆਂ ਵਿੱਚ ਹਿੱਸਾ ਲਿਆ ਅਤੇ 1955 ਵਿੱਚ ਕਾਲਜ ਦੀ ਕਪਤਾਨੀ ਵੀ ਕੀਤੀ। ਉਹ ਡਿਫੈਂਸ ਦਾ ਮਜਬੂਤ ਖਿਡਾਰੀ ਹੋਣ ਦੇ ਨਾਲ ਚੰਗੀ ਹਿੱਟ ਲਗਾਉਂਦਾ ਹੋਣ ਕਰਕੇ ਪੈਨਲਟੀ ਕਾਰਨਰ ਮਾਹਿਰ ਵੀ ਸੀ। 1956 ਵਿੱਚ ਆਪਣੀ ਪੋਸਟ ਗਰੈਜੂਏਸ਼ਨ ਪੂਰੀ ਕਰਨ ਤੋਂ ਬਾਅਦ ਪ੍ਰਿਥੀਪਾਲ ਸਿੰਘ ਪੰਜਾਬ ਪੁਲਿਸ ਵਿੱਚ ਇੰਸਪੈਕਟਰ ਭਰਤੀ ਹੋ ਗਿਆ। 1957 ਵਿੱਚ ਹੋਈ ਸੀਨੀਅਰ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਵਿੱਚ ਪ੍ਰਿਥੀਪਾਲ ਸਿੰਘ ਪੰਜਾਬ ਵੱਲੋਂ ਪਹਿਲੀ ਵਾਰ ਖੇਡਿਆ। 1959 ਵਿੱਚ ਹੈਦਰਾਬਾਦ ਵਿਖੇ ਹੋਈ ਨੈਸ਼ਨਲ ਵਿੱਚ ਖੇਡਣ ਤੋਂ ਬਾਅਦ ਪ੍ਰਿਥੀਪਾਲ ਸਿੰਘ ਕੌਮੀ ਚੋਣਕਾਰਾਂ ਦੀ ਨਿਗ੍ਹਾ ਵਿੱਚ ਆ ਗਿਆ ਅਤੇ ਪੂਰਬੀ ਅਫ਼ਰੀਕਾ ਦੇ ਦੌਰੇ ਉਤੇ ਜਾਣ ਵਾਲੀ ਭਾਰਤੀ ਹਾਕੀ ਟੀਮ ਵਿੱਚ ਚੁਣਿਆ ਗਿਆ। ਫੇਰ ਉਸ ਨੇ ਯੂਰਪ ਵਿੱਚ ਮਿਊਨਿਖ ਵਿਖੇ ਟੂਰਨਾਮੈਂਟ ਖੇਡਿਆ। ਉਦੋਂ ਤੱਕ ਉਹ ਭਾਰਤ ਦਾ ਚੋਟੀ ਦਾ ਪੈਨਲਟੀ ਕਾਰਨਰ ਮਾਹਿਰ ਬਣ ਗਿਆ ਸੀ ਅਤੇ 1960 ਵਿੱਚ ਰੋਮ ਵਿਖੇ ਹੋਣ ਵਾਲੀਆਂ ਓਲੰਪਿਕ ਖੇਡਾਂ ਲਈ ਟੀਮ ਵਿੱਚ ਚੁਣਿਆ ਗਿਆ।

ਰੋਮ ਓਲੰਪਿਕਸ ਵਿੱਚ ਆਪਣਾ ਪਹਿਲਾ ਹੀ ਮੈਚ ਡੈਨਮਾਰਕ ਖਿਲਾਫ਼ ਖੇਡਦਿਆਂ ਪ੍ਰਿਥੀਪਾਲ ਸਿੰਘ ਨੇ ਪਹਿਲੇ ਹੀ ਮਿੰਟ ਵਿੱਚ ਆਪਣਾ ਪਹਿਲਾ ਓਲੰਪਿਕ ਗੋਲ ਕਰ ਦਿੱਤਾ। ਦੋ ਗੋਲ ਹੋਰ ਕਰਕੇ ਪਹਿਲੇ ਹੀ ਮੈਚ ਵਿੱਚ ਹੈਟ੍ਰਿਕ ਜੜੀ ਅਤੇ ਭਾਰਤ ਨੂੰ 10-0 ਦੀ ਵੱਡੀ ਜਿੱਤ ਦਿਵਾਈ। ਹਾਲੈਂਡ ਖਿਲਾਫ 4-1 ਦੀ ਜਿੱਤ ਵਿੱਚ ਦੋ ਗੋਲਾਂ ਦਾ ਅਹਿਮ ਯੋਗਦਾਨ ਪਾਇਆ। ਭਾਰਤੀ ਟੀਮ ਫ਼ਾਈਨਲ ਵਿੱਚ ਪਾਕਿਸਤਾਨ ਤੋਂ ਇੱਕ ਗੋਲ ਨਾਲ ਹਾਰੀ ਅਤੇ ਚਾਂਦੀ ਦਾ ਤਮਗ਼ਾ ਜਿੱਤਿਆ। ਪ੍ਰਿਥੀਪਾਲ ਸਿੰਘ ਪੰਜ ਗੋਲਾਂ ਨਾਲ ਭਾਰਤ ਦਾ ਟਾਪ ਸਕੋਰਰ ਰਿਹਾ। 1962 ਵਿੱਚ ਜਕਾਰਤਾ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿੱਚ ਪ੍ਰਿਥੀਪਾਲ ਸਿੰਘ ਦੀ ਹਾਕੀ ਦਾ ਜਾਦੂ ਫੇਰ ਚੱਲਿਆ। ਲੀਗ ਮੈਚਾਂ ਵਿੱਚ ਪ੍ਰਿਥੀਪਾਲ ਨੇ ਹਾਂਗਕਾਂਗ ਤੇ ਦੱਖਣੀ ਕੋਰੀਆ ਖਿਲਾਫ ਦੋ ਹੈਟ੍ਰਿਕਾਂ ਜੜੀਆਂ। ਸੈਮੀ ਫ਼ਾਈਨਲ ਵਿੱਚ ਜਪਾਨ ਖਿਲਾਫ ਸੱਤ ਗੋਲਾਂ ਦੀ ਜਿੱਤ ਵਿੱਚ ਦੋ ਗੋਲ ਪ੍ਰਿਥੀਪਾਲ ਸਿੰਘ ਨੇ ਕੀਤੇ। ਫ਼ਾਈਨਲ ਵਿੱਚ ਪਾਕਿਸਤਾਨ ਹੱਥੋਂ ਹਾਰ ਮਿਲਣ ਕਰਕੇ ਭਾਰਤ ਨੂੰ ਚਾਂਦੀ ਦਾ ਤਮਗ਼ਾ ਮਿਲਿਆ। ਇਸੇ ਸਾਲ ਪ੍ਰਿਥੀਪਾਲ ਸਿੰਘ ਨੇ ਅਹਿਮਦਾਬਾਦ ਵਿਖੇ ਹੋਏ ਕੌਮਾਂਤਰੀ ਟੂਰਨਾਮੈਂਟ ਵਿੱਚ ਭਾਰਤ ਲਈ ਸੋਨੇ ਦਾ ਤਮਗ਼ਾ ਜਿੱਤਿਆ। 1961 ਵਿੱਚ ਇੰਡੀਅਨ ਵਾਂਡਰਰਜ਼ ਹਾਕੀ ਟੀਮ ਵੱਲੋਂ ਨਿਊਜ਼ੀਲੈਂਡ ਅਤੇ ਆਸਟਰੇਲੀਆ ਦਾ ਦੌਰਾ ਕੀਤਾ।

ਅਸ਼ਵਨੀ ਕੁਮਾਰ ਨਾਲ ਸਬੰਧਾਂ ਵਿੱਚ ਆਈ ਕੁੜੱਤਣ ਦੇ ਚੱਲਦਿਆਂ ਪ੍ਰਿਥੀਪਾਲ ਸਿੰਘ ਇੱਕ ਵਾਰ ਟੀਮ ਵਿੱਚੋਂ ਬਾਹਰ ਵੀ ਹੋਇਆ, ਪਰ ਭਾਰਤੀ ਟੀਮ ਉਸ ਨੂੰ ਬਾਹਰ ਰੱਖਣ ਦਾ ਜੋਖਮ ਨਹੀਂ ਉਠਾ ਸਕਦੀ ਸੀ ਅਤੇ ਜਲਦ ਹੀ ਉਸ ਦੀ ਟੀਮ ਵਿੱਚ ਵਾਪਸੀ ਹੋਈ। 1964 ਵਿੱਚ ਟੋਕੀਓ ਵਿਖੇ ਹੋਣ ਵਾਲੀਆਂ ਓਲੰਪਿਕ ਖੇਡਾਂ ਲਈ ਪ੍ਰਿਥੀਪਾਲ ਸਿੰਘ ਮੁੜ ਭਾਰਤੀ ਹਾਕੀ ਟੀਮ ਵਿੱਚ ਚੁਣਿਆ ਗਿਆ। 1960 ਰੋਮ ਓਲੰਪਿਕਸ ਵਿੱਚ ਫ਼ਾਈਨਲ ਦੀ ਹਾਰ ਤੋਂ ਬਾਅਦ ਭਾਰਤੀ ਹਾਕੀ ਟੀਮ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਹੀ ਸਾਬਕਾ ਵਿਦਿਆਰਥੀ ਚਰਨਜੀਤ ਸਿੰਘ ਦੀ ਅਗਵਾਈ ਹੇਠ ਬਦਲਾ ਲੈਣ ਲਈ ਟੋਕੀਓ ਵਿਖੇ ਉਤਰੀ। ਭਾਰਤੀ ਹਾਕੀ ਅਤੇ ਪ੍ਰਿਥੀਪਾਲ ਸਿੰਘ ਦੀ ਖੇਡ ਪੂਰੇ ਜਲੌਅ ਉਤੇ ਸੀ। ਲਗਾਤਾਰ ਤੀਜੀ ਓਲੰਪਿਕਸ ਵਿੱਚ ਭਾਰਤ ਤੇ ਪਾਕਿਸਤਾਨ ਵਿਚਾਲੇ ਫ਼ਾਈਨਲ ਖੇਡਿਆ ਜਾ ਰਿਹਾ ਸੀ। ਚਾਰ ਸਾਲ ਪਹਿਲਾਂ ਰੋਮ ਵਿਖੇ ਪਾਕਿਸਤਾਨ ਅਤੇ ਅੱਠ ਸਾਲ ਪਹਿਲਾਂ ਮੈਲਬਰਨ ਵਿਖੇ ਭਾਰਤ ਜਿੱਤਿਆ ਸੀ। ਤੀਜੇ ਫ਼ਾਈਨਲ ਵਿੱਚ ਅੱਧੇ ਸਮੇਂ ਤੱਕ ਮੈਚ ਗੋਲ ਰਹਿਤ ਬਰਾਬਰ ਚੱਲ ਰਿਹਾ ਸੀ। ਦੂਜੇ ਅੱਧ ਦੇ ਛੇਵੇਂ ਮਿੰਟ ਵਿੱਚ ਹੀ ਪ੍ਰਿਥੀਪਾਲ ਸਿੰਘ ਨੇ ਪੈਨਲਟੀ ਕਾਰਨਰ ਉਤੇ ਅਜਿਹੀ ਸਟੀਕ ਹਿੱਟ ਜੜੀ ਕਿ ਗੋਲ ਵਿੱਚ ਜਾਂਦੀ ਬਾਲ ਪਾਕਿਸਤਾਨੀ ਖਿਡਾਰੀ ਮੁਨੀਰ ਦਾਰ ਦੇ ਪੈਰਾਂ ਨੂੰ ਲੱਗ ਗਈ, ਜਿਸ ਕਾਰਨ ਭਾਰਤ ਨੂੰ ਪੈਨਲਟੀ ਸਟਰੋਕ ਮਿਲਿਆ। ਮਹਿੰਦਰ ਪਾਲ ਨੇ ਪੈਨਲਟੀ ਸਟਰੋਕ ਨੂੰ ਗੋਲ ਵਿੱਚ ਤਬਦੀਲ ਕਰਕੇ ਭਾਰਤ ਨੂੰ ਇੱਕ ਗੋਲ ਦੀ ਲੀਡ ਦਿਵਾ ਦਿੱਤੀ। ਪਾਕਿਸਤਾਨੀ ਟੀਮ ਸਕੋਰ ਬਰਾਬਰ ਕਰਨ ਲਈ ਪੂਰੀ ਤਰ੍ਹਾਂ ਉਤਾਰੂ ਸੀ। ਮੈਚ ਵਿੱਚ ਤਣਾਅ ਵੀ ਵੱਧ ਰਿਹਾ ਸੀ ਅਤੇ ਰਫ਼ ਹਾਕੀ ਵੀ ਖੇਡੀ ਜਾ ਰਹੀ ਸੀ। ਪਾਕਿਸਤਾਨ ਦਾ ਇੱਕ ਫਾਰਵਰਡ ਬੋਲ਼ਾ ਸੀ, ਜਿਸ ਨੂੰ ਬੋਲ਼ਾ ਇਸ ਕਰਕੇ ਆਖਿਆ ਜਾਂਦਾ ਸੀ, ਕਿਉਂਕਿ ਉਹ ਕਿਸੇ ਫਾਊਲ ਮੌਕੇ ਅੰਪਾਇਰ ਦੀ ਵਿਸਲ ਨਹੀਂ ਸੁਣਦਾ ਸੀ। ਬੋਲ਼ੇ ਦੀ ਖੇਡ ਤੋਂ ਯੂਰਪੀਅਨ ਖਿਡਾਰੀ ਬਹੁਤ ਡਰਦੇ ਸਨ। ਪਾਕਿਸਤਾਨ ਇੱਕ ਗੋਲ ਤੋਂ ਪਛੜਦਾ ਦੇਖ ਕੇ ਪਾਕਿਸਤਾਨੀ ਖਿਡਾਰੀ ਮੁਨੀਰ ਦਾਰ ਨੇ ਬੋਲ਼ੇ ਨੂੰ ਚੀਕਦਿਆਂ ਆਖਿਆ, "ਬੋਲ਼ਿਆਂ ਅਗਾਂਹ ਮਰ, ਗੋਲ ਕਰ।" ਅੱਗੋ ਬੋਲ਼ੇ ਨੇ ਜਵਾਬ ਦਿੱਤਾ, "ਹੁਣ ਨ੍ਹੀਂ ਹੋ ਸਕਦਾ, ਅਗਾਂਹ ਤੇਰਾ ਪਿਓ ਪ੍ਰਿਥੀਪਾਲ ਖੜ੍ਹਾ।" ਭਾਰਤ ਨੇ ਫ਼ਾਈਨਲ ਵਿੱਚ ਪਾਕਿਸਤਾਨ ਨੂੰ ਹਰਾ ਕੇ ਮੁੜ ਓਲੰਪਿਕ ਖੇਡਾਂ ਦਾ ਸੋਨ ਤਮਗ਼ਾ ਜਿੱਤਿਆ। ਟੂਰਨਾਮੈਂਟ ਵਿੱਚ ਭਾਰਤ ਵੱਲੋਂ ਕੀਤੇ 22 ਗੋਲਾਂ ਵਿੱਚੋਂ ਅੱਧੇ 11 ਗੋਲ ਇਕੱਲੇ ਪ੍ਰਿਥੀਪਾਲ ਸਿੰਘ ਨੇ ਕੀਤੇ। ਉਸ ਨੂੰ ਗਿਬਰਾਲਟਰ ਦੀ ਚੱਟਾਨ ਦਾ ਖਿਤਾਬ ਦਿੱਤਾ ਗਿਆ।



ਪ੍ਰਿਥੀਪਾਲ ਸਿੰਘ

**ਪਿੰਡ ਜਰਖੜ ਵਿਖੇ ਪ੍ਰਿਥੀਪਾਲ ਸਿੰਘ ਦਾ ਬੁੱਤ ਸਥਾਪਤ ਹੈ ਅਤੇ ਉਸ ਦੀ ਯਾਦ ਵਿੱਚ ਹਾਕੀ ਲੀਗ ਵੀ ਹੁੰਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਉਸ ਨੂੰ ਖੇਡਾਂ ਤੇ ਸਿੱਖਿਆ ਖੇਤਰ ਦੀਆਂ ਪ੍ਰਾਪਤੀਆਂ ਬਦਲੇ 'ਰੋਲ ਆਫ਼ ਆਨਰ' ਨਾਲ ਸਨਮਾਨਤ ਕੀਤਾ। ਵੱਖ-ਵੱਖ ਅਖਬਾਰ ਅਤੇ ਖੇਡ ਰਸਾਲਿਆਂ ਨੇ ਉਸ ਨੂੰ ਸਰਵੋਤਮ ਹਾਕੀ ਖਿਡਾਰੀ ਦੱਸਿਆ। ਉਸ ਦੇ ਜੀਵਨ ਅਤੇ ਖੇਡ ਪ੍ਰਾਪਤੀਆਂ ਉਪਰ ਇੱਕ ਫਿਲਮ ਵੀ ਬਣੀ ਹੈ।**

ਟੋਕੀਓ ਓਲੰਪਿਕ ਖੇਡਾਂ ਤੋਂ ਬਾਅਦ ਹੁਣ ਵਾਰੀ ਸੀ ਏਸ਼ਿਆਈ ਖੇਡਾਂ ਵਿੱਚ ਸਰਦਾਰੀ ਕਾਇਮ ਕਰਨ ਦੀ। 1966 ਵਿੱਚ ਬੈਂਕਾਕ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿੱਚ ਗੋਲਚੀ ਕਪਤਾਨ ਸ਼ੰਕਰ ਲਕਸ਼ਮਣ ਦੀ ਅਗਵਾਈ ਵਿੱਚ ਬਹੁਤਾਤ ਪੰਜਾਬੀ ਸਿੱਖ ਖਿਡਾਰੀਆਂ ਨਾਲ ਮੈਦਾਨ ਵਿੱਚ ਉਤਰੀ ਭਾਰਤੀ ਟੀਮ ਨੇ ਪਹਿਲੀ ਵਾਰ ਏਸ਼ਿਆਈ ਖੇਡਾਂ ਵਿੱਚ ਸੋਨ ਤਮਗ਼ਾ ਜਿੱਤਿਆ। 1967 ਵਿੱਚ ਪ੍ਰਿਥੀਪਾਲ ਸਿੰਘ ਨੂੰ ਪਹਿਲੀ ਵਾਰ ਭਾਰਤੀ ਟੀਮ ਦੀ ਕਪਤਾਨੀ ਮਿਲੀ ਅਤੇ ਉਸ ਦੀ ਅਗਵਾਈ ਵਿੱਚ ਭਾਰਤ ਨੇ ਮੈਡਰਿਡ ਹਾਕੀ ਟੂਰਨਾਮੈਂਟ ਅਤੇ ਪੂਰਬੀ ਜਰਮਨੀ ਖਿਲਾਫ ਟੈਸਟ ਲੜੀ ਵਿੱਚ ਸ਼ਾਨਦਾਰ ਜਿੱਤ ਦਰਜ ਕੀਤੀ।

1968 ਵਿੱਚ ਮੈਕਸੀਕੋ ਓਲੰਪਿਕ ਖੇਡਾਂ ਲਈ ਭਾਰਤੀ ਹਾਕੀ ਵਿੱਚ ਗੁੱਟਬਾਜ਼ੀ ਦੇ ਚੱਲਦਿਆਂ ਪ੍ਰਿਥੀਪਾਲ ਸਿੰਘ ਤੇ ਗੁਰਬਖ਼ਸ਼ ਸਿੰਘ ਨੂੰ ਸੰਯੁਕਤ ਕਪਤਾਨ ਬਣਾਇਆ ਗਿਆ, ਜਿਸ ਨਾਲ ਟੀਮ ਦੋ ਗਰੁੱਪਾਂ ਵਿੱਚ ਵੰਡੀ ਗਈ। ਟੀਮ ਦੀ ਫੁੱਟ ਦਾ ਅਸਰ ਖੇਡ ਉਪਰ ਵੀ ਸਾਫ਼ ਪੈ ਰਿਹਾ ਸੀ ਅਤੇ ਓਲੰਪਿਕ ਖੇਡਾਂ ਦੇ ਇਤਿਹਾਸ ਵਿੱਚ ਭਾਰਤੀ ਟੀਮ ਪਹਿਲੀ ਵਾਰ ਸੈਮੀ ਫ਼ਾਈਨਲ ਵਿੱਚ ਹਾਰਨ ਕਰਕੇ ਖਿਤਾਬ ਦੀ ਦੌੜ ਵਿੱਚੋਂ ਬਾਹਰ ਹੋ ਗਈ। ਕਾਂਸੀ ਦੇ ਤਮਗ਼ੇ ਦੇ ਮੈਚ ਵਿੱਚ ਪੂਰਬੀ ਜਰਮਨੀ ਖਿਲਾਫ ਪ੍ਰਿਥੀਪਾਲ ਸਿੰਘ ਦੇ ਗੋਲ ਬਦੌਲਤ ਭਾਰਤ ਨੇ ਜਿੱਤ ਹਾਸਲ ਕਰਕੇ ਕਾਂਸੀ ਦੇ ਤਮਗ਼ੇ ਨਾਲ ਮਾਣ ਬਹਾਲੀ ਕੀਤੀ। ਪ੍ਰਿਥੀਪਾਲ ਸਿੰਘ ਨੇ ਓਲੰਪਿਕਸ ਵਿੱਚ ਕੁੱਲ ਸੱਤ ਗੋਲ ਕੀਤੇ। ਇਸ ਤਰ੍ਹਾਂ ਤਿੰਨ ਓਲੰਪਿਕ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਪੋਲੈਂਡ ਵਿੱਚ ‘ਪਛਾਣ ਦੇ ਮੁੱਦੇ’ ’ਤੇ ਪੰਜਾਬੀਆਂ ਦਾ ਸੰਘਰਸ਼

ਬੋਲਦੇ ਪੰਨੇ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



*ਪੰਜਾਬੀਆਂ ਨੇ ਵਿਦੇਸ਼ਾਂ ਵਿੱਚ ਆਪਣੀ ਮਿਹਨਤ ਅਤੇ ਲਿਆਕਤ ਸਦਕਾ ਉਚੇਰੇ ਮੁਕਾਮ ਹਾਸਿਲ ਕੀਤੇ ਹਨ ਅਤੇ ਨਿਵੇਕਲੀ ਪਛਾਣ ਕਾਇਮ ਰੱਖਣ ਹਿਤ ਜੱਦੋਜਹਿਦ ਵੀ ਕੀਤੀ। ਇਸ ਲੜੀ ਤਹਿਤ ਅਸੀਂ ਪਾਠਕਾਂ ਲਈ ਸੰਖੇਪ ਵੇਰਵੇ ਵਾਲੇ ਕਈ ਲੇਖ ਛਾਪ ਚੁਕੇ ਹਾਂ। ਵੀਹਵੀਂ ਸਦੀ ਦੇ ਅੱਠਵੇਂ ਤੇ ਨੌਵੇਂ ਦਹਾਕੇ ਵਿੱਚ ਜਦੋਂ ਪੋਲੈਂਡ ਦੀ ਸਰਕਾਰ ਨੇ ਨਵੇਂ ਕਾਨੂੰਨ ਬਣਾ ਕੇ ਇੱਥੇ ਨਿਵੇਸ਼, ਵਪਾਰ ਅਤੇ ਸਿੱਖਿਆ ਹਾਸਿਲ ਕਰਨ ਦੇ ਨਵੇਂ ਮੌਕੇ ਪ੍ਰਦਾਨ ਕੀਤੇ ਸਨ ਤਾਂ ਹੋਰਨਾਂ ਭਾਰਤੀਆਂ ਦੀ ਤਰ੍ਹਾਂ ਪੰਜਾਬੀ ਲੋਕ ਵੀ ਉਸ ਸੁਨਹਿਰੀ ਮੌਕੇ ਦਾ ਲਾਭ ਉਠਾਉਣ ਲਈ ਇੱਥੇ ਆ ਵੱਸੇ ਸਨ। ਹਥਲੇ ਲੇਖ ਵਿੱਚ ਪੋਲੈਂਡ ਵਿੱਚ ‘ਪਛਾਣ ਦੇ ਮੁੱਦੇ’ ’ਤੇ ਸੰਘਰਸ਼ ਦੀ ਗੱਲ ਛੋਹੀ ਗਈ ਹੈ।*

ਮੱਧ ਯੂਰਪ ਵਿੱਚ ਸਥਿਤ ਪੋਲੈਂਡ ਤਿੰਨ ਮਿਲੀਅਨ ਵਰਗ ਕਿਲੋਮੀਟਰ ਦੇ ਖੇਤਰਫ਼ਲ ਨਾਲ ਯੂਰਪ ਦਾ ਨੌਵਾਂ ਸਭ ਤੋਂ ਵੱਡਾ ਦੇਸ਼ ਹੈ। ਇਸਦੇ ਨਾਲ ਹੀ 40 ਮਿਲੀਅਨ ਆਬਾਦੀ ਨਾਲ ਇਹ ਯੂਰਪੀਅਨ ਯੂਨੀਅਨ ਦਾ ਛੇਵਾਂ ਸਭ ਤੋਂ ਵੱਧ ਆਬਾਦੀ ਵਾਲਾ ਮੁਲਕ ਵੀ ਹੈ। ਭਾਰਤ ਨਾਲ ਪੋਲੈਂਡ ਦਾ ਰਿਸ਼ਤਾ ਲਗਪਗ ਪੰਜ ਸਦੀਆਂ ਪੁਰਾਣਾ ਕਿਹਾ ਜਾ ਸਕਦਾ ਹੈ। ਇਤਿਹਾਸਕ ਹਵਾਲਿਆਂ ਅਨੁਸਾਰ ਸੋਲ੍ਹਵੀਂ ਸਦੀ ਵਿੱਚ ਜਦੋਂ ਵਿਦੇਸ਼ਾਂ ਵਿੱਚ ‘ਪੁਨਰ ਜਾਗਰਣ’ ਦਾ ਦੌਰ ਚੱਲ ਰਿਹਾ ਸੀ ਤਾਂ ਪੋਲੈਂਡ ਤੋਂ ਚੱਲ ਕੇ ਕੁਝ ਅਮੀਰ ਲੋਕਾਂ, ਸਿਆਸਤਦਾਨਾਂ, ਵਪਾਰੀਆਂ ਅਤੇ ਸਾਹਿਤਕਾਰਾਂ ਦਾ ਇੱਕ ਦਲ ਭਾਰਤ ਪੁੱਜਿਆ ਸੀ। ਇਸ ਦਲ ਨੇ ਭਾਰਤ ਦੇ ਲੋਕਾਂ, ਇੱਥੋਂ ਦੀਆਂ ਬੋਲੀਆਂ, ਰਹਿਣ-ਸਹਿਣ, ਇਤਿਹਾਸ ਅਤੇ ਸੱਭਿਆਚਾਰ ਬਾਰੇ ਜਾਣਕਾਰੀ ਹਾਸਿਲ ਕੀਤੀ ਸੀ ਤੇ ਪੋਲੈਂਡ ਵਾਪਿਸ ਪਰਤ ਕੇ ਕੁਝ ਜਾਣਕਾਰੀਆਂ ਨੂੰ ਕਾਗ਼ਜ਼ਾਂ ’ਤੇ ਦਰਜ ਕੀਤਾ ਸੀ, ਜੋ ਬਾਅਦ ਵਿੱਚ ਪੋਲੈਂਡ ਤੋਂ ਭਾਰਤ ਆਉਣ ਵਾਲੇ ਯਾਤਰੂਆਂ ਦੇ ਕੰਮ ਆਈਆਂ ਸਨ। ਪੋਲੈਂਡ ਦਾ ਅਮੀਰ ਸਿਆਸਤਦਾਨ ਪਾਵੇਲ ਪਾਲਜ਼ੋਵਸਕੀ ਉਨ੍ਹਾਂ ਪਹਿਲੀਆਂ ਸਨਮਾਨਜਨਕ ਹਸਤੀਆਂ ’ਚੋਂ ਇੱਕ ਸੀ, ਜੋ ਮੁਗ਼ਲ ਕਾਲ ਦੌਰਾਨ ਪੋਲੈਂਡ ਤੋਂ ਭਾਰਤ ਪੁੱਜੀਆਂ ਸਨ। ਉਹ ਪੋਲੈਂਡ ਦੇ ਰਾਜਾ ਸਿਗਮੰਡ-ਤੀਜਾ ਦੇ ਸ਼ਾਹੀ ਦਰਬਾਰ ਦਾ ਇੱਕ ਆਦਰਯੋਗ ਮੈਂਬਰ ਸੀ।

ਇੱਥੇ ਹੀ ਬਸ ਨਹੀਂ, ਸੰਨ 1611 ਵਿੱਚ ਤਾਂ ਪੋਲੈਂਡ ਦੇ ਐਸ. ਗਰੋਸਚੌਵਸਕੀ ਨਾਮੀ ਸਾਹਿਤਕਾਰ ਨੇ ‘ਵੰਡਰਫ਼ੁੱਲ ਵਰਸਿਜ਼ ਫ਼ਰਾਮ ਇੰਡੀਅਨ ਲੈਂਗੁਏਜਜ਼’ ਭਾਵ ‘ਭਾਰਤੀ ਭਾਸ਼ਾਵਾਂ ਦੀਆਂ ਅਦਭੁੱਤ ਕਵਿਤਾਵਾਂ’ ਨਾਮਕ ਸਿਰਲੇਖ ਹੇਠ ਇੱਕ ਪੁਸਤਕ ਵੀ ਪ੍ਰਕਾਸ਼ਿਤ ਕਰਵਾ ਦਿੱਤੀ ਸੀ। ਇਸ ਪੁਸਤਕ ਵਿੱਚ ਪਵਿੱਤਰ ਗ੍ਰੰਥ ‘ਗੀਤਾ’ ਵਿੱਚੋਂ ਵੀ ਕੁਝ ਸ਼ਲੋਕ ਲੈ ਕੇ ਤੇ ਉਨ੍ਹਾਂ ਦਾ ਪੋਲੈਂਡ ਦੀ ਰਾਜ ਭਾਸ਼ਾ ਵਿੱਚ ਅਨੁਵਾਦ ਕਰਕੇ ਸ਼ਾਮਿਲ ਕੀਤਾ ਗਿਆ ਸੀ। ਇਸੇ ਤਰ੍ਹਾਂ ਦੂਜੇ ਵਿਸ਼ਵ ਯੁੱਧ ਸਮੇਂ ਵੀ ਭਾਰਤ ਦੇ ਮਹਾਤਮਾ ਗਾਂਧੀ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਜਿਹੇ ਵੱਡੇ ਆਗੂਆਂ ਨੇ ਪੋਲੈਂਡ ਉੱਤੇ ਜਰਮਨੀ ਅਤੇ ਸੋਵੀਅਤ ਯੂਨੀਅਨ ਭਾਵ ਰੂਸ ਦੀਆਂ ਫ਼ੌਜਾਂ ਵੱਲੋਂ ਕੀਤੇ ਜਾ ਰਹੇ ਹਮਲਿਆਂ ਦੀ ਭਰਪੂਰ ਨਿੰਦਾ ਕੀਤੀ ਸੀ। ਉਨ੍ਹਾਂ ਨੇ ਨਾ ਕੇਵਲ ਪੋਲੈਂਡ ਨੂੰ ਖ਼ੁਦਮੁਖ਼ਤਿਆਰੀ ਸੌਂਪੇ ਜਾਣ ਦੀ ਵਕਾਲਤ ਕੀਤੀ ਸੀ, ਸਗੋਂ ਭਾਰਤ ਦੀ ਇੱਕ ਰਿਆਸਤ ਦੇ ਰਾਜਾ ਨੇ ਤਾਂ ਪੋਲੈਂਡ ਤੋਂ ਆਏ ਕੁਝ ਸ਼ਰਨਾਰਥੀਆਂ ਨੂੰ ਆਪਣੇ ਮਹਿਲ ਵਿੱਚ ਕੁਝ ਦਿਨ ਸ਼ਰਣ ਵੀ ਦਿੱਤੀ ਸੀ।

ਪੋਲੈਂਡ ਵਿਖੇ ਵੱਸਦੇ ਭਾਰਤੀਆਂ ਦੀ ਗਿਣਤੀ ਇਸ ਵੇਲੇ 25 ਹਜ਼ਾਰ ਦੇ ਆਸ-ਪਾਸ ਹੈ ਤੇ ਜਿੱਥੋਂ ਤੱਕ ਇਥੇ ਵੱਸਦੇ ਪੰਜਾਬੀਆਂ ਤੀ ਗੱਲ ਹੈ, ਇਨ੍ਹਾਂ ਦੀ ਸੰਖਿਆ ਸਾਲ 2018 ਵਿੱਚ ਸੱਤ ਸੌ ਤੋਂ ਵੱਧ ਸੀ। ਪੋਲੈਂਡ ਵਿੱਚ ਪੰਜਾਬੀ ਲੋਕ ਜ਼ਿਆਦਾਤਰ ਗਿਣਤੀ ਵਿੱਚ ਰਾਜਧਾਨੀ ਵਾਰਸਾਅ ਵਿਖੇ ਰਹਿੰਦੇ ਹਨ। ਉਂਜ ਕੁਝ ਕੁ ਪੰਜਾਬੀ ਪਰਿਵਾਰ ਕ੍ਰਾਕੋਅ, ਲੱਡਜ਼ ਅਤੇ ਪੈਬਿੰਸ ਵਿਖੇ ਵੀ ਵੱਸਦੇ ਹਨ। ਪੋਲੈਂਡ ਵਿਖੇ ਵੱਸਣ ਵਾਲੇ ਪੰਜਾਬੀ ਜਾਂ ਤਾਂ ਵਿਦਿਆਰਥੀ ਹਨ ਜਾਂ ਫਿਰ ਵਪਾਰੀ ਤੇ ਉਦਯੋਗਪਤੀ। ਵੀਹਵੀਂ ਸਦੀ ਦੇ ਅੱਠਵੇਂ ਤੇ ਨੌਵੇਂ ਦਹਾਕੇ ਵਿੱਚ ਜਦੋਂ ਪੋਲੈਂਡ ਦੀ ਸਰਕਾਰ ਨੇ ਨਵੇਂ ਕਾਨੂੰਨ ਬਣਾ ਕੇ ਇੱਥੇ ਨਿਵੇਸ਼, ਵਪਾਰ ਅਤੇ ਸਿੱਖਿਆ ਹਾਸਿਲ ਕਰਨ ਦੇ ਨਵੇਂ ਮੌਕੇ ਪ੍ਰਦਾਨ ਕੀਤੇ ਸਨ ਤਾਂ ਹੋਰਨਾਂ ਭਾਰਤੀਆਂ ਦੀ ਤਰ੍ਹਾਂ ਪੰਜਾਬੀ ਲੋਕ ਵੀ ਉਸ ਸੁਨਹਿਰੀ ਮੌਕੇ ਦਾ ਲਾਭ ਉਠਾਉਣ ਲਈ ਇੱਥੇ ਆ ਵੱਸੇ ਸਨ।

ਸਾਲ 1989 ਵਿੱਚ ਪੋਲੈਂਡ ਨੇ ‘ਫ਼ਰੀ ਮਾਰਕੀਟ ਇਕੌਨਮੀ’ ਭਾਵ ‘ਟੈਕਸ ਮੁਕਤ ਬਜ਼ਾਰ ਵਿਵਸਥਾ’ ਸ਼ੁਰੂ ਕੀਤੀ ਸੀ ਤੇ ਸੰਨ 2004 ਵਿੱਚ ਪੋਲੈਂਡ ‘ਯੂਰਪੀਅਨ ਯੂਨੀਅਨ’ ਦਾ ਮੈਂਬਰ ਜਾ ਬਣਿਆ ਸੀ। ਪੋਲੈਂਡ ਵਿੱਚ ਚੱਲਦੀ ਤਰੱਕੀ ਦੀ ਗੰਗਾ ਵਿੱਚ ਹੱਥ ਧੋਣ ਲਈ ਬਹੁਤ ਸਾਰੇ



ਵਾਰਸਾਅ ਸ਼ਹਿਰ ਵਿੱਚ ਸਥਿੱਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਤੇ (ਹੇਠਾਂ) ਕ੍ਰਾਕੋਅ ਸ਼ਹਿਰ ਦਾ ਇੱਕ ਦਿਲਕਸ਼ ਨਜ਼ਾਰਾ, ਜਿੱਥੇ ਪੰਜਾਬੀ ਭਾਈਚਾਰਾ ਵੀ ਵੱਸਦਾ ਹੈ



ਪੰਜਾਬੀਆਂ ਨੇ ਇਧਰ ਨੂੰ ਚਾਲੇ ਪਾ ਦਿੱਤੇ ਸਨ। ਸਾਲ 2007 ਵਿੱਚ ਪੋਲੈਂਡ ਨੇ ਭਾਰਤ ਸਰਕਾਰ ਨਾਲ ਇੱਕ ਸਮਝੌਤੇ ’ਤੇ ਦਸਤਖ਼ਤ ਕਰਕੇ ਭਾਰਤ ਤੋਂ ਕਾਮਿਆਂ ਨੂੰ ਪੋਲੈਂਡ ਲੈ ਕੇ ਜਾਣ ਦਾ ਕੰਮ ਸ਼ੁਰੂ ਕੀਤਾ ਸੀ, ਜਿਸਦਾ ਲਾਭ ਲੈਣ ਲਈ ਕਈ ਹੁਨਰਮੰਦ ਪੰਜਾਬੀ ਨੌਜਵਾਨਾਂ ਨੇ ਵੀ ਇਸ ਮੁਲਕ ਦਾ ਰੁਖ਼ ਕਰ ਲਿਆ ਸੀ। ਪੋਲੈਂਡ ਨੇ ਇਹ ਸਮਝੌਤਾ ਉਨ੍ਹਾਂ ਹਾਲਾਤ ਵਿੱਚ ਕੀਤਾ ਸੀ, ਜਦੋਂ ਪੋਲੈਂਡ ਦੇ ਹਜ਼ਾਰਾਂ ਮਿਹਨਤਕਸ਼ ਕਾਮੇ ਹੋਰ ਪੈਸਾ ਕਮਾਉਣ ਲਈ ਅਮੀਰ ਮੁਲਕਾਂ ਵੱਲ ਨੂੰ ਚਲੇ ਗਏ ਸਨ।

ਦੂਜੇ ਯੂਰਪੀ ਮੁਲਕਾਂ ਦੀ ਤਰ੍ਹਾਂ ਪੋਲੈਂਡ ਵਿੱਚ ਵੀ ਪੰਜਾਬੀ ਸਿੱਖਾਂ ਨੂੰ ‘ਪਛਾਣ’ ਦੇ ਸੰਕਟ ਦਾ ਸਾਹਮਣਾ ਕਰਨਾ ਪਿਆ ਹੈ। ਦਰਅਸਲ ਯੂਰਪੀ ਮੁਲਕਾਂ ਵਿੱਚ ਇਹ ਗੱਲ ਪ੍ਰਚੱਲਿਤ ਹੋ ਚੁੱਕੀ ਹੈ ਕਿ ਜ਼ਿਆਦਾਤਰ ਮੁਸਲਮਾਨ ਅਸਲ ਵਿੱਚ ‘ਅਤਿਵਾਦੀ’ ਹਨ ਅਤੇ ਮੁਸਲਮਾਨਾਂ ਪ੍ਰਤੀ ਉਨ੍ਹਾਂ ਦੀ ਇਸ ਸੌੜੀ ਸੋਚ ਦਾ ਖ਼ਾਮਿਆਜ਼ਾ ਪੋਲੈਂਡ ਵਿਖੇ ਵੱਸਦੇ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਭੁਗਤਣਾ ਪੈਂਦਾ ਹੈ, ਜਦੋਂ ਉਨ੍ਹਾਂ ਦੀਆਂ ਖੁੱਲ੍ਹੀਆਂ ਦਾੜ੍ਹੀਆਂ ਤੇ ਕਣਕਵੰਨਾ ਰੰਗ ਵੇਖ ਕੇ ਪੋਲੈਂਡ ਦੇ ਵਾਸੀ ਉਨ੍ਹਾਂ ਨੂੰ ‘ਮੁਸਲਮਾਨ ਅਤਿਵਾਦੀ’ ਸਮਝ ਬੈਠਦੇ ਹਨ, ਤੇ ਨਾਜਾਇਜ਼ ਹੀ ਮਾਰਕੁੱਟ ਕਰ ਦਿੰਦੇ ਹਨ। ਸਾਲ 2015 ਵਿੱਚ ਨਵਜੋਤ ਸਿੰਘ ਸਾਹਨੀ ਨਾਮੀ ਇੱਕ ਪੰਜਾਬੀ ਨੌਜਵਾਨ ਨੂੰ ਕ੍ਰਾਕੋਅ ਇਲਾਕੇ ਵਿੱਚ ਮੌਜੂਦ ਇੱਕ ਨਾਈਟ ਕਲੱਬ ਵਿੱਚ ਦਾਖ਼ਲ ਹੋਣ ਤੋਂ ਰੋਕ ਦਿੱਤਾ ਗਿਆ ਸੀ ਤੇ ਉਸ ਨਾਲ ਧੱਕਾਮੁੱਕੀ ਕੀਤੀ ਗਈ ਸੀ। ਇਸ ਸਾਰੀ ਖਿੱਚਧੂਹ ਦਾ ਕਾਰਨ ਪਛਾਣ ਦਾ ਮਸਲਾ ਸੀ, ਕਿਉਂਕਿ ਕਲੱਬ ਵਾਲੇ ਉਸ ਪੰਜਾਬੀ ਨੌਜਵਾਨ ਦੀ ਪੱਗ ਅਤੇ ਦਾੜ੍ਹੀ ਵੇਖ਼ ਕੇ ਉਸਨੂੰ ਮੁਸਲਮਾਨ ਅਤਿਵਾਦੀ ਸਮਝ ਰਹੇ ਸਨ ਤੇ ਉਸਨੂੰ ਕਲੱਬ ਅੰਦਰ ਜਾਣ ਦੀ ਆਗਿਆ ਦੇਣ ਤੋਂ ਇਨਕਾਰੀ ਸਨ। ਪੋਲੈਂਡ ਦੇ ਵੱਖ-ਵੱਖ ਪੇਂਡੂ ਖੇਤਰਾਂ ਵਿੱਚ ਵੱਸਦੇ ਪੰਜਾਬੀਆਂ ਨੂੰ ਇਸ ਨਸਲੀ ਵਿਤਕਰੇ ਦਾ ਸਾਹਮਣਾ ਕਈ ਵਾਰ ਕਰਨਾ ਪਿਆ ਹੈ।

ਉਧਰ ਸਤੰਬਰ 2010 ਵਿੱਚ ਭਾਰਤ ਦੇ ਸਿਰਕੱਢ ਅਖ਼ਬਾਰ ‘ਟਾਈਮਜ਼ ਆੱਫ਼ ਇੰਡੀਆ’ ਨੇ ਛਾਪੀ ਇੱਕ ਰਿਪੋਰਟ ਵਿੱਚ ਇਹ ਦੱਸਿਆ ਸੀ ਕਿ ਭਾਰਤੀ ਸਿੱਖਾਂ ਵੱਲੋਂ ਚੁੱਕੀ ਗਈ ਇੱਕ ਵਿਸ਼ੇਸ਼ ਮੰਗ ਅਤੇ ਕੀਤੇ ਗਏ ਕਰੜੇ ਸੰਘਰਸ਼ ਅੱਗੇ ਝੁਕਦਿਆਂ ਪੋਲੈਂਡ ਦੀ ਸਰਕਾਰ ਨੇ ਫ਼ੈਸਲਾ ਕੀਤਾ ਸੀ ਕਿ ਏਅਰਪੋਰਟ ’ਤੇ ਸਿੱਖਾਂ ਦੀ ਤਲਾਸ਼ੀ ਲਏ ਜਾਣ ਲਈ ਇੱਕ ‘ਵਿਸ਼ੇਸ਼ ਕਮਰਾ’ ਬਣਾਇਆ ਜਾਵੇ। ਦਰਅਸਲ ਇੱਥੋਂ ਦੇ ਸਥਾਨਕ ਏਅਰਪੋਰਟ ਅਧਿਕਾਰੀ ਤਲਾਸ਼ੀ ਦੇ ਨਾਂ ’ਤੇ ਏਅਰਪੋਰਟ ਦੇ ਜਨਤਕ ਖੇਤਰ ਵਿੱਚ ਖਲੋ ਕੇ ਸਿੱਖਾਂ ਨੂੰ ਪੱਗ ਉਤਾਰਨ ਲਈ ਆਖ਼ਦੇ ਸਨ, ਜੋ ਕਿ ਸਮੂਹ ਸਿੱਖਾਂ ਨੂੰ ਕਾਫ਼ੀ ਅਪਮਾਨਜਨਕ ਲੱਗਦਾ ਸੀ। ਸਾਲ 2017-18 ਵਿੱਚ ਰਾਜਧਾਨੀ ਵਾਰਸਾਅ ਵਿਖੇ 120 ਪੰਜਾਬੀ ਪਰਿਵਾਰ ਪੋਲੈਂਡ ਦੇ ‘ਚੈਂਬਰ ਆੱਫ਼ ਕਾਮਰਸ ਐਂਡ ਇੰਡਸਟਰੀ’ ਦੇ ਮੁਖੀ ਹੋਣ ਦਾ ਸ਼ਰਫ਼ ਹਾਸਿਲ ਕਰਨ ਵਾਲੇ ਪੰਜਾਬੀ ਉਦਯੋਗਪਤੀ ਜੇ.ਜੇ. ਸਿੰਘ ਦੀ ਅਗਵਾਈ ਵਿੱਚ ਵੱਸਦੇ ਸਨ।

ਦਿਲਚਸਪ ਗੱਲ ਹੈ ਕਿ ਪੋਲੈਂਡ ਵਿਖੇ ਪੰਜਾਬੀਆਂ ਕੋਲ ਸਿਰਫ ਇੱਕ ਗੁਰਦੁਆਰਾ ਸਾਹਿਬ ਹੈ, ਜੋ ਰਾਜਧਾਨੀ ਵਾਰਸਾਅ ਵਿਖੇ ਸਥਿਤ ਹੈ। ਇਸ ਗੁਰਦੁਆਰੇ ਦਾ ਨਾਂ ‘ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ’ ਹੈ ਤੇ ਇਸਨੂੰ ਪੂਰਬੀ ਯੂਰਪ ਦਾ ਇਕਲੌਤਾ ਗੁਰਦੁਆਰਾ ਹੋਣ ਦਾ ਸ਼ਰਫ਼ ਵੀ ਦਿੱਤਾ ਜਾਂਦਾ ਹੈ। ਇਸ ਗੁਰਦੁਆਰੇ ਵਿੱਚ ਪੰਜਾਬੀਆਂ ਅਤੇ ਸਿੰਧੀ ਲੋਕਾਂ ਵੱਲੋਂ ਰਲ੍ਹ ਕੇ ਵਿਸਾਖੀ ਦਾ ਤਿਉਹਾਰ ਬੜੀ ਹੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਬਹੁਤ ਸਾਰੇ ਗੁਰਪੁਰਬਾਂ ਤੇ ਹੋਰ ਭਾਰਤੀ ਤਿਉਹਾਰਾਂ ਤੋਂ ਇਲਾਵਾ ਹਰੇਕ ਐਤਵਾਰ ਇੱਥੇ ਸੰਗਤਾਂ ਹਾਜ਼ਰੀ ਭਰਦੀਆਂ ਹਨ ਤੇ ਗੁਰੂ ਘਰ ਅੰਦਰ ਸੇਵਾ ਸਿਮਰਨ ਕਰਕੇ ਗੁਰੂ ਸਾਹਿਬਾਨ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੀਆਂ ਹਨ।

ਇੱਥੇ ਇਹ ਮਹੱਤਵਪੂਰਨ ਜਾਣਕਾਰੀ ਦੇਣੀ ਬੜੀ ਜ਼ਰੂਰੀ ਹੈ ਕਿ ਸਾਲ 2022 ਵਿੱਚ ਚੱਲ ਰਹੀ ਰੂਸ-ਯੂਕਰੇਨ ਜੰਗ ਦੌਰਾਨ ਇਸ ਗੁਰਦੁਆਰਾ ਸਾਹਿਬ ਅੰਦਰ ਯੂਕਰੇਨ ਛੱਡ ਕੇ ਆਉਣ ਵਾਲੇ ਸ਼ਰਨਾਰਥੀਆਂ ਨੂੰ ਪਨਾਹ ਅਤੇ ਭੋਜਨ-ਪਾਣੀ ਉਪਲਬਧ ਕਰਵਾਏ ਗਏ ਸਨ। ਇਨ੍ਹਾਂ ਸ਼ਰਣਾਰਥੀਆਂ ਵਿੱਚ ਕੁਝ ਉਹ ਭਾਰਤੀ ਵਿਦਿਆਰਥੀ ਵੀ ਸ਼ਾਮਿਲ ਸਨ, ਜੋ ਪੜ੍ਹਾਈ ਲਈ ਭਾਰਤ ਛੱਡ ਕੇ ਯੂਕਰੇਨ ਗਏ ਹੋਏ ਸਨ। ਸੰਕਟ ਦੀ ਉਸ ਘੜੀ ਵਿੱਚ ਪੰਜਾਬੀਆਂ ਵੱਲੋਂ ਪਾਏ ਗਏ ਇਸ ਯੋਗਦਾਨ ਦੀ ਹਰ ਕਿਸੇ ਨੇ ਤਹਿ ਦਿਲੋਂ ਸ਼ਲਾਘਾ ਕੀਤੀ ਸੀ। ਨੀਮ ਸ਼ਹਿਰੀ ਖੇਤਰ ਅੰਦਰ ਸਥਿਤ ਇਸ ਦੋ ਮੰਜ਼ਿਲਾ ਇਮਾਰਤ ਵਾਲੇ ਗੁਰਦੁਆਰਾ ਸਾਹਿਬ ਅੰਦਰ ਇੱਕ ਖੁੱਲ੍ਹਾ ਵਿਹੜਾ ਅਤੇ ਇੱਕ ਵਿਸ਼ਾਲ ਲੰਗਰ ਹਾਲ ਵੀ ਮੌਜੂਦ ਹੈ, ਜਿੱਥੇ ਹਰਕ ਐਤਵਾਰ ਨੂੰ ਚਾਰ ਸੌ ਦੇ ਕਰੀਬ ਪੰਜਾਬੀ ਲੋਕ ਇਕੱਤਰ ਹੋ ਕੇ ਪਰਮੇਸ਼ਰ ਦਾ ਗੁਣਗਾਨ ਕਰਦੇ ਹਨ ਅਤੇ ਲੰਗਰ ਦੀ ਸੇਵਾ ਕਰਦੇ ਹਨ।

## ਸ਼ਾਰਟ ਕਾਰਨਰ ਕਿੰਗ ਪ੍ਰਿਥੀਪਾਲ ਸਿੰਘ

ਖੇਡਣ ਵਾਲੇ ਪ੍ਰਿਥੀਪਾਲ ਸਿੰਘ ਨੇ ਤਿੰਨੋਂ ਰੰਗਾਂ ਦੇ ਓਲੰਪਿਕਸ ਤਮਗ਼ੇ (ਸੋਨਾ, ਚਾਂਦੀ ਤੇ ਕਾਂਸੀ) ਜਿੱਤੇ ਅਤੇ ਤਿੰਨ ਓਲੰਪਿਕਸ ਵਿੱਚ ਕੁੱਲ 23 ਗੋਲ ਵੀ ਕੀਤੇ।

ਪ੍ਰਿਥੀਪਾਲ ਸਿੰਘ ਨੇ 1968 ਮੈਕਸੀਕੋ ਓਲੰਪਿਕਸ ਤੋਂ ਬਾਅਦ ਸਰਗਰਮ ਹਾਕੀ ਤੋਂ ਸੰਨਿਆਸ ਲੈ ਲਿਆ। ਕੁਝ ਸਮੇਂ ਲਈ ਉਸ ਨੂੰ ਚੋਣ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ। ਉਹ 1975 ਵਿੱਚ ਭਾਰਤੀ ਹਾਕੀ ਟੀਮ ਨਾਲ ਅਬਜ਼ਰਵਰ ਵਜੋਂ ਵੀ ਤਾਇਨਾਤ ਰਿਹਾ, ਜਦੋਂ ਭਾਰਤ ਨੇ ਕੁਆਲਾ ਲੰਪੁਰ ਵਿਖੇ ਪਹਿਲੀ ਵਾਰ ਵਿਸ਼ਵ ਕੱਪ ਜਿੱਤਿਆ। ਪ੍ਰਿਥੀਪਾਲ ਐਨ.ਆਈ.ਐਸ., ਪਟਿਆਲਾ ਦੇ ਮੈਂਬਰ ਅਤੇ ਲਕਸ਼ਮੀ ਬਾਈ ਕਾਲਜ ਆਫ਼ ਫਿਜ਼ੀਕਲ ਐਜੂਕੇਸ਼ਨ ਗਵਾਲੀਅਰ ਦੀ ਗਵਰਨਿੰਗ ਬਾਡੀ ਦੇ ਮੈਂਬਰ ਵੀ ਰਹੇ ਹਨ।

ਘਰੇਲੂ ਹਾਕੀ ਵਿੱਚ ਪ੍ਰਿਥੀਪਾਲ ਸਿੰਘ ਨੇ 1956 ਤੋਂ 1963 ਤੱਕ ਪੰਜਾਬ ਪੁਲਿਸ ਦੀ ਨੁਮਾਇੰਦਗੀ ਕੀਤੀ। 1961 ਵਿੱਚ ਨੈਸ਼ਨਲ ਵਿੱਚ ਚਾਂਦੀ ਅਤੇ 1963 ਵਿੱਚ ਨੈਸ਼ਨਲ ਵਿੱਚ ਸੋਨੇ ਦਾ ਤਮਗ਼ਾ ਜਿੱਤਿਆ। ਫੇਰ ਉਸ ਨੇ ਪੰਜਾਬ ਪੁਲਿਸ ਤੋਂ ਅਸਤੀਫਾ ਦੇ ਕੇ ਭਾਰਤੀ ਰੇਲਵੇ ਜੁਆਇਨ ਕਰ ਲਈ। ਉਸ ਨੇ 1963 ਤੋਂ 1967 ਤੱਕ ਰੇਲਵੇ ਵੱਲੋਂ ਕੌਮੀ ਹਾਕੀ ਵਿੱਚ ਹਿੱਸਾ ਲਿਆ। ਪੰਜਾਬ ਪੁਲਿਸ ਛੱਡਣ ਕਰਕੇ ਪ੍ਰਿਥੀਪਾਲ ਸਿੰਘ ਤੇ ਅਸ਼ਵਨੀ ਕੁਮਾਰ, ਜੋ ਭਾਰਤੀ ਹਾਕੀ ਦੇ ਕਰਤਾ-ਧਰਤਾ ਰਹਿਣ ਦੇ ਨਾਲ ਪੰਜਾਬ ਪੁਲਿਸ ਦੇ ਵੀ ਮੁਖੀ ਰਹੇ ਹਨ, ਵਿਚਕਾਰ ਸਬੰਧਾਂ ਵਿੱਚ ਖਟਾਸ ਵੀ ਆਈ। ਇਸੇ ਕਰਾਨ 1963 ਵਿੱਚ ਪ੍ਰਿਥੀਪਾਲ ਸਿੰਘ ਨੂੰ ਭਾਰਤੀ ਹਾਕੀ ਵਿੱਚੋਂ ਬਾਹਰ ਵੀ ਕੀਤਾ ਗਿਆ। ਮੀਡੀਆ ਸਮੇਤ ਹਾਕੀ ਜਗਤ ਵਿੱਚ ਇਸ ਗੱਲ ਦਾ ਬਹੁਤ ਹੰਗਾਮਾ ਹੋਇਆ ਕਿ ਘਰੇਲੂ ਵਿਭਾਗ ਬਦਲਣ ਕਰਕੇ ਪ੍ਰਿਥੀਪਾਲ ਸਿੰਘ ਨੂੰ ਟੀਮ ਵਿੱਚੋਂ ਬਾਹਰ ਕੀਤਾ। ਉਧਰ ਪ੍ਰਿਥੀਪਾਲ ਸਿੰਘ ਦੀ ਬਲਬੂਤੇ ਭਾਰਤੀ ਰੇਲਵੇ ਨੇ ਨੈਸ਼ਨਲ ਪੱਧਰ ਉਤੇ ਜਿੱਤਾਂ ਦਾ ਸਿਲਸਿਲਾ ਸ਼ੁਰੂ ਕੀਤਾ।

ਪ੍ਰਿਥੀਪਾਲ ਸਿੰਘ ਨੇ 1968 ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ ਖੇਡ ਡਾਇਰੈਕਟਰ ਦਾ ਅਹੁਦਾ ਸੰਭਾਲ ਲਿਆ। ਇਸ ਦੇ ਨਾਲ ਵਿਦਿਆਰਥੀ ਭਲਾਈ ਵਿਭਾਗ ਦਾ ਡਾਇਰੈਕਟਰ ਦਾ ਕਾਰਜਕਾਰ ਵੀ ਸੰਭਾਲਿਆ, ਜਿਸ ਨਾਲ ਵਿਦਿਆਰਥੀਆਂ ਨਾਲ ਸਿੱਧਾ ਰਾਬਤਾ ਰਿਹਾ। ਪ੍ਰਿਥੀਪਾਲ ਸਿੰਘ ਅਸੂਲੀ ਸੁਭਾਅ ਦਾ ਸੀ, ਜਿਸ ਨੂੰ ਵਿਦਿਆਰਥੀ ਅੜ੍ਹਬ ਮੰਨਦੇ ਸਨ। ਉਸ ਉਪਰ ਖਿਡਾਰੀਆਂ ਦਾ ਪੱਖ ਲੈਣ ਦਾ ਦੋਸ਼ ਵੀ ਲੱਗਦਾ ਸੀ, ਜਿਸ ਕਾਰਨ ਵਿਦਿਆਰਥੀ ਯੂਨੀਅਨ ਨਾਲ ਨਿਰੰਤਰ ਟਕਰਾਅ ਬਣਿਆ ਰਹਿੰਦਾ। ਵਿਦਿਆਰਥੀ ਯੂਨੀਅਨ ਨਾਲ ਸਬੰਧਾਂ ਵਿੱਚ ਵਧਦੀ ਤਲਖੀ ਇੱਥੋਂ ਤੱਕ ਪਹੁੰਚ ਗਈ ਕਿ ਆਖਰ 20 ਮਈ 1983 ਨੂੰ ਯੂਨੀਵਰਸਿਟੀ ਕੈਂਪਸ ਵਿਖੇ ਗੋਲੀ ਮਾਰ ਕੇ ਉਸ ਦਾ ਕਤਲ ਕਰ ਦਿੱਤਾ ਗਿਆ। 51 ਵਰ੍ਹਿਆਂ ਦੀ ਉਮਰੇ ਇੱਕ ਮਹਾਨ ਹਾਕੀ ਖਿਡਾਰੀ ਦਾ ਦੁਖਾਂਤਕ ਅੰਤ ਹੋ ਗਿਆ, ਜਿਸ ਦੇ ਕਤਲ ਦੀ ਗੁੱਥੀ ਹੁਣ ਤੱਕ ਅਣਸੁਲਝੀ ਹੈ।

ਪ੍ਰਿਥੀਪਾਲ ਸਿੰਘ ਨੂੰ ਮਿਲੇ ਮਾਣ-ਸਨਮਾਨਾਂ ਦੀ ਗੱਲ ਕਰੀਏ ਤਾਂ 1961 ਵਿੱਚ ਜਦੋਂ ਖਿਡਾਰੀਆਂ ਲਈ ਅਰਜੁਨਾ ਐਵਾਰਡ ਦੀ ਸ਼ੁਰੂਆਤ ਹੋਈ ਅਤੇ ਉਹ ਇਸ ਐਵਾਰਡ ਨੂੰ ਹਾਸਲ ਕਰਨ ਵਾਲਾ ਪਹਿਲਾ ਹਾਕੀ ਖਿਡਾਰੀ ਸੀ। ਅਥਲੀਟ ਗੁਰਬਚਨ ਸਿੰਘ ਰੰਧਾਵਾ ਵੀ ਇਸੇ ਸੂਚੀ ਵਿੱਚ ਸ਼ਾਮਲ ਸੀ, ਜਿਸ ਨੂੰ ਪਹਿਲੇ ਅਰਜੁਨ ਐਵਾਰਡੀ ਅਥਲੀਟ ਹੋਣ ਦਾ ਮਾਣ ਹਾਸਲ ਹੈ। 1964 ਟੋਕੀਓ ਓਲੰਪਿਕਸ ਅਤੇ 1966 ਬੈਂਕਾਕ ਏਸ਼ੀਆਡ ਦੀ ਸੁਨਹਿਰੀ ਪ੍ਰਾਪਤੀ ਤੋਂ ਬਾਅਦ 1967 ਵਿੱਚ ਪ੍ਰਿਥੀਪਾਲ ਸਿੰਘ ਨੂੰ ਚੌਥਾ ਸਰਵਉੱਚ ਨਾਗਰਿਕ ਸਨਮਾਨ ਪਦਮਸ਼੍ਰੀ ਵੀ ਮਿਲਿਆ। ਰੇਲਵੇ ਨੇ ਪ੍ਰਿਥੀਪਾਲ ਸਿੰਘ ਨੂੰ ਸਰਵੋਤਮ ਖਿਡਾਰੀ ਐਲਾਨਦਿਆਂ ਰੇਲ ਮੰਤਰੀ ਮੈਡਲ ਨਾਲ ਵੀ ਸਨਮਾਨਿਆ। ਪਿੰਡ ਜਰਖੜ ਵਿਖੇ ਪ੍ਰਿਥੀਪਾਲ ਸਿੰਘ ਦਾ ਬੁੱਤ ਸਥਾਪਤ ਹੈ ਅਤੇ ਉਸ ਦੀ ਯਾਦ ਵਿੱਚ ਹਾਕੀ ਲੀਗ ਵੀ ਹੁੰਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਉਸ ਨੂੰ ਖੇਡਾਂ ਤੇ ਸਿੱਖਿਆ ਖੇਤਰ ਦੀਆਂ ਪ੍ਰਾਪਤੀਆਂ ਬਦਲੇ ‘ਰੋਲ ਆਫ਼ ਆਨਰ’ ਨਾਲ ਸਨਮਾਨਤ ਕੀਤਾ। ਵੱਖ-ਵੱਖ ਅਖਬਾਰ ਅਤੇ ਖੇਡ ਰਸਾਲਿਆਂ ਨੇ ਉਸ ਨੂੰ ਸਰਵੋਤਮ ਹਾਕੀ ਖਿਡਾਰੀ ਦੱਸਿਆ। ਉਸ ਦੇ ਜੀਵਨ ਅਤੇ ਖੇਡ ਪ੍ਰਾਪਤੀਆਂ ਉਪਰ ਇੱਕ ਫਿਲਮ ਵੀ ਬਣੀ ਹੈ।


# ਅਭਿਨੰਦਨ ਗ੍ਰੰਥ: ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਦੀ ਵਿਰਾਸਤ

**ਡਾ. ਜਸਬੀਰ ਸਿੰਘ ਸਰਨਾ**

'ਅਭਿਨੰਦਨ ਗ੍ਰੰਥ' ਪ੍ਰਮੁੱਖ ਤੇ ਪ੍ਰਸਿੱਧ ਪੰਥਕ ਕਲਮਕਾਰ ਅਤੇ ਉਘੇ ਸਿੱਖ ਚਿੰਤਕ ਸ. ਦਿਲਜੀਤ ਸਿੰਘ ਬੇਦੀ ਦੁਆਰਾ ਸੰਪਾਦਿਤ ਇੱਕ ਮਹੱਤਵਪੂਰਨ ਰਚਨਾ ਹੈ, ਜੋ ਸਿੱਖ ਇਤਿਹਾਸ ਦੇ ਪ੍ਰਸਿੱਧ ਸੈਨਿਕ ਅਤੇ ਅਧਿਆਤਮਕ ਨੇਤਾ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਦੇ ਜੀਵਨ ਅਤੇ ਉਪਲਬਧੀਆਂ ਨੂੰ ਯਾਦਗਾਰ ਬਣਾਉਂਦੀ ਹੈ। 484 ਸਫ਼ਿਆਂ ਵਿੱਚ ਫੈਲਿਆ ਇਹ ਗ੍ਰੰਥ ਉਨ੍ਹਾਂ ਦੇ ਬਚਪਨ, ਕਮਾਂਡਰ ਵਜੋਂ ਉਨ੍ਹਾਂ ਦੇ ਉਭਰਦੇ ਹੋਏ ਪ੍ਰਭਾਵ ਅਤੇ ਸਿੱਖ ਪਰੰਪਰਾ 'ਤੇ ਉਨ੍ਹਾਂ ਦੇ ਅਮਰ ਪ੍ਰਭਾਵ ਦਾ ਗਹਿਰਾ ਵਿਸ਼ਲੇਸ਼ਣ ਪ੍ਰਦਾਨ ਕਰਦਾ ਹੈ।

ਸ. ਦਿਲਜੀਤ ਸਿੰਘ ਬੇਦੀ ਦੇ ਸੰਪਾਦਨ ਆਤਮਕ ਯਤਨ ਦੇ ਨਾਲ ਗ੍ਰੰਥ ਵਿੱਚ ਹੋਰ ਪ੍ਰਮੁੱਖ ਵਿਦਵਾਨਾਂ, ਇਤਿਹਾਸਕਾਰਾਂ ਅਤੇ ਲੇਖਕਾਂ ਦੀ ਭਾਗੀਦਾਰੀ ਦੀ ਵਿਸ਼ੇਸ਼ ਭੂਮਿਕਾ ਹੈ। ਇਸ ਵਿੱਚ ਸਿੱਖ ਇਤਿਹਾਸ ਦੇ ਵਿਸ਼ੇਸ਼ ਪ੍ਰਮੁੱਖਾਂ ਵਿੱਚ, ਜਿਵੇਂ ਕਿ ਡਾ. ਕਿਰਪਾਲ ਸਿੰਘ, ਡਾ. ਫੌਜਾ ਸਿੰਘ, ਪ੍ਰੋ. ਸੁਰਜੀਤ ਸਿੰਘ ਗਾਂਧੀ, ਡਾ. ਜਸਬੀਰ ਸਿੰਘ ਸਰਨਾ, ਪ੍ਰੋ. ਕਿਰਪਾਲ ਸਿੰਘ ਬਡੂੰਗਰ, ਦਿਲਜੀਤ ਸਿੰਘ ਬੇਦੀ ਆਦਿ ਸ਼ਾਮਲ ਹਨ, ਜਿਨ੍ਹਾਂ ਨੇ ਸਿੱਖ ਇਤਿਹਾਸਕ ਪਰਤਾਂ ਨੂੰ ਉਜਾਗਰ ਕੀਤਾ ਹੈ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ, ਜੋ ਇੱਕ ਦੂਰ ਅੰਦੇਸ਼ ਸੂਝਵਾਨ, ਨਿਮਰਤਾ ਤੇ ਸੰਤ ਸਿਪਾਹੀ ਬਿਰਤੀ ਵਾਲੀ ਨਿਵੇਕਲੀ ਸਖ਼ਸ਼ੀਅਤ ਹਨ, ਦੀ ਨਜ਼ਰਸਾਨੀ ਹੇਠ ਇਹ ਪ੍ਰਕਾਸ਼ਤ ਹੋਇਆ ਗ੍ਰੰਥ ਇੱਕ ਹਵਾਲਾ ਸਰੋਤ ਵਜੋਂ ਜਾਣਿਆ ਜਾਵੇਗਾ।

'ਅਭਿਨੰਦਨ ਗ੍ਰੰਥ' ਵਿੱਚ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਦੇ ਜਨਮ ਅਤੇ ਸ਼ੁਰੂਆਤੀ ਜੀਵਨ ਦਾ ਸੰਦਰਭ ਦਿੱਤਾ ਗਿਆ ਹੈ। ਇਸ ਗ੍ਰੰਥ, ਜਿਸ ਨੂੰ ਦਿਲਜੀਤ ਸਿੰਘ ਬੇਦੀ ਨੇ ਸੰਪਾਦਿਤ ਕੀਤਾ ਹੈ, ਨੂੰ ਸਿੱਖ ਇਤਿਹਾਸ ਦੇ ਮਹਾਨ ਯੋਧੇ ਅਤੇ ਧਾਰਮਿਕ ਨੇਤਾ ਦੇ ਵਿਰਾਸਤੀ ਪ੍ਰਤੀਕ ਵਜੋਂ ਪੇਸ਼ ਕੀਤਾ ਗਿਆ ਹੈ। ਗ੍ਰੰਥ ਵਿਚ ਬਾਬਾ ਫੂਲਾ ਸਿੰਘ ਜੀ ਦੀ ਸਿੱਖ ਇਤਿਹਾਸ ਵਿਚ ਮਹੱਤਵਪੂਰਨ ਭੂਮਿਕਾ, ਕਮਾਂਡਰ ਤੇ ਪ੍ਰਸ਼ਾਸਕ ਵਜੋਂ ਉਨ੍ਹਾਂ ਦੇ ਯੋਗਦਾਨ ਅਤੇ ਆਤਮਿਕ ਪ੍ਰਭਾਵ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ। 484 ਸਫ਼ਿਆਂ 'ਤੇ ਫੈਲਿਆ ਇਹ ਗ੍ਰੰਥ ਇਤਿਹਾਸਕ ਤੱਥਾਂ, ਦਾਸਤਾਨਾਂ, ਰੰਗੀਨ ਇਤਿਹਾਸਕ ਤਸਵੀਰਾਂ ਅਤੇ ਉਨ੍ਹਾਂ ਦੇ ਨਿੱਜੀ ਤੇ ਜਨਤਕ ਜੀਵਨ ਬਾਰੇ ਚਿੰਤਨ ਨੂੰ ਆਪਸ ਵਿੱਚ ਜੋੜ ਕੇ ਸਮਗ੍ਰ ਰੂਪ ਦਿੰਦਾ ਹੈ। ਇਸ ਗ੍ਰੰਥ ਦਾ ਮੁੱਖ ਚਾਨਣ ਬਾਬਾ ਫੂਲਾ ਸਿੰਘ ਜੀ ਦੇ ਜੀਵਨ ਦੇ ਪ੍ਰਤੀ ਉਨ੍ਹਾਂ ਦੀ ਰੁਚੀ ਨੂੰ ਪ੍ਰਗਟਾਉਂਦਾ ਹੈ, ਖ਼ਾਸ ਕਰਕੇ ਜ਼ਾਲਮ ਸ਼ਕਤੀਆਂ ਦਾ ਵਿਰੋਧ ਕਰਨ ਅਤੇ ਸਿੱਖ ਸਰਬ ਉਚਤਾ ਨੂੰ ਕਾਇਮ ਰੱਖਣ ਵਿੱਚ ਉਨ੍ਹਾਂ ਦੀ ਭੂਮਿਕਾ ਵਜੋਂ ਪੇਸ਼ ਕੀਤਾ ਗਿਆ ਹੈ। ਇਸ ਗ੍ਰੰਥ ਵਿੱਚ ਬਾਬਾ ਜੀ ਦੀ ਜੀਵਨੀ ਨੂੰ ਇਤਿਹਾਸਕ ਸੰਦਰਭ ਵਿੱਚ ਪੇਸ਼ ਕੀਤਾ ਗਿਆ ਹੈ, ਜਿਸ ਵਿੱਚ ਉਨ੍ਹਾਂ ਦੇ ਬਚਪਨ, ਸੈਨਾ ਦੀ ਅਗਵਾਈ ਅਤੇ ਖਾਲਸਾ ਪੰਥ ਪ੍ਰਤੀ ਉਨ੍ਹਾਂ ਦੀ ਸਮਰਪਣ ਸ਼ੀਲਤਾ ਦੇ ਤੱਤ ਸ਼ਾਮਲ ਹਨ। ਸੰਪਾਦਕ ਨੇ ਉਨ੍ਹਾਂ ਦੇ ਜਨਮ ਸਥਾਨ, ਵੰਸ਼ ਅਤੇ ਬਚਪਨ ਦੀ ਸਿਖਲਾਈ ਨੂੰ ਬਾਬਾ ਨੈਣਾ ਸਿੰਘ ਦੇ ਸਨਮਾਨ ਵਿੱਚ ਸਿੱਖ ਰੂਹਾਨੀ ਅਤੇ ਸੈਨਿਕ ਸ਼ਕਤੀ ਨੂੰ ਚਾਨਣ ਵਿੱਚ ਲਿਆਉਣ ਦਾ ਉਪਰਾਲਾ ਕੀਤਾ ਗਿਆ ਹੈ।




ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਨੂੰ ਸਿੱਖ ਦੇ ਹੌਸਲੇ ਅਤੇ ਦ੍ਰਿੜ੍ਹਤਾ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਗਿਆ ਹੈ। ਸਿੱਖ ਰਾਜ ਦੀ ਰੱਖਿਆ ਵਿੱਚ ਉਨ੍ਹਾਂ ਦੀ ਭੂਮਿਕਾ ਅਤੇ ਮਹੱਤਵਪੂਰਨ ਲੜਾਈਆਂ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਨੂੰ ਉਨ੍ਹਾਂ ਦੇ ਰਣਨੀਤਿਕ ਪਾਰੰਗਤਾਂ ਅਤੇ ਸਿੱਖ ਮੁੱਦਿਆਂ ਲਈ ਉਨ੍ਹਾਂ ਦੀ ਵਫ਼ਾਦਾਰੀ ਨੂੰ ਉਜਾਗਰ ਕਰਦਾ ਹੈ। ਗ੍ਰੰਥ ਉਨ੍ਹਾਂ ਨੂੰ 18ਵੀਂ ਅਤੇ 19ਵੀਂ ਸਦੀ ਦੇ ਆਖਰੀ ਹਿੱਸੇ ਦੇ ਸੰਦਰਭ ਵਿੱਚ ਰੱਖਦਾ ਹੈ, ਜਿਸ ਦੌਰਾਨ ਪੰਜਾਬ ਵਿੱਚ ਵੱਡੇ ਉਥਲ-ਪੁਥਲ ਹੋ ਰਹੇ ਸਨ। ਇਸ ਤਰ੍ਹਾਂ ਇਹ ਗ੍ਰੰਥ ਸਿੱਖ ਧਾਰਮਿਕ ਅਤੇ ਫੌਜੀ ਜੀਵਨ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਪ੍ਰਮੁੱਖ ਤੌਰ 'ਤੇ ਦਰਸਾਉਂਦਾ ਹੈ।

ਦਿਲਜੀਤ ਸਿੰਘ ਬੇਦੀ ਦੀ ਸੰਪਾਦਕੀ ਰਾਹੀਂ ਇਤਿਹਾਸਕ ਅੰਕੜੇ ਅਤੇ ਬਾਬਾ ਫੂਲਾ ਸਿੰਘ ਦੀ ਵਿਰਾਸਤ ਲਈ ਆਦਰ ਵਿੱਚ ਸਹੀ ਸੰਤੁਲਨ ਬਣਾਇਆ ਗਿਆ ਹੈ। ਇਸ ਗ੍ਰੰਥ ਵਿੱਚ ਮੁੱਖ ਸਰੋਤਾਂ, ਸਿੱਖ ਇਤਿਹਾਸਕ ਗ੍ਰੰਥਾਂ (ਜਿਵੇਂ ਗੁਰਬਿਲਾਸ, ਸੂਰਜ ਪ੍ਰਕਾਸ਼) ਅਤੇ ਮੌਖਿਕ ਪਰੰਪਰਾਵਾਂ ਦਾ ਹਵਾਲਾ ਦਿੱਤਾ ਗਿਆ ਹੈ, ਜਿਸ ਨਾਲ ਪਾਠਕ ਨੂੰ ਇੱਕ ਤਵਾਰੀਖੀ ਦਸਤਾਵੇਜ਼ ਅਤੇ ਜਨਸਮੂਹੀ ਯਾਦਾਂ ਦੇ ਮੇਲ ਨਾਲ ਜੋੜਿਆ ਗਿਆ ਹੈ। ਸ. ਬੇਦੀ ਦਾ ਉਦੇਸ਼ ਹੈ ਕਿ ਭਵਿੱਖੀ ਪੀੜ੍ਹੀਆਂ ਨੂੰ ਬਾਬਾ ਜੀ ਬਾਰੇ ਪ੍ਰੇਰਿਤ ਕਰਨਾ, ਜਿਸ ਨੂੰ ਸਿੱਖ ਯੋਧੇ ਅਤੇ ਆਤਮਿਕ ਸੋਝੀ ਦੇ ਪ੍ਰਤੱਖ ਦਰਸ਼ਨ ਦੀਦਾਰ ਹੋ ਸਕਣ। ਇਸ ਗ੍ਰੰਥ ਦੀ ਇਤਿਹਾਸਕ ਪਹੁੰਚ ਅਤੇ ਪ੍ਰੇਰਣਾਦਾਇਕ ਅੰਦਰੂਨੀ ਨਿੱਧੀ ਇਸ ਦੇ ਮਹੱਤਵ ਦਾ ਮੂਲ ਹੈ।

ਅਭਿਨੰਦਨ ਗ੍ਰੰਥ ਸਿੱਖ ਇਤਿਹਾਸ ਦੇ ਸੰਦਰਭ ਵਿੱਚ ਇੱਕ ਅਹਿਮ ਯੋਗਦਾਨ ਹੈ, ਜੋ ਬਾਬਾ ਫੂਲਾ ਸਿੰਘ ਜੀ ਦੇ ਜੀਵਨ ਅਤੇ ਵਿਰਾਸਤ ਬਾਰੇ ਵਿਸਥਾਰ ਨਾਲ ਜਾਣਕਾਰੀ ਪ੍ਰਦਾਨ ਕਰਦਾ ਹੈ। ਇਸ ਦੀ ਮਹੱਤਤਾ ਸਿਰਫ਼ ਇੱਕ ਪ੍ਰਮੁੱਖ ਸਿੱਖ ਵਿਅਕਤੀ ਦੀ ਜੀਵਨੀ ਦਸਤਾਵੇਜ਼ ਕਰਨ ਵਿੱਚ ਹੀ ਨਹੀਂ ਹੈ, ਸਗੋਂ ਪੰਜਾਬ ਦੇ ਇਤਿਹਾਸ ਦੇ ਇਕ ਅਹਿਮ ਕਾਲ ਦੌਰਾਨ ਸਿੱਖ ਵਿਰੋਧ, ਆਗੂਅਤ ਅਤੇ ਧਾਰਮਿਕ ਸਮਰਪਣ ਦੀ ਡੂੰਘੀ ਸਮਝ ਪੈਦਾ ਕਰਨ ਵਿੱਚ ਵੀ ਹੈ। ਹਾਲਾਂਕਿ ਇੱਕ ਵਿਸਥਾਰਤ ਇਲਮੀ ਪਹੁੰਚ ਇਸ ਗ੍ਰੰਥ ਦੀ ਸਿੱਖ ਇਤਿਹਾਸਕ ਸਰੋਤਾਂ ਅਤੇ ਵਿਸ਼ਾਲ ਇਤਿਹਾਸਕ ਪ੍ਰਸੰਗਾਂ ਨਾਲ ਨਿਭਣ ਦੀ ਤਰ੍ਹਾਂ ਹੋ ਸਕਦੀ ਹੈ। ਸੰਖੇਪ ਵਿੱਚ, ਅਭਿਨੰਦਨ ਗ੍ਰੰਥ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਨੂੰ ਸਮਰਪਿਤ ਇੱਕ ਇਤਿਹਾਸਕ ਦਸਤਾਵੇਜ਼ ਹੈ, ਜੋ ਇਤਿਹਾਸਕ ਕਹਾਣੀ, ਸੱਭਿਆਚਾਰਕ ਵਿਸ਼ਲੇਸ਼ਣ ਅਤੇ ਪ੍ਰੇਰਣਾਦਾਇਕ ਕਹਾਣੀ ਨੂੰ ਇੱਕਤਾ ਵਿੱਚ ਜੋੜਦਾ ਹੈ। ਇਹ ਸਿੱਖਾਂ ਲਈ ਪ੍ਰੇਰਣਾ ਅਤੇ ਸਿੱਖ ਨਜ਼ਰੀਏ ਤੋਂ ਇਤਿਹਾਸ ਵਿੱਚ ਰੁਚੀ ਰੱਖਣ ਵਾਲਿਆਂ ਲਈ ਇੱਕ ਮਹੱਤਵਪੂਰਨ ਤਵਾਰੀਖੀ ਦਸਤਾਵੇਜ਼ ਹੈ।

# ਅਨੁਵਾਦ ਕਲਾ ਦਾ ਪੁਖ਼ਤਾ ਦਸਤਾਵੇਜ਼- 'ਏਕਮ' ਦਾ 50ਵਾਂ ਅੰਕ

**ਚਰਚਾ**

**ਰਵਿੰਦਰ ਸਿੰਘ ਸੋਢੀ, ਕੈਨੇਡਾ**
**ਫੋਨ: 1-604-369-2371**



ਪੰਜਾਬੀ ਵਿੱਚ ਸਾਹਿਤਕ ਮੈਗਜ਼ੀਨ ਸ਼ੁਰੂ ਕਰਨਾ ਅਤੇ ਲਗਾਤਾਰ 12ਵੇਂ ਸਾਲ ਤੱਕ ਪਹੁੰਚਦੇ-ਪਹੁੰਚਦੇ ਇੱਕ ਕਾਫਲੇ ਦਾ ਰੂਪ ਧਾਰਨ ਕਰ ਲੈਣਾ ਵਾਕਿਆ ਹੀ ਇੱਕ ਕ੍ਰਿਸ਼ਮਾ ਹੈ, ਵਿਸ਼ੇਸ਼ ਤੌਰ 'ਤੇ ਜਦੋਂ ਅਜਿਹੇ ਮੈਗਜ਼ੀਨ ਦੀ ਸੰਪਾਦਕ ਦਾ ਦਾਰੋਮਦਾਰ ਇੱਕ ਔਰਤ ਦੇ ਹੱਥ ਹੋਵੇ। ਪੰਜਾਬੀ ਦਾ ਤਿਮਾਹੀ ਰਸਾਲਾ 'ਏਕਮ' ਇੱਕ ਅਜਿਹਾ ਹੀ ਮੈਗਜ਼ੀਨ ਹੈ, ਜਿਸ ਦੀ ਸੰਪਾਦਕ ਪੰਜਾਬੀ ਕਾਵਿ-ਜਗਤ ਦੀ ਜਾਣੀ-ਪਛਾਣੀ ਸ਼ਖਸੀਅਤ ਅਰਤਿੰਦਰ ਸੰਧੂ ਹੈ। ਇਸ ਮੈਗਜ਼ੀਨ ਦੇ 50ਵੇਂ ਅੰਕ ਦੀ ਜਦੋਂ ਮੇਰੇ ਕੋਲ ਪੀ.ਡੀ.ਐਫ. ਪਹੁੰਚੀ ਤਾਂ ਸਰਵਰਕ 'ਤੇ 'ਅਨੁਵਾਦ ਵਿਸ਼ੇਸ਼ ਅੰਕ' (ਜੁਲਾਈ-ਸਤੰਬਰ 2024) ਪੜ੍ਹ ਕੇ ਸੋਚਿਆ ਕਿ 15-20 ਲੇਖਕਾਂ ਦੀਆਂ ਵੱਖ-ਵੱਖ ਭਾਸ਼ਾਵਾਂ ਵਿੱਚੋਂ ਪੰਜਾਬੀ ਵਿੱਚ ਅਨੁਵਾਦ ਕੀਤੀਆਂ ਰਚਨਾਵਾਂ ਨਾਲ ਕੰਮ ਚਲਾਇਆ ਹੋਵੇਗਾ, ਇਸ ਲਈ ਮੈਂ ਤਤਕਰਾ ਦੇਖਣ ਤੋਂ ਵੀ ਪਰਹੇਜ਼ ਹੀ ਕੀਤਾ। ਕੁਝ ਦਿਨ ਪਹਿਲਾਂ ਜਦੋਂ ਕੰਪਿਊਟਰ ਤੋਂ ਕੋਈ ਪੁਰਾਣੀ ਫ਼ਾਈਲ ਖੋਲ੍ਹਣ ਲੱਗਾ ਤਾਂ ਅਚਾਨਕ 'ਏਕਮ' ਦੀ ਫਾਈਲ ਸਾਹਮਣੇ ਆ ਗਈ। ਸੋਚਿਆ ਇੱਕ-ਦੋ ਅਨੁਵਾਦਿਤ ਰਚਨਾਵਾਂ ਹੀ ਪੜ੍ਹ ਲਵਾਂ, ਪਰ ਜਦੋਂ 'ਅੰਦਰਲੀ ਝਾਤ' ਦੇ ਨਜ਼ਰ ਮਾਰੀ ਤਾਂ ਦੇਖਿਆ ਕਿ ਆਰਟੀਕਲਾਂ ਦੀ ਤਾਂ ਛਹਿਬਰਾਂ ਲੱਗੀਆਂ ਹੋਈਆਂ ਹਨ (30 ਆਰਟੀਕਲ)। ਇਨ੍ਹਾਂ ਦੇ ਲੇਖਕ ਵੀ ਜਾਣੇ-ਪਛਾਣੇ ਅਤੇ ਉੱਚ ਕੋਟੀ ਦੇ, ਜਿਨ੍ਹਾਂ ਵਿੱਚੋਂ ਕੁਝ ਤਾਂ ਪੰਜਾਬੀ ਅਨੁਵਾਦ ਖੇਤਰ ਦੇ ਸ਼ਾਹ ਸਵਾਰ ਹਨ, ਜਿਵੇਂ ਕਿ ਜੰਗ ਬਹਾਦੁਰ ਗੋਇਲ, ਮਨਮੋਹਨ, ਸੁਕਰੀਤ, ਬਲਬੀਰ ਮਾਧੋਪੁਰੀ, ਸੁਰਿੰਦਰ ਸਿੰਘ ਤੇਜ, ਜਿੰਦਰ, ਨਰਿੰਦਰ ਕੁਮਾਰ, ਅਮੀਆ ਕੁੰਵਰ, ਪਰਮਜੀਤ ਸਿੰਘ ਢੀਂਗਰਾ, ਡਾ. ਰਵੀ ਰਵਿੰਦਰ, ਪ੍ਰਵੇਸ਼ ਸ਼ਰਮਾ, ਅਮਰਜੀਤ ਕੌਂਕੇ, ਸਤਪਾਲ ਭੀਖੀ, ਡਾ. ਸਵਾਮੀ ਸਰਬਜੀਤ, ਕੁਲਦੀਪ ਸਿੰਘ ਦੀਪ ਆਦਿ।

ਅਨੁਵਾਦ ਦੇ ਵੱਖ-ਵੱਖ ਪਹਿਲੂਆਂ 'ਤੇ ਚਰਚਾ ਕਰਦੇ ਇਨ੍ਹਾਂ ਸਾਰੇ ਲੇਖਾਂ ਵਿੱਚ ਇੱਕ ਤੋਂ ਦੂਜੀ ਭਾਸ਼ਾ ਵਿੱਚ ਕਿਤੇ ਅਨੁਵਾਦ ਸੰਬੰਧੀ ਕਈ ਸਾਂਝੇ ਜਾਂ ਮੂਲ ਪੱਖ ਪੇਸ਼ ਕੀਤੇ ਗਏ ਹਨ। ਮਸਲਨ ਅਨੁਵਾਦ ਦੀ ਪ੍ਰਕਿਰਿਆ ਇੱਕ ਕਿਸਮ ਦੀ ਦੋ ਵੱਖ-ਵੱਖ ਭਾਸ਼ਾਵਾਂ ਅਤੇ ਸਭਿਆਚਾਰਾਂ ਵਿਚਕਾਰ ਪੁਲ ਦੀ ਤਰ੍ਹਾਂ ਹੁੰਦੀ ਹੈ; ਅਨੁਵਾਦ ਕਰਨ ਵਾਲੇ ਨੂੰ ਦੋਵੇਂ ਭਾਸ਼ਾਵਾਂ (ਜਿਸ ਭਾਸ਼ਾ ਦੀ ਪੁਸਤਕ ਦਾ ਅਨੁਵਾਦ ਕੀਤਾ ਜਾ ਰਿਹਾ ਹੈ ਤੇ ਜਿਸ ਭਾਸ਼ਾ ਵਿੱਚ ਕੀਤਾ ਜਾ ਰਿਹਾ ਹੈ) ਦਾ ਚੰਗਾ ਗਿਆਨ ਹੋਣਾ ਲਾਜ਼ਮੀ ਹੈ; ਅਨੁਵਾਦਕ ਨੂੰ ਧਿਆਨ ਰੱਖਣਾ ਪੈਂਦਾ ਹੈ ਕਿ ਅਨੁਵਾਦ ਨਿਰਸ ਨਾ ਬਣ ਜਾਵੇ; ਅਨੁਵਾਦ ਕਦੇ ਵੀ ਸ਼ਬਦਾਂ ਜਾਂ ਵਾਕਾਂ ਦਾ ਹੂਬਹੂ ਉਲਥਾ ਨਹੀਂ ਹੁੰਦਾ; ਹਰ ਭਾਸ਼ਾ ਦੇ ਕੁਝ ਸ਼ਬਦ ਅਜਿਹੇ ਹੁੰਦੇ ਹਨ, ਜਿਨ੍ਹਾਂ ਨੂੰ ਦੂਜੀਆਂ ਭਾਸ਼ਾਵਾਂ 'ਚ ਉਲਥਾਇਆ ਨਹੀਂ ਜਾ ਸਕਦਾ। ਅਜਿਹੇ ਸਮੇਂ ਅਨੁਵਾਦਕ ਦੀ ਭਾਸ਼ਾ 'ਤੇ ਪਕੜ ਕੰਮ ਆਉਂਦੀ ਹੈ; ਅਨੁਵਾਦਕ ਨੂੰ ਚਾਹੀਦਾ ਹੈ ਕਿ ਉਹ ਅਨੁਵਾਦ ਕਰਨ ਵਾਲੀ ਪੁਸਤਕ ਨੂੰ ਚੰਗੀ ਤਰ੍ਹਾਂ ਪੜ੍ਹੇ; ਕਈ ਵਾਰ ਇੱਕ ਹੀ ਅਰਥ ਵਾਲੇ ਕਈ ਸ਼ਬਦ ਹੁੰਦੇ ਹਨ, ਅਜਿਹੇ ਸਮੇਂ ਵੀ ਅਨੁਵਾਦਕ ਨੂੰ ਇਹ ਸਮਝਣਾ ਪੈਂਦਾ ਹੈ ਕਿ ਪੇਸ਼ ਕੀਤੇ ਜਾ ਰਹੇ ਹਾਲਾਤ ਵਿੱਚ ਵਿਸ਼ੇਸ਼ ਸ਼ਬਦ ਨੂੰ ਕਿਸ ਅਰਥ ਵਿੱਚ ਵਰਤਿਆ ਗਿਆ ਹੈ (ਐਸਕੀਮੋ ਲੋਕ 'ਬਰਫ' ਲਈ 20 ਵੱਖ-ਵੱਖ ਸ਼ਬਦਾਂ ਦੀ ਵਰਤੋਂ ਕਰਦੇ ਹਨ, ਜੋ ਕੁਦਰਤੀ ਬਰਫ ਦੇ ਵੱਖੋ-ਵੱਖ ਪੜਾਵਾਂ ਦੀ ਤਰਜਮਾਨੀ ਕਰਦੇ ਹਨ-ਸੁਕਰੀਤ); ਅਨੁਵਾਦ ਕਾਰਨ ਆਮ ਲੋਕਾਂ ਨੂੰ ਵੀ ਦੂਜੀਆਂ ਭਾਸ਼ਾਵਾਂ ਦੇ ਵਧੀਆ ਸਾਹਿਤ ਨੂੰ ਪੜ੍ਹਨ ਦਾ ਮੌਕਾ ਮਿਲ ਜਾਂਦਾ ਹੈ; ਅਣਗਹਿਲੀ ਨਾਲ ਕੀਤਾ ਗਿਆ ਅਨੁਵਾਦ ਅਰਥ ਦੇ ਅਨਰਥ ਕਰ ਦਿੰਦਾ ਹੈ। ਪੰਜਾਬੀ ਦੇ ਮੁਹਾਵਰੇ 'ਨਾ ਰੰਨ ਨਾ ਕੰਨ' ਦਾ ਅੰਗਰੇਜ਼ੀ ਅਨੁਵਾਦ 'ਨਾਇਦਰ ਵਾਈਫ ਨੌਰ ਈਅਰ' ਹਾਸੋ-ਹੀਣਾ ਹੈ। ਇਸੇ ਤਰ੍ਹਾਂ ਕਾਰਲ ਮਾਰਕਸ ਦਾ ਪ੍ਰਸਿੱਧ ਕਥਨ 'ਧਰਮ ਲੋਕਾਂ ਲਈ ਅਫੀਮ ਹੈ' ਅਸਲ ਵਿੱਚ ਗਲਤ ਅਨੁਵਾਦ ਹੈ। ਉਸ ਨੇ ਅਸਲ 'ਚ 'ਧਰਮ ਲੋਕਾਂ ਦੀ ਅਫੀਮ' ਕਿਹਾ ਸੀ। (ਮਨਮੋਹਨ ਦੇ ਲੇਖ 'ਚੋਂ); ਵੀਹਵੀਂ ਸਦੀ ਦੇ ਛੇਵੇਂ ਤੇ ਸੱਤਵੇਂ ਦਹਾਕੇ ਵਿੱਚ ਰੂਸੀ ਭਾਸ਼ਾ ਦੇ ਵਧੀਆ ਸਾਹਿਤ ਦਾ ਪੰਜਾਬੀ ਵਿੱਚ ਬਹੁਤ ਉੱਚ ਪਾਏ ਦਾ ਅਨੁਵਾਦ ਹੋਇਆ। ਇਨ੍ਹਾਂ ਪੁਸਤਕਾਂ ਦੀਆਂ ਕੀਮਤ ਵੀ ਬਹੁਤ ਵਾਜਬ ਹੁੰਦੀਆਂ ਸਨ। ਡਾ. ਗੁਰਬਖਸ਼ ਸਿੰਘ ਫਰੈਂਕ, ਡਾ. ਕਰਨਜੀਤ ਸਿੰਘ, ਗੁਰਬਚਨ ਸਿੰਘ ਭੁੱਲਰ, ਦਰਸ਼ਨ ਸਿੰਘ ਆਦਿ ਵਿਦਵਾਨਾਂ ਨੇ ਇਸ ਪਾਸੇ ਸਲਾਹੁਣਯੋਗ ਕੰਮ ਕੀਤਾ; ਇੰਟਰਨੈੱਟ ਦੇ ਯੁਗ 'ਚ ਕਈ ਐਪਸ ਹਨ, ਜਿਨ੍ਹਾਂ ਦੀ ਵਰਤੋਂ ਕਰ ਕੇ ਇੱਕ ਭਾਸ਼ਾ ਵਿੱਚੋਂ ਦੂਜੀ ਭਾਸ਼ਾ ਵਿੱਚ ਅਨੁਵਾਦ ਹੋ ਜਾਂਦਾ ਹੈ, ਪਰ ਇਹ ਅਨੁਵਾਦ ਬਹੁਤੀ ਵਾਰ ਸਹੀ ਨਹੀਂ ਹੁੰਦਾ, ਆਦਿ।




ਉਕਤ ਸਾਂਝੇ ਨੁਕਤਿਆਂ ਤੋਂ ਬਿਨਾ ਬਹੁਤੇ ਵਿਦਵਾਨਾਂ ਨੇ ਆਪੋ-ਆਪਣੇ ਲੇਖਾਂ 'ਚ ਅਨੁਵਾਦ ਦੀ ਪ੍ਰਕਿਰਿਆ ਸੰਬੰਧੀ ਬੜੇ ਵਧੀਆ ਅਤੇ ਗਿਆਨ ਵਿੱਚ ਵਾਧਾ ਕਰਨ ਵਾਲੇ ਨੁਕਤੇ ਪ੍ਰਗਟਾਏ ਹਨ। ਉਨ੍ਹਾਂ ਵਿੱਚੋਂ ਕੁਝ ਇਸ ਪ੍ਰਕਾਰ ਹਨ:

ਅਰਤਿੰਦਰ ਸੰਧੂ ਨੇ ਆਪਣੇ ਪਰਚੇ 'ਅਨੁਵਾਦ ਦਾ ਇਤਿਹਾਸ, ਮਸਲੇ ਤੇ ਵਰਤਮਾਨ ਸਥਿਤੀ' ਵਿੱਚ ਵਿਚਾਰ ਪ੍ਰਗਟਾਇਆ ਹੈ, "ਇਹ ਕਾਰਜ ਮਨੁੱਖ ਦੇ ਗੁਫਾਵਾਂ ਵਿੱਚ ਰਹਿਣ ਸਮੇਂ ਤੋਂ ਹੀ ਸ਼ੁਰੂ ਹੋ ਗਿਆ ਸੀ। ਜਦ ਭਾਸ਼ਾਵਾਂ ਵਿਕਸਿਤ ਨਹੀਂ ਸਨ ਹੋਈਆਂ।" ਇਸ ਦੀ ਵਿਆਖਿਆ ਕਰਦੇ ਹੋਏ ਲਿਖਿਆ ਹੈ ਕਿ ਉਸ ਸਮੇਂ ਦੇ ਕੰਧ ਚਿੱਤਰ ਵਿਚਾਰਾਂ ਨੂੰ ਦੂਜਿਆਂ ਤੱਕ ਪਹੁੰਚਾਉਣ ਵਾਸਤੇ ਇੱਕ ਤਰ੍ਹਾਂ ਦਾ ਅਨੁਵਾਦ ਹੀ ਸੀ। ਉਸ ਨੇ ਅਨੁਵਾਦ ਦੀ ਪ੍ਰਕਿਆ ਸੰਬੰਧੀ ਕੁਝ ਵਿਦਵਾਨਾਂ ਦੇ ਵਿਚਾਰ ਵੀ ਪ੍ਰਗਟਾਏ ਹਨ। ਇਟਲੀ ਦੇ ਇੱਕ ਮੁਹਾਵਰੇ ਦਾ ਵੀ ਜ਼ਿਕਰ ਕੀਤਾ ਹੈ-ਅਨੁਵਾਦਕ ਵਿਸ਼ਵਾਸਘਾਤੀ ਹੁੰਦਾ ਹੈ। ਲੇਖਿਕਾ ਦਾ ਮੰਨਣਾ ਹੈ ਕਿ "ਅਨੁਵਾਦਕ ਗਹਿਰੀ ਭਾਵਨਾਤਮਕ ਜ਼ਿੰਮੇਵਾਰੀ ਦੇ ਅਧੀਨ ਹੀ ਵਧੀਆ ਅਨੁਵਾਦ ਕਰ ਸਕਦਾ ਹੈ।" ਉਸ ਨੇ ਇੱਕ ਹੋਰ ਥਾਂ ਲਿਖਿਆ ਹੈ ਕਿ "ਜੇ ਅਨੁਵਾਦ ਸਾਹਿਤ ਹੈ ਤਾਂ ਰਸ ਪ੍ਰਧਾਨ ਹੋਵੇ ਅਤੇ ਜੇ ਸਾਹਿਤਕ ਨਹੀਂ ਤਾਂ ਸੂਚਨਾ ਪ੍ਰਧਾਨ ਹੋਵੇ।"

ਜੰਗ ਬਹਾਦਰ ਗੋਇਲ ਦਾ ਕਥਨ ਹੈ ਕਿ "ਅਨੁਵਾਦ ਦੇ ਜ਼ਰੀਏ ਹੀ ਕਿਸੇ ਭਾਸ਼ਾ ਦਾ ਸਾਹਿਤ ਸੀਮਤ ਭੂਗੋਲਿਕ ਸਰਹੱਦਾਂ ਪਾਰ ਕਰ ਕਰਕੇ ਕੁੱਲ ਲੋਕਾਈ ਤੱਕ ਪਹੁੰਚਿਆ ਹੈ।" ਉਸ ਅਨੁਸਾਰ "ਹਰਫ਼-ਬ-ਹਰਫ਼ ਕੀਤਾ ਅਨੁਵਾਦ ਮਕੈਨਿਕੀ, ਨੀਰਸ ਅਤੇ ਅਕਾਊ ਹੋਣਾ ਲਾਜ਼ਮੀ ਹੈ।" ਉਸ ਅਨੁਸਾਰ 'ਅਨੁਵਾਦਕ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਸਹੀ ਸ਼ਬਦਾਂ ਦੀ ਤਲਾਸ਼ ਹੁੰਦੀ ਹੈ।' ਮਨਮੋਹਨ ਦਾ 'ਅਨੁਵਾਦ ਦੀਆਂ ਸਮੱਸਿਆਵਾਂ' ਲੇਖ ਵਿੱਚ ਇੱਕ ਕਥਨ ਵਿਸ਼ੇਸ਼ ਧਿਆਨ ਖਿੱਚਦਾ ਹੈ ਕਿ "ਹਰ ਅਨੁਵਾਦ ਦਰਅਸਲ ਮੂਲ ਪਾਠ ਦਾ ਉਤਰ ਜੀਵਨ ਹੈ।"

ਸੁਕਰੀਤ ਅਨੁਸਾਰ "ਅਨੁਵਾਦਕ ਦਾ ਮਨੋਰਥ ਦੂਜੀ ਜ਼ਬਾਨ ਵਿੱਚ ਮੂਲ ਭਾਵਨਾ ਦਾ ਸੰਚਾਰ ਕਰਨਾ ਹੈ ਅਤੇ ਇਹ ਕੋਈ ਜਰੂਰੀ ਨਹੀਂ ਕਿ ਉਹ ਕਿਸੇ ਇੱਕ ਸ਼ਬਦ 'ਤੇ ਹੀ ਅੜਿਆ ਰਹੇ।" ਪਰ ਇਸ ਦੇ ਉਲਟ ਪਰਮਜੀਤ ਢੀਂਗਰਾ ਨੇ ਲਿਖਿਆ ਹੈ ਕਿ ਕੁਝ ਕਠਿਨ ਸ਼ਬਦ ਅਤੇ ਵਾਕਾਂ ਦੇ ਤਿਆਗ ਕਰਨ ਨਾਲ ਰਚਨਾ ਦਾ ਮੁਹਾਵਰਾ ਤਿੜਕ ਜਾਂਦਾ ਹੈ। ਕਰਮਜੀਤ ਸਿੰਘ ਨੇ 'ਅਨੁਵਾਦ ਇੱਕ ਕਲਾ' ਵਿੱਚ ਅਨੁਵਾਦ ਦੀਆਂ ਇਨ੍ਹਾਂ ਕਿਸਮਾਂ ਦਾ ਜ਼ਿਕਰ ਕੀਤਾ ਹੈ- ਸ਼ਾਬਦਿਕ ਅਨੁਵਾਦ, ਭਾਵ ਅਨੁਵਾਦ, ਛਾਇਆ ਅਨੁਵਾਦ, ਵਿਆਖਿਆ ਅਨੁਸਾਰ ਅਨੁਵਾਦ ਅਤੇ ਭਾਵ ਅਨੁਵਾਦ।

ਪ੍ਰਸਿੱਧ ਪੱਤਰਕਾਰ ਅਤੇ ਅਨੁਵਾਦਕ ਸੁਰਿੰਦਰ ਸਿੰਘ ਤੇਜ ਅਨੁਵਾਦ ਨੂੰ 'ਕਲਾ ਅਤੇ ਕਾਰੀਗਰੀ' ਮੰਨਦੇ ਹਨ। ਉਨ੍ਹਾਂ ਅਨੁਸਾਰ 'ਜਦੋਂ ਤੱਕ ਚੰਗਾ ਅਦਬ ਜਿੰਦਾ ਰਹੇਗਾ, ਚੰਗੇ ਅਨੁਵਾਦ ਦੀ ਅਹਿਮੀਅਤ ਵੀ ਬਰਕਰਾਰ ਰਹੇਗੀ।' ਜਿੰਦਰ ਦਾ ਕਥਨ ਹੈ ਕਿ 'ਅਨੁਵਾਦਕ ਰਚਨਾ ਪਾਠਕ ਨੂੰ ਦੂਜੀ ਭਾਸ਼ਾ ਦੀ ਨਹੀਂ ਆਪਣੀ ਭਾਸ਼ਾ ਦੀ ਲੱਗਣੀ ਚਾਹੀਦੀ ਹੈ।' ਡਾ. ਰਵੀ ਰਵਿੰਦਰ ਅਨੁਵਾਦ ਨੂੰ ਵਿਸ਼ਵ ਸਾਹਿਤ ਦਾ ਦਰਜਾ ਦਿੰਦਾ ਹੈ ਅਤੇ ਇਸ ਦੇ ਸਿਰਜਕ ਅਨੁਵਾਦਕਾਂ ਨੂੰ ਅਜਿਹੇ ਸਾਹਿਤ ਦੇ ਸਿਰਜਕ ਮੰਨਦਾ ਹੈ।

ਪ੍ਰਵੇਸ਼ ਸ਼ਰਮਾ ਨੇ ਆਪਣੇ ਲੇਖ 'ਸਾਹਿਤਕ ਅਨੁਵਾਦ: ਸਿਧਾਂਤ ਤੇ ਵਿਹਾਰ' ਵਿੱਚ ਅਕਾਸ਼ਵਾਣੀ ਜਲੰਧਰ ਦੀ ਨੌਕਰੀ ਦੇ ਸਮੇਂ ਦੇ ਅਨੁਵਾਦ ਸੰਬੰਧੀ ਕੁਝ ਰੌਚਕ ਕਿੱਸੇ ਬਿਆਨ ਕਰਕੇ ਗੰਭੀਰ ਚਰਚਾ ਵਿੱਚ ਹਲਕਾ-ਫੁਲਕਾ ਮਾਹੌਲ ਸਿਰਜਿਆ ਹੈ। ਡਾ. ਰਾਜੇਸ਼ ਸ਼ਰਮਾ ਦਾਰਸ਼ਨਿਕ ਭਾਸ਼ਾ ਵਿੱਚ ਗੱਲ ਕਰਦਾ ਹੋਇਆ ਅਨੁਵਾਦ ਨੂੰ ਨਦੀ ਜਿਹਾ ਕਹਿੰਦਾ ਹੈ, ਜੋ ਰੁਕਦਾ ਨਹੀਂ ਅਤੇ ਨਾ ਹੀ ਰੂਪ ਦੀ ਸਥਿਰਤਾ ਵਿੱਚ ਬੱਝਦਾ ਹੈ। ਪ੍ਰੋ. ਜਸਪਾਲ ਘਈ ਅਨੁਸਾਰ 'ਅਨੁਵਾਦ ਦਾ ਆਪਣਾ ਵੱਖਰਾ ਸੁਹਜ-ਸ਼ਾਸਤਰ ਹੈ।' ਜਗਤਾਰ ਸਿੰਘ ਦਾ ਵਿਚਾਰ ਹੈ ਕਿ ਅਨੁਵਾਦਕ ਪਾਠਕ ਜਗਤ ਦੇ ਅਨੁਭਵ ਸੰਸਾਰ ਵਿੱਚ ਵਾਧਾ ਕਰਦਾ ਹੈ। ਜਦ ਕਿ ਦੇਵਿੰਦਰ ਸੈਫ਼ੀ ਅਤੇ ਅਮਰਜੀਤ ਕੌਂਕੇ ਅਨੁਵਾਦ ਕਾਰਜ ਨੂੰ ਪੁਨਰ ਸਿਰਜਣਾ ਮੰਨਦੇ ਹਨ। ਕੌਂਕੇ ਤਾਂ ਅਨੁਵਾਦ ਨੂੰ ਕੁਦਰਤੀ ਵਰਤਾਰਾ ਕਹਿੰਦਾ ਹੈ। ਧਰਮ ਪਾਲ ਸਾਹਿਲ ਨੇ ਦੱਸਿਆ ਹੈ ਕਿ ਸਭ ਤੋਂ ਪਹਿਲਾਂ ਸੇਂਟ ਜੋਹੋਨ ਨੇ 400 ਈਸਵੀ ਵਿੱਚ ਬਾਈਬਲ ਦਾ ਅਨੁਵਾਦ ਲੈਟਿਨ ਭਾਸ਼ਾ ਵਿੱਚ ਕੀਤਾ ਸੀ ਅਤੇ ਭਾਰਤ ਵਿੱਚ ਪਹਿਲਾ ਅਨੁਵਾਦ ਡਾ. ਰਘੂਵੀਰਾ ਨੇ 18ਵੀਂ ਸਦੀ ਵਿੱਚ ਕੀਤਾ ਸੀ। ਜਸਵਿੰਦਰ ਕੌਰ ਬਿੰਦਰਾ ਦਾ ਵਿਚਾਰ ਹੈ ਕਿ ਅਨੁਵਾਦ ਇੱਕ ਹੁਨਰ ਹੈ, ਜੋ ਅਭਿਆਸ ਦੁਆਰਾ ਸੁਧਾਰਿਆ ਜਾ ਸਕਦਾ ਹੈ। ਬੂਟਾ ਸਿੰਘ ਚੌਹਾਨ ਨੇ ਆਪਣੇ ਲੇਖ 'ਅਨੁਵਾਦਿਤ ਸਾਹਿਤ ਕਿਉਂ? ਵਿੱਚ ਰੌਚਕ ਜਾਣਕਾਰੀ ਮੁਹੱਈਆ ਕਰਵਾਈ ਹੈ। ਇੰਦਰਜੀਤ ਪਾਲ ਕੌਰ ਅਨੁਸਾਰ ਅਨੁਵਾਦ ਨਾਲ ਭਾਸ਼ਾ ਅਮੀਰ ਹੁੰਦੀ ਹੈ। ਡਾ. ਕੁਲਦੀਪ ਸਿੰਘ ਦੀਪ ਨੇ ਆਪਣੇ ਪਰਚੇ ਵਿੱਚ ਕਵਿਤਾ ਅਤੇ ਨਾਟਕ ਦੇ ਅਨੁਵਾਦ ਸੰਬੰਧੀ ਵਿਸਤਾਰ ਵਿੱਚ ਚਰਚਾ ਕੀਤੀ ਹੈ। ਇੱਕ ਲੇਖ ਵਿੱਚ ਇਹ ਦੱਸਿਆ ਗਿਆ ਹੈ ਕਿ ਰਟਿਨ ਡੋਲੈਟ ਨਾਂ ਦੇ ਅਨੁਵਾਦਕ ਨੂੰ ਪਲੇਟੋ ਦੇ ਅਨੁਵਾਦ ਵਿੱਚ ਛੋਟ ਲੈਣ ਕਰਕੇ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ।

ਕਈ ਵਿਦਵਾਨਾਂ ਨੇ ਅਨੁਵਾਦ ਖੇਤਰ ਵਿੱਚ ਆਪਣੇ-ਆਪਣੇ ਕਾਰਜਾਂ ਦਾ ਵੇਰਵਾ ਦਿੱਤਾ ਹੈ, ਜਿਸ ਨਾਲ ਪਾਠਕਾਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਦੀ ਜਾਣਕਾਰੀ ਮਿਲਦੀ ਹੈ। 30 ਲੇਖਾਂ ਤੋਂ ਇਲਾਵਾ ਕੁਝ ਅਨੁਵਾਦਕ ਰਚਨਾਵਾਂ ਵੀ ਦਰਜ ਹਨ। ਨਿਰਸੰਦੇਹ ਅਰਤਿੰਦਰ ਸੰਧੂ ਨੇ 'ਏਕਮ' ਦੇ ਅਨੁਵਾਦ ਵਿਸ਼ੇਸ਼ ਅੰਕ ਰਾਹੀਂ ਪੰਜਾਬੀ ਪਾਠਕਾਂ ਨੂੰ ਇੱਕ ਵਿਸ਼ੇਸ਼ ਵਿਸ਼ੇ 'ਤੇ ਪੜ੍ਹਨਯੋਗ ਸਮਗਰੀ ਮੁਹੱਈਆ ਕਰਵਾਈ ਹੈ, ਜਿਸ ਲਈ ਉਸਦੀ ਪ੍ਰਸ਼ੰਸਾ ਕਰਨੀ ਬਣਦੀ ਹੈ।

# ਸੈਣੀਆਂ ਨੇ ਬੰਨ੍ਹਿਆ ਸੀ ਪਿੰਡ ਰੁੜਕੀ ਖਾਸ

**ਪਿੰਡ ਵਸਿਆ (15)**

**ਵਿਜੈ ਬੰਬੇਲੀ**
ਫੋਨ: +91-9463439075



***ਪਾਠਕਾਂ ਦੀ ਜਾਣਕਾਰੀ ਲਈ ਅਸੀਂ ਕਾਲਮ 'ਪਿੰਡ ਵਸਿਆ' ਸ਼ੁਰੂ ਕੀਤਾ ਹੈ, ਜਿਸ ਵਿੱਚ ਸਿਰਫ ਪਿੰਡ ਵੱਸਣ ਦੀ ਹੀ ਬਾਤ ਪਾਈ ਹੁੰਦੀ ਹੈ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪੇਸ਼ ਹੈ, ਦੋ ਨਾਵਾਂ 'ਤੇ ਵੱਸੇ ਪਿੰਡ ਰੁੜਕੀ ਖਾਸ/ਰੁੜਕੀ ਸੈਣੀਆਂ ਦਾ ਸੰਖੇਪ ਵੇਰਵਾ...***

ਰੁੜਕੀ ਸੈਣੀਆਂ ਅਤੇ ਰੁੜਕੀ ਖਾਸ ਇੱਕੋ ਪਿੰਡ ਦੇ ਦੋ ਨਾਂ ਹਨ। ਰੁੜਕੀ ਖਾਸ 'ਸਰਕਾਰੀ ਕਾਗਜ਼ਾਂ' ਵਿੱਚ ਅਤੇ ਰੁੜਕੀ ਸੈਣੀਆਂ 'ਲੋਕ ਜ਼ੁਬਾਂ' ਵਿੱਚ। ਬਹੁਤ ਸਾਰੀਆਂ ਹੋਰ ਰੁੜਕੀਆਂ ਹੋਣ ਕਾਰਨ ਅੰਗਰੇਜ਼ਾਂ ਨੇ ਇਸ ਦੇ ਨਾਂ ਨਾਲ 'ਖਾਸ' ਸ਼ਬਦ ਲਾ ਕੇ ਇਸ ਪਿੰਡ ਨੂੰ ਅੱਡ ਪਛਾਣ ਦਿੱਤੀ। ਇਸ ਕਰਕੇ ਵੀ ਕਿ ਦੂਸਰੀਆਂ ਦੀ ਬਜਾਏ ਇਹ ਪਿੰਡ ਬਾਗੀ-ਫਿਜ਼ਾ ਦਾ ਹੋਣ ਕਾਰਨ ਗੋਰਿਆ ਦੀ ਅੱਖ 'ਚ 'ਖਾਸਮ-ਓ-ਖਾਸ' ਸੀ। 'ਰੁੜਕੀ ਸੈਣੀਆਂ' ਨਾਂ ਇਧਰਲੀ ਲੋਕ-ਧਾਰਾ ਕਾਰਨ ਵੀ ਹੈ, ਕਿਉਂਕਿ ਇੱਥੇ ਸੈਣੀਆਂ ਦੀ ਬਹੁਤਾਤ ਸੀ/ਹੈ। ਪੀੜ੍ਹੀ-ਦਰ-ਪੀੜ੍ਹੀ ਤੁਰੀ ਆਉਂਦੀ ਗਾਥਾ ਅਨੁਸਾਰ ਇਸ ਨੂੰ ਬੰਨ੍ਹਿਆ ਹੀ ਸੈਣੀਆਂ ਨੇ ਸੀ, ਉਹ ਵੀ ਇੱਕ ਉਚੀ ਰੋੜ੍ਹੀ, ਮਿੱਟੀ ਦੇ ਵੱਡ ਅਕਾਰੀ ਢੇਰ/ਥੇਹ 'ਤੇ, ਜਿਸ ਦੁਆਲੇ ਕਦੇ ਦਰਿਆ ਸਤਲੁਜ ਦੀਆਂ ਸ਼ਾਖਾਵਾਂ ਅਠਖੇਲੀਆਂ ਕਰਦੀਆਂ ਸਨ। ਇਸੇ ਰੋੜ੍ਹੀ ਤੋਂ ਇਸਦਾ ਨਾਂ ਵਿਗੜਦਾ-ਸੰਵਰਦਾ ਰੁੜਕੀ ਪੈ ਗਿਆ ਅਤੇ ਮੋੜ੍ਹੀ ਸੈਣੀ ਕੁਨਬੇ ਵੱਲੋਂ ਗੱਡੀ ਹੋਣ ਕਾਰਨ ਅੱਲ 'ਸੈਣੀਆਂ' ਅਰਥਾਤ ਸੰਯੁਕਤ ਨਾਂ ਪੈ ਗਿਆ, 'ਰੁੜਕੀ ਸੈਣੀਆਂ'। ਕਿਉਂਕਿ ਆਲੇ-ਦੁਆਲੇ ਚਾਰ ਹੋਰ ਰੁੜਕੀਆਂ ਵਸਦੀਆਂ ਸਨ, ਚਾਂਦਪੁਰ ਰੁੜਕੀ, ਹਿਆਤਪੁਰ ਰੁੜਕੀ, ਰੁੜਕੀ ਖੁਰਦ ਅਤੇ ਰੁੜਕੀ ਮੁਗਲਾਂ; ਸੋ, ਦਸਤਾਵੇਜ਼ਾਂ ਵਿੱਚ ਇਸ ਦਾ ਨਾਂ 'ਰੁੜਕੀ ਖਾਸ' ਸ਼ੁਮਾਰ ਕੀਤਾ ਗਿਆ।

ਇਹ ਪਿੰਡ ਗੜ੍ਹਸ਼ੰਕਰ ਤੋਂ ਤਿੰਨ ਮੀਲ ਪਰ੍ਹੇ ਉੱਤਰੀ-ਪੂਰਬੀ ਪਾਸੇ, ਅਲਾਚੌਰ ਰੇਲਵੇ 'ਟੇਸ਼ਨ ਕੋਲ, ਹੱਦ ਨਵਾਂ ਸ਼ਹਿਰ ਦੀ ਗੁੱਠ ਵਿੱਚ ਵਸਦਾ ਹੈ, ਜਿਸਨੂੰ ਦਿਲ-ਧੂਹਵੀਂ ਪ੍ਰਸਿੱਧੀ ਦੁਆਈ ਨੰਬਰਦਾਰ ਭਗਤ ਸਿੰਘ ਸੈਣੀ ਦੀ 1925 ਵਾਲੀ ਮਾਰਮਿਕ ਸ਼ਹੀਦੀ ਨੇ ਅਤੇ ਇਸ ਨਗਰ ਦੀ ਅੰਬਰੀ ਗਾਥਾ ਤੁਰੀ 'ਕੱਲੇ-ਕਾਹਰੇ ਬੱਬਰ ਅਕਾਲੀ ਸੂਰਮੇ ਰਤਨ ਸਿੰਘ ਰੱਕੜ ਦੇ 1932 'ਚ ਸਰਕਾਰੀ ਧਾੜਾਂ ਨਾਲ ਹੋਏ ਗਹਿਗੱਚ ਮੁਕਾਬਲੇ ਉਪਰੰਤ। ਇਸ ਖੇੜੇ 'ਚ ਹੋਰ ਵੀ ਦੇਸ਼ ਭਗਤ ਹੋਏ, ਪਰ ਮਿਸਤਰੀ ਗੋਂਦਾ ਸਿੰਘ ਅਤੇ ਉਸਦੀ ਸੰਗਰਾਮਣ ਬੀਵੀ ਪ੍ਰੀਤਮ ਕੌਰ ਦੀ ਕੁਰਬਾਨੀ ਲਾਸਾਨੀ ਹੈ, ਭਾਵੇਂ ਕਿ ਬੀਬੀ ਧਰਮ ਕੌਰ, ਸੰਤ ਕੌਰ, ਆਸ ਕੌਰ, ਕਰਮ ਕੌਰ ਆਦਿ ਦੀ ਦੇਣ ਨੂੰ ਵੀ ਨਹੀਂ ਭੁਲਾਇਆ ਜਾ ਸਕਦਾ, ਸਣੇ ਦੇਸ਼ ਭਗਤ ਸੰਤ ਮੋਤੀ ਰਾਮ-ਮੁਣਸ਼ੀ ਰਾਮ ਅਤੇ ਗੰਗਾ ਰਾਮ ਕੈਪਟਨ ਦੇ। ਹਾਂ! ਗਿਆਨੀ ਗੁਰਚਰਨ ਸਿੰਘ ਵੈਦ ਦੀਆਂ ਘਾਲਣਾਵਾਂ ਵੀ ਬੇਅੰਤ ਹਨ, ਸਮੇਤ ਇਸ ਪਿੰਡ ਦੇ ਸੈਂਕੜੇ ਤੋਂ ਵੱਧ ਹੋਰ ਪੁਰਾਤਨ ਕਰਮਯੋਗੀਆਂ ਅਤੇ ਪਿੰਡ ਦੀਆਂ ਸੁਤੰਤਰਤਾ ਸੰਗਰਾਮ ਵਿੱਚ ਲਾਸਾਨੀ ਸਰਗਰਮੀਆਂ ਦੇ।




■ **ਪਿੰਡ ਦੇ ਨੌਜਵਾਨਾਂ ਵੱਲੋਂ ਨੰਬਰਦਾਰ ਭਗਤ ਸਿੰਘ ਸੈਣੀ ਦੇ ਨਾਂ 'ਤੇ ਬਣਾਏ ਗਏ ਵੈਲਫੇਅਰ ਕਲੱਬ ਦਾ ਲੋਗੋ**

ਸ਼ਾਇਦ ਪੰਜਾਬ ਦਾ ਇਹੋ ਇੱਕੋ-ਇੱਕ ਨਗਰ ਹੈ, ਜਿਹੜਾ ਪਹਿਲ-ਪਲੱਕੜਿਆਂ ਵਿੱਚ ਨਿਰੋਲ ਸੈਣੀਆਂ ਨੇ ਆਬਾਦ ਕੀਤਾ, ਮਗਰੋਂ ਸੈਣੀ ਕੁਨਬਿਆਂ ਦੇ ਕਈ ਹੋਰ ਪਿੰਡ ਉੱਗਮੇ-ਵਿਗਸੇ, ਖਾਸ ਕਰ ਦੋਆਬੇ ਵਿੱਚ। ਸੈਣੀ ਯਾਦਵਾਂ (ਯਾਦੂ ਬੰਸ਼) ਵਿੱਚੋਂ ਹਨ, ਜਿਸਦੀ 43ਵੀਂ ਵੰਸ਼ ਵਿੱਚ ਸੂਰ ਨਾਂ ਦਾ ਧੜਵੈਲ ਯੋਧਾ ਹੋਇਆ, ਜਿਸਦਾ ਪੁੱਤ ਸੀ ਸੈਣੀ ਯਾਦੂ। ਸੈਣੀ ਆਪਣੇ ਬਾਪ ਵਾਂਗ ਸੂਰਮਾ ਤਾਂ ਸੀ ਹੀ, ਪਰ ਕਰਮਯੋਗੀ (ਕਾਰਿੰਦਾ) ਵੀ ਆਹਲਾ ਸੀ। ਦੋਹਾਂ ਪਿਓ-ਪੁੱਤਰਾਂ ਦੇ ਕਾਰਜ ਇੱਕ-ਦੂਜੇ ਦੇ ਪੂਰਕ ਹੋਣ ਕਾਰਨ ਇਨ੍ਹਾਂ ਨੂੰ ਸੂਰ-ਸੈਣੀ ਕਿਹਾ ਜਾਣ ਲੱਗਾ, ਜਿੱਥੋਂ ਸੈਣੀ ਕਬੀਲੇ ਦਾ ਉਥਾਨ ਹੋਇਆ। ਮਥਰਾ ਤੋਂ 50 ਮੀਲ ਪਰ੍ਹੇ, ਜਿਸਦੀ ਰਾਜਧਾਨੀ ਦਰਿਆ ਜਮੁਨਾ ਦੀ ਲਹਿੰਦੀ ਬਾਹੀ ਕਾਲਿਵਪੁਰਾ (ਸੂਰ ਪੁਰਾ) ਸੀ, ਸਥਾਪਿਤ ਹੋਇਆ, ਜਿਸਦੇ ਖੰਡਰਾਤ ਅੱਜ ਵੀ ਮਿਲਦੇ ਹਨ। ਇਹ ਗੱਲਾਂ ਮਹਾਂਭਾਰਤ ਵਾਪਰਨ ਤੋਂ ਕੁਝ ਪਹਿਲਾਂ ਦੀਆਂ ਹਨ। 'ਮਨੂ ਸਿਰਤੀ' ਤਾਂ ਇਨ੍ਹਾਂ ਬਾਰੇ ਬੋਲਦੀ ਹੀ ਹੈ, ਸਗੋਂ ਇੱਕ ਗੁੰਮਨਾਮ ਆਰੀਅਨ ਨੇ ਆਪਣੇ 'ਘੁੰਮੱਕੜੀ ਰੋਜ਼ਨਾਮਾ' 'ਚ ਲਿਖਿਆ, 'ਉਦੋਂ ਜ਼ਮਨਾ ਦਰਿਆ ਦੇ ਲਾਗੇ-ਬੰਨੇ ਓਬਰਸ ਨਾਮੀ ਜ਼ਹਾਜਰਾਨੀ ਨਦੀ ਵਗਦੀ ਸੀ ਅਤੇ ਇਹ ਖਿੱਤਾ ਸੂਰ-ਸੈਣੀਆਂ ਦਾ ਮੁੱਖ ਕਰਮ-ਖੇਤਰ ਸੀ। 'ਰਾਜਾਓਸ ਅਤੇ ਘਰਾਣੇ' ਦੇ ਪ੍ਰਸਿੱਧ ਖੋਜੀ ਕਰਨਲ ਟਾਡ ਪੁਸਤਕ 'ਰਾਜਸਥਾਨ' ਵਿੱਚ ਲਿਖਦਾ ਹੈ, '1200 ਬੀ.ਸੀ. ਵਿੱਚ ਸੂਰ-ਸੈਣੀਆਂ ਦਾ ਰਾਜ, ਸੂਰ-ਪੁਰਾ, ਬ੍ਰਿਜ ਭੂਮੀ ਵਿੱਚ ਸੀ, ਜਿਸਦਾ ਘੇਰਾ ਮਥਰਾ ਦੁਆਲੇ 80 ਮੀਲ ਬਣਦਾ ਹੈ।' ਉਸ ਸਿਕੰਦਰ ਦੀਆਂ ਲਿਖਤਾਂ ਨੂੰ ਆਧਾਰ ਬਣਾ ਕੇ ਲਿਖਿਆ, 'ਇਨ੍ਹਾਂ ਦੇ ਪੁਰਖੇ ਯਾਦਵ ਸਨ, ਜਿਨ੍ਹਾਂ ਵਿੱਚੋਂ ਹੀ ਸਿਰੀ ਕ੍ਰਿਸ਼ਨ ਜੀ ਸਨ, ਜਿਹੜੇ ਬ੍ਰਿਜ਼ ਭੂਮੀ ਦੇ ਸੁਆਮੀ ਹੋਏ।'

ਮਹਾਨ ਸਿਕੰਦਰ ਆਪਣੀਆਂ ਯਾਦਾਂ ਵਿੱਚ ਦਰਜ ਕਰਦਾ ਹੈ, 'ਰਾਜ ਭਾਵੇਂ ਸੈਣੀ ਕੌਮ ਦਾ ਚੰਬਲ ਵੱਲ ਸੁਣੀਂਦਾ ਹੈ, ਪ੍ਰੰਤੂ ਇਹ ਰਾਵੀ-ਸਿੰਧ ਖਿੱਤੇ 'ਚ ਵੀ ਕਿਤੇ-ਕਿਤੇ ਹਨ, ਜਿਨ੍ਹਾਂ ਦੀਆਂ ਜੰਗੀ-ਟੁਕੜੀਆਂ ਨੇ ਮੇਰਾ ਵੀਰ-ਗਤ ਮੁਕਾਬਲਾ ਕੀਤਾ।' ਜਿੱਥੇ ਮਹਾਂਭਾਰਤ ਵਿੱਚ ਸੂਰ-ਸੈਣੀਆਂ ਨੂੰ ਦਫਾ-ਅੱਵਲ ਲਿਖਿਆ ਗਿਆ ਹੈ, ਉੱਥੇ 'ਭਾਰਤ ਵੰਸ਼ ਦਾ ਇਤਿਹਾਸ' ਦੇ 'ਸੱਜਰਾ ਹਿੰਦੂ ਭਾਰਤ' ਵਿੱਚ ਵੀ ਇਨ੍ਹਾਂ ਦਾ ਜ਼ਿਕਰ 'ਆਹਲਾ ਕਾਰਿੰਦੇ ਖੇਤੀਹਾਰ' ਦਰਜ ਹੈ। ਜਾਤਾਂ ਅਤੇ ਕਬੀਲਿਆਂ ਬਾਰੇ ਹਵਾਲਾ ਪੁਸਤਕ 'ਏ ਗਲੋਸਰੀ ਆਫ ਟਰਾਇਬਜ਼ ਐਂਡ ਕਾਸਟਸ' ਅਨੁਸਾਰ 'ਸੈਣੀ ਅਤੇ ਅਰਾਂਈ ਦਰਅਸਲ ਮਾਲੀ ਕੌਮ ਦੀਆਂ ਹੀ ਸ਼ਾਖਾਵਾਂ ਹਨ। ਮਾਲੀ ਦਿੱਲੀ ਅਤੇ ਮੱਧ ਭਾਰਤ ਵੱਲ ਹੀ ਰਹੇ, ਸੈਣੀ ਸ਼ਾਖ ਪੰਜਾਬ ਵੱਲ ਆ ਗਈ। ਉਹ ਸੈਣੀ ਜਿਹੜੇ ਸਥਿਤੀਆਂ-ਪ੍ਰਸਥਿਤੀਆਂ ਵੱਸ ਮੁਸਲਿਮ ਬਣੇ, ਉਹ ਅਰਾਂਈ ਕਹਾਏ, ਪਰ ਇਨ੍ਹਾਂ ਤਿੰਨਾਂ: ਮਾਲੀ-ਸੈਣੀ-ਅਰਾਂਈ, ਦਾ ਮੁੱਖ ਕਿੱਤਾ ਖੇਤੀ ਹੀ ਰਿਹਾ, ਬਹੁਤੇ ਵਪਾਰ ਆਧਾਰਤ ਖੇਤੀ ਕਰਦੇ ਹਨ।' ਪੁਰਾਣੇ ਵੇਲੀਂ ਇਹ ਵੀ ਨਵੀਆਂ ਠਾਹਰਾਂ ਦੀ ਭਾਲ ਵਿੱਚ ਹਿਜ਼ਰਤ-ਦਰ-ਹਿਜ਼ਰਤ ਕਰਦੇ ਰਹਿੰਦੇ ਸਨ। ਕਦੇ ਇਨ੍ਹਾਂ ਹਿਜ਼ਰਤੀਆਂ ਦੇ ਇੱਕ ਪੂਰ ਨੇ ਹੀ ਵਸਾਇਆ ਸੀ, 'ਰੁੜਕੀ ਸੈਣੀਆਂ।'





# ਸ਼ਹੀਦ ਬੱਬਰ ਅਕਾਲੀ ਰਤਨ ਸਿੰਘ ਰੱਕੜ

**ਮਲਕੀਤ ਸਿੰਘ**

ਸ਼ਹੀਦ ਬੱਬਰ ਅਕਾਲੀ ਰਤਨ ਸਿੰਘ ਰੱਕੜ ਦਾ ਜਨਮ 22 ਮਾਰਚ 1893 ਨੂੰ ਪਿੰਡ ਰੱਕੜਾਂ ਬੇਟ, ਥਾਣਾ ਬਲਾਚੌਰ, ਜਿਲ੍ਹਾ ਨਵਾਂਸ਼ਹਿਰ (ਪਹਿਲਾਂ ਹੁਸ਼ਿਆਰਪੁਰ) ਵਿਖੇ ਹੋਇਆ। 12ਵੀਂ ਪਾਸ ਕਰਨ ਉਪਰੰਤ ਉਹ ਸੰਨ 1912 ਵਿੱਚ ਰਸਾਲਾ ਨੰਬਰ 4 ਹਡਸਨ ਹੌਰਸ ਵਿੱਚ ਬਤੌਰ ਕਲਰਕ ਭਰਤੀ ਹੋ ਗਏ। ਉਦੋਂ ਹੀ ਉਨ੍ਹਾਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ। ਇਕ ਸਾਲ ਬਾਅਦ ਉਨ੍ਹਾਂ ਨੂੰ ਰਸਾਲੇ ਦਾ ਦਫ਼ੇਦਾਰ ਨਿਯੁਕਤ ਕਰ ਦਿੱਤਾ ਗਿਆ। ਉਥੋਂ ਇੱਕ ਪਸਤੌਲ, ਕੁਝ ਬੰਬ, ਹੈਂਡਗ੍ਰਨੇਡ ਅਤੇ ਇੱਕ ਰਾਇਫ਼ਲ ਪ੍ਰਾਪਤ ਕਰ ਕੇ ਉਨ੍ਹਾਂ ਨੇ ਆਪਣੇ ਘਰ ਵਿੱਚ ਦੱਬ ਲਏ ਅਤੇ ਕੁਝ ਸਮੇਂ ਬਾਅਦ ਨੌਕਰੀ ਛੱਡ ਦਿੱਤੀ। ਫਿਰ ਕੁਝ ਸਮਾਂ ਖੇਤੀ ਕੀਤੀ ਫਿਰ 2/22 ਪੰਜਾਬੀ ਰੈਜਮੈਂਟ ਵਿੱਚ ਭਰਤੀ ਹੋਏ, ਪਰ ਛੇਤੀ ਹੀ ਉਹ ਨੌਕਰੀ ਵੀ ਛੱਡ ਦਿੱਤੀ।

ਗਦਰ ਲਹਿਰ, ਜਲ੍ਹਿਆਂ ਵਾਲਾ ਬਾਗ਼, ਨਨਕਾਣਾ ਸਾਹਿਬ, ਪੰਜਾ ਸਾਹਿਬ, ਸ੍ਰੀ ਤਰਨਤਾਰਨ, ਜੈਤੋਂ ਦਾ ਮੋਰਚਾ ਅਤੇ ਗੁਰੂ ਕੇ ਬਾਗ ਦੇ ਮੋਰਚੇ ਦਾ ਉਨ੍ਹਾਂ ਦੀ ਸ਼ਖਸੀਅਤ ਉੱਤੇ ਅਸਰ ਹੋਣਾ ਸੁਭਾਵਿਕ ਹੀ ਸੀ। ਉਹ ਬੰਬਾਂ ਦੀ ਤਕਨੀਕ ਦੇ ਵੀ ਮਾਹਿਰ ਸਨ। ਫਿਰ ਉਨ੍ਹਾਂ ਨੇ ਬੱਬਰ ਅਕਾਲੀਆਂ ਅਤੇ ਅਕਾਲੀਆਂ ਨਾਲ ਮਿਲ ਕੇ ਪ੍ਰੋਗਰਾਮ ਉਲੀਕਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਦੀ ਮੁਖਬਰੀ ਹੋਣ ਕਾਰਨ ਘਰ ਤੋਂ ਅਸਲਾ ਫੜ੍ਹਿਆ ਗਿਆ ਅਤੇ ਗ੍ਰਿਫਤਾਰੀ ਵੀ ਹੋਈ। ਪਿਤਾ ਸ. ਜਵਾਹਰ ਸਿੰਘ ਨੂੰ ਲੰਬਰਦਾਰੀ ਤੋਂ ਹਟਾ ਦਿੱਤਾ ਗਿਆ। ਸ. ਰਤਨ ਸਿੰਘ 5 ਸਾਲ ਦੀ ਕੈਦ ਕੱਟ ਕੇ 1927 ਵਿੱਚ ਰਿਹਾਅ ਹੋਏ।

ਰਿਹਾਈ ਤੋਂ ਬਾਅਦ ਇਲਾਕੇ ਦੇ ਅਕਾਲੀਆਂ ਨੇ ਸਰਬ-ਸੰਮਤੀ ਨਾਲ ਸ. ਰਤਨ ਸਿੰਘ ਨੂੰ ਤਹਿਸੀਲ ਗੜ੍ਹਸ਼ੰਕਰ ਦੇ ਅਕਾਲੀ ਜਥੇ ਦਾ ਜਥੇਦਾਰ ਨਿਯੁਕਤ ਕਰ ਦਿੱਤਾ। 1930 ਵਿੱਚ ਇਨ੍ਹਾਂ ਨੇ ਇੱਕ ਇਸ਼ਤਿਹਾਰ ਕੱਢਿਆ ਕਿ ਅਸੀਂ ਇੱਕੋ ਵੇਲੇ ਥਾਣਾ ਬਲਾਚੌਰ, ਗੜ੍ਹਸ਼ੰਕਰ, ਮਾਹਿਲਪੁਰ, ਰਾਹੋਂ ਵਿੱਚ ਬੰਬ ਧਮਾਕੇ ਕਰਾਂਗੇ ਜੋ ਮਾਰੂ ਨਹੀਂ ਹੋਣਗੇ, ਕੇਵਲ ਧਮਾਕੇ ਹੀ ਹੋਣਗੇ। ਦਿੱਤੇ ਪ੍ਰੋਗਰਾਮ ਅਨੁਸਾਰ ਤਿੰਨ ਪੁਲਿਸ ਸਟੇਸ਼ਨਾਂ- ਮਾਹਿਲਪੁਰ, ਗੜ੍ਹਸ਼ੰਕਰ ਅਤੇ ਬਲਾਚੌਰ ਵਿੱਚ ਧਮਾਕੇ ਕੀਤੇ ਗਏ, ਜਿਸ ਕਰ ਕੇ ਸ. ਰਤਨ ਸਿੰਘ ਦਾ ਘਰ-ਬਾਰ, ਮਾਲ-ਡੰਗਰ, ਜਾਇਦਾਦ ਅਤੇ ਖਲੋਤੀ ਫਸਲ ਆਦਿ ਸਭ ਕੁਝ ਹੀ ਕੁਰਕ ਕਰ ਕੇ ਨੀਲਾਮ ਕਰ ਦਿੱਤਾ ਗਿਆ। ਅੰਗਰੇਜ਼ ਸਰਕਾਰ ਨੇ ਰਤਨ ਸਿੰਘ ਨੂੰ ਫੜਾਉਣ ਵਾਲੇ ਨੂੰ 4000 ਰੁਪਏ ਨਕਦ ਅਤੇ ਇਕ ਮੁਰੱਬਾ ਜ਼ਮੀਨ ਦੇਣ ਦਾ ਐਲਾਨ ਕਰ ਦਿੱਤਾ, ਜਿਸ ਕਰ ਕੇ ਰਤਨ ਸਿੰਘ ਨੂੰ ਪ੍ਰਸਾਦਾ ਛਕਾਉਣ ਵਾਲੇ ਦੇ ਮਨ ਵਿੱਚ ਲਾਲਚ ਆ ਗਿਆ ਅਤੇ ਬੇਈਮਾਨੀ ਤਹਿਤ ਉਸ ਨੇ ਮੁਖਬਰੀ ਕਰ ਕੇ ਰਤਨ ਸਿੰਘ ਨੂੰ ਗ੍ਰਿਫਤਾਰ ਕਰਵਾ ਦਿੱਤਾ। ਰਤਨ ਸਿੰਘ ਨੂੰ 20 ਸਾਲ ਦੀ ਕੈਦ ਹੋਈ ਅਤੇ ਸੈਂਟਰਲ ਜੇਲ੍ਹ ਲਾਹੌਰ ਭੇਜ ਦਿੱਤਾ ਗਿਆ। ਪੁਲਿਸ ਦੀ ਗ੍ਰਿਫਤ ਵਿੱਚੋਂ ਭੱਜਣ ਦਾ ਯਤਨ ਕੀਤਾ ਪਰ ਸਫਲ ਨਾ ਹੋਏ। 1931 ਵਿੱਚ ਉਨ੍ਹਾਂ ਨੂੰ ਉਮਰ ਕੈਦ ਹੋਈ ਅਤੇ ਕਾਲੇ ਪਾਣੀ ਭੇਜਣ ਦਾ ਹੁਕਮ ਦਿੱਤਾ ਗਿਆ।


ਸ. ਰਤਨ ਸਿੰਘ ਰੱਕੜ

ਕਾਲੇ ਪਾਣੀ ਜਾਂਦੇ ਵਕਤ ਦੋ ਵਾਰ ਭੱਜਣ ਦਾ ਯਤਨ ਕੀਤਾ ਪਰ ਸਫਲਤਾ ਨਹੀਂ ਮਿਲੀ ਅਤੇ ਸਜ਼ਾ ਵਧ ਕੇ 42 ਸਾਲ ਹੋ ਗਈ। 20 ਅਪ੍ਰੈਲ 1932 ਨੂੰ ਸ. ਰਤਨ ਸਿੰਘ ਰੱਕੜ ਨੂੰ ਲਾਹੌਰ ਸੈਂਟਰਲ ਜੇਲ੍ਹ ਭੇਜਣ ਦਾ ਆਰਡਰ ਆਇਆ। ਲਾਹੌਰ ਜਾਂਦਿਆਂ ਸਿੱਖ ਸਿਪਾਹੀ ਦੇ ਸਹਿਯੋਗ ਸਦਕਾ ਕੁਝ ਹੋਰ ਕੈਦੀਆਂ ਸਮੇਤ ਭੱਜਣ ਵਿੱਚ ਕਾਮਯਾਬ ਹੋ ਗਏ। ਇਨ੍ਹਾਂ ਨੂੰ ਫੜਾਉਣ ਵਾਲੇ ਨੂੰ 5000 ਰੁਪਏ ਨਕਦੀ ਇਨਾਮ ਐਲਾਨਿਆ ਗਿਆ। 4 ਕੈਦੀ ਭੱਜਦਿਆਂ ਗ੍ਰਿਫਤਾਰ ਕਰ ਲਏ ਗਏ, ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਸ. ਰਤਨ ਸਿੰਘ, ਜਿਨ੍ਹਾਂ ਨਾਲ 4 ਕੈਦੀ ਹੋਰ ਸਨ, ਨੂੰ ਕਾਂਜਲੇ ਦੇ ਜੰਗਲ ਵਿੱਚ ਪੁਲਿਸ ਨੇ ਘੇਰਾ ਪਾ ਲਿਆ ਅਤੇ ਮੁਕਾਬਲਾ ਹੋਇਆ। ਸ. ਰਤਨ ਸਿੰਘ ਦੇ ਜਥੇ ਨੂੰ ਪਾਤਿਸਾਹ ਦੀ ਮਿਹਰ ਸਦਕਾ ਫਤਹਿ ਨਸੀਬ ਹੋਈ। ਉਸ ਤੋਂ ਬਾਅਦ ਆਪਸੀ ਤਕਰਾਰ ਕਾਰਨ ਬਾਕੀ ਚਾਰ ਕੈਦੀਆਂ ਨੇ ਸ. ਰਤਨ ਸਿੰਘ ਨੂੰ ਮਾਰਨ ਦੀ ਸਲਾਹ ਬਣਾਈ, ਪਰ ਕਾਮਯਾਬ ਨਾ ਹੋ ਸਕੇ। ਇਹ ਚਾਰ ਕੈਦੀ ਵੀ ਬਾਅਦ ਵਿੱਚ ਪੁਲਿਸ ਨੇ ਗ੍ਰਿਫਤਾਰ ਕਰ ਲਏ ਅਤੇ ਇਨ੍ਹਾਂ ਨੂੰ ਵੀ ਫਾਂਸੀ ਦੀ ਸਜ਼ਾ ਦਿੱਤੀ ਗਈ।

ਨਿਰਵਾਣੇ ਤੋਂ ਮਾਛੀਵਾੜੇ ਤੱਕ ਪੈਦਲ ਜਾਂਦੇ ਹੋਏ ਸ. ਰਤਨ ਸਿੰਘ ਰੱਕੜ ਦਾ ਕਈ ਦਫ਼ਾ ਪੁਲਿਸ ਨਾਲ ਮੁਕਾਬਲਾ ਹੋਇਆ, ਪਰ ਗੁਰੂ ਦੀ ਮਿਹਰ ਸਦਕਾ ਸਵਾ-ਲੱਖ ਸਿੰਘ ਹੀ ਭਾਰੂ ਪੈਂਦਾ ਰਿਹਾ। ਇਕ ਦਫ਼ਾ ਪੁਲਿਸ ਦੇ ਸਖਤ ਘੇਰੇ 'ਚੋਂ ਜੁਰਅਤ ਨਾਲ ਨਿਕਲਣ ਵਿੱਚ ਵੀ ਗੁਰੂ ਨੇ ਕਾਮਯਾਬੀ ਬਖਸ਼ੀ। ਕਿਸੇ ਨੇ ਸ. ਰਤਨ ਸਿੰਘ ਨੂੰ ਕੇਸ ਦਾੜ੍ਹਾ ਕਟਵਾ ਕੇ ਭੇਸ ਬਦਲਣ ਦੀ ਸਲਾਹ ਦਿੱਤੀ, ਜਿਸ ਦੇ ਜਵਾਬ ਵਿੱਚ ਰਤਨ ਸਿੰਘ ਨੇ ਕਿਹਾ ਕਿ ਮੇਰੀ ਅਰਦਾਸ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਉਣ ਦੀ ਹੈ। ਕੇਸਾਂ ਤੋਂ ਬਿਨਾ ਮੈਂ ਕਮਜ਼ੋਰ ਹੋ ਜਾਵਾਂਗਾ, ਗੁਰੂ ਦੀ ਬਰਕਤ ਜਾਂਦੀ ਰਹੇਗੀ ਅਤੇ ਮੈਂ ਇਕੱਲਾ ਰਹਿ ਜਾਵਾਂਗਾ।

ਮੀਹਾਂ ਸਿੰਘ ਪਿੰਡ ਗੜ੍ਹੀ ਕਾਨੂੰਨਗੋਆਂ, ਜਿਸ ਨੇ ਇਕ ਵਾਰ ਸ. ਰਤਨ ਸਿੰਘ ਰੱਕੜ ਦੀ ਜ਼ਮਾਨਤ ਕਰਵਾਈ ਸੀ, ਪਰ ਰਤਨ ਸਿੰਘ ਦੇ ਫਰਾਰ ਹੋਣ ਕਰਕੇ ਉਹ ਜ਼ਮਾਨਤ ਜਬਤ ਹੋ ਗਈ ਸੀ, ਨੇ ਆਪਣੀ ਮਾਇਆ ਵਾਪਸ ਲੈਣ ਦੇ ਚੱਕਰ ਵਿੱਚ (ਸ. ਰਤਨ ਸਿੰਘ ਨੂੰ ਗ੍ਰਿਫਤਾਰ ਕਰਵਾਉਣ ਵਾਲੇ ਨੂੰ ਨਕਦੀ ਇਨਾਮ) ਸ. ਰਤਨ ਸਿੰਘ ਦੀ ਮੁਖਬਰੀ ਕਰ ਦਿੱਤੀ। ਇਸ ਮੁਖਬਰੀ ਕਰ ਕੇ 15 ਜੁਲਾਈ 1932 (ਸੰਗਰਾਂਦ, 1 ਸਾਵਣ) ਨੂੰ ਪਿੰਡ ਰੁੜਕੀ ਖਾਸ ਨੂੰ ਬਹੁਤ ਭਾਰੀ ਗਿਣਤੀ ਵਿੱਚ ਪੁਲਿਸ ਨੇ ਘੇਰਾ ਪਾ ਲਿਆ। ਦਿਨ ਦੇ ਡੇਢ ਵਜੇ ਤੋਂ ਸ਼ਾਮ ਦੇ ਸਾਢੇ ਸੱਤ ਵਜੇ ਤੱਕ ਮੁਕਾਬਲਾ ਚੱਲਦਾ ਰਿਹਾ, ਪਰ ਗੁਰੂ ਦੇ ਸਿੰਘ ਉੱਤੇ ਇੰਨੀ ਵੱਡੀ ਗਿਣਤੀ ਦੀ ਪੁਲਿਸ ਭਾਰੂ ਨਾ ਪੈ ਸਕੀ। ਸੱਚ ਦੀ ਗਵਾਹੀ ਲਈ ਸ. ਰਤਨ ਸਿੰਘ ਨੂੰ ਗੁਰੂ ਪਾਤਿਸ਼ਾਹ ਬਲ ਬਕਸ਼ ਰਹੇ ਸਨ, ਜਿਸ ਸਦਕਾ ਮਕਾਨ ਨੂੰ ਅੱਗ ਲਾਉਣ ਦੇ ਬਾਵਜੂਦ ਵੀ ਸ. ਰਤਨ ਸਿੰਘ ਰੱਕੜ ਜੈਕਾਰੇ ਛੱਡਦੇ ਰਹੇ। ਬਹੁਤ ਸਖ਼ਤ ਘੇਰਾ ਹੋਣ ਦੇ ਬਾਵਜੂਦ ਸ. ਰਤਨ ਸਿੰਘ ਰੱਕੜ ਨੇ ਇਹ ਘੇਰਾ ਵੀ ਤੋੜ ਦਿੱਤਾ। ਪੁਲਿਸ ਦੇ ਕਿਸੇ ਸਿਪਾਹੀ ਵਿੱਚ ਜੁਰਅਤ ਨਹੀਂ ਸੀ ਕਿ ਰਤਨ ਸਿੰਘ ਉੱਤੇ ਕੋਈ ਗੋਲੀ ਚਲਾ ਸਕੇ। ਜਦੋਂ ਫਰਜ਼ ਪੂਰਾ ਹੋ ਗਿਆ ਤਾਂ ਅੰਤ ਸ. ਰਤਨ ਸਿੰਘ ਰੱਕੜ ਨੇ ਆਪਣੇ ਆਪ ਨੂੰ ਗੋਲੀ ਮਾਰ ਸ਼ਹਾਦਤ ਪਾਈ। ਅੰਤ ਵੇਲੇ ਉਨ੍ਹਾਂ ਆਖਿਆ ਕਿ "ਮੈਂ ਕਲਗੀਧਰ ਦਾ ਪੁੱਤਰ ਹਾਂ, ਇਹ ਹਕੂਮਤ ਨਾ ਹੀ ਮੈਨੂੰ ਫੜ੍ਹ ਸਕੇਗੀ ਅਤੇ ਨਾ ਹੀ ਮੈਨੂੰ ਮਾਰ ਸਕੇਗੀ।" ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਵੀ ਪੁਲਿਸ ਦੀ ਉਨ੍ਹਾਂ ਕੋਲ ਜਾਣ ਦੀ ਜੁਰਅਤ ਨਹੀਂ ਸੀ ਪੈ ਰਹੀ।

ਅੰਗਰੇਜ਼ ਸਰਕਾਰ ਨੇ ਪਿੰਡ ਰੁੜਕੀ ਖਾਸ ਨੂੰ ਆਪਣੀ ਕਾਲੀ ਸੂਚੀ ਵਿੱਚ ਦਰਜ ਕਰ ਲਿਆ ਅਤੇ ਹੋਰ ਵੀ ਕਈ ਸਖ਼ਤ ਸਜ਼ਾਵਾਂ ਦਿੱਤੀਆਂ। ਮੁਖਬਰਾਂ ਨੂੰ ਇਨਾਮ ਦਿੱਤੇ ਗਏ। ਸ਼ਹੀਦ ਦੇ ਜਾਂਦੇ ਹੋਏ ਦੇ ਬੋਲ ਸਨ ਕਿ "ਇਹ ਨਗਰ ਵੱਸਦਾ ਰਹੇ...। ਸਾਰੇ ਸਿੰਘਾਂ ਨੂੰ ਮੇਰੀ ਆਖਰੀ ਫਤਹਿ ਬੁਲਾ ਦੇਣੀ...।"

ਜਾਣਕਾਰੀ


ਤਰਲੋਚਨ ਸਿੰਘ ਭੱਟੀ
ਸਾਬਕਾ ਪੀ.ਸੀ.ਐਸ. ਅਧਿਕਾਰੀ
ਫੋਨ:91-9876502607




# ਭਾਰਤ ਵਿੱਚ ਮਰਦਮਸ਼ੁਮਾਰੀ ਦਾ ਪ੍ਰਚਲਨ

'ਮਰਦਮਸ਼ੁਮਾਰੀ' ਤੋਂ ਭਾਵ ਹੈ ਕਿਸੇ ਖਾਸ ਖੇਤਰ ਜਾਂ ਦੇਸ਼ ਵਿੱਚ ਕਿਸੇ ਖਾਸ ਸਮੇਂ ਵਿੱਚ ਘਰਾਂ, ਫਰਮਾਂ ਜਾਂ ਹੋਰ ਮਹੱਤਵਪੂਰਨ ਚੀਜ਼ਾਂ ਦੀ ਗਿਣਤੀ ਕਰਨਾ। ਆਮ ਤੌਰ 'ਤੇ ਮਰਦਮਸ਼ੁਮਾਰੀ ਸ਼ਬਦ ਆਬਾਦੀ ਦੀ ਜਨਗਣਨਾ ਸਿਰਫ 17ਵੀਂ ਸਦੀ ਵਿੱਚ ਵਿਕਸਿਤ ਹੋਣੀ ਸ਼ੁਰੂ ਹੋਈ ਸੀ। 17ਵੀਂ ਅਤੇ 18ਵੀਂ ਸਦੀ ਵਿੱਚ ਖਾਸ ਵਿਅਕਤੀਆਂ ਦੀ ਪਛਾਣ ਕਰਨ ਅਤੇ ਨਿਯੰਤਰਨ ਕਰਨ ਦੀ ਬਜਾਏ ਸਮਾਜ ਦੇ ਬੁਨਿਆਦੀ ਢਾਂਚੇ ਅਤੇ ਰੁਝਾਵਾਂ ਨੂੰ ਸਮਝਣ ਦੇ ਉਦੇਸ਼ਾਂ ਲਈ ਸਾਰੇ ਲੋਕਾਂ ਅਤੇ ਉਨ੍ਹਾਂ ਦੀਆਂ ਮਹੱਤਵਪੂਰਨ ਵਿਸ਼ੇਸ਼ਤਾਵਾਂ ਦੀ ਸੰਪੂਰਨ ਗਿਣਤੀ ਦੇ ਰੂਪ ਵਿੱਚ ਆਬਾਦੀ ਦੀ ਜਨਗਣਨਾ ਦਾ ਆਧੁਨਿਕ ਵਿਚਾਰ ਹੌਲੀ ਹੌਲੀ ਪੈਦਾ ਹੋਇਆ। ਆਧੁਨਿਕ ਜਨਗਣਨਾ ਇੱਕ ਸਟੀਕ ਤੌਰ 'ਤੇ ਸੀਮਤ ਖੇਤਰ ਅਤੇ ਉਸ ਖੇਤਰ ਦਾ ਹਵਾਲਾ ਦਿੰਦੀਆਂ ਹਨ ਤੇ ਵਿਸਤ੍ਰਿਤ ਨਕਸ਼ਿਆਂ ਦੀ ਮਦਦ ਨਾਲ ਯੋਜਨਾ ਬੱਧੀ ਕੀਤੀ ਜਾਂਦੀ ਹੈ।

ਜ਼ਿਕਰਯੋਗ ਹੈ ਕਿ ਵੱਖ-ਵੱਖ ਦੇਸ਼ਾਂ, ਰਾਜਾਂ ਅਤੇ ਖੇਤਰਾਂ ਵਿੱਚ ਮਨੁੱਖੀ ਜਨਗਣਨਾ ਤੋਂ ਇਲਾਵਾ ਜਾਨਵਰਾਂ, ਆਵਾਜਾਈ ਸੰਦਾਂ, ਖੇਤੀਬਾੜੀ, ਸਨਅਤੀ ਸੰਦਾਂ ਆਦਿ ਦੀ ਜਨਗਣਨਾ ਕਰਵਾਈ ਜਾਂਦੀ ਹੈ। ਮਾਨਵ ਜਨਗਣਨਾ ਵਾਂਗ ਹੀ ਭਾਰਤ ਵਿੱਚ ਪਾਲਤੂ ਪਸ਼ੂਆਂ ਦੀ ਜਨਗਣਨਾ ਭਾਰਤ ਸਰਕਾਰ ਵੱਲੋਂ ਸਮੇਂ ਸਮੇਂ ਕਰਵਾਈ ਜਾਂਦੀ ਹੈ। ਤਾਜ਼ਾ ਪਸ਼ੂ ਜਨਗਣਨਾ ਸਾਲ 2019 ਵਿੱਚ ਕਰਵਾਈ ਗਈ, ਜਿਸ ਅਨੁਸਾਰ ਭਾਰਤ ਵਿੱਚ 536.76 ਮਿਲੀਅਨ ਪਸ਼ੂ ਧਨ ਹੈ, ਜੋ 16 ਕਿਸਮਾਂ ਪੇਂਡੂ ਖੇਤਰ ਵਿੱਚ 95.78% ਅਤੇ ਸ਼ਹਿਰੀ ਖੇਤਰ ਵਿੱਚ 4.22% ਹੈ। ਅੰਕੜਿਆਂ ਅਨੁਸਾਰ ਭਾਰਤ ਵਿੱਚ 50 ਲੱਖ ਅਵਾਰਾ ਪਸ਼ੂ ਅਤੇ 153 ਲੱਖ ਅਵਾਰਾ ਕੁੱਤੇ ਹਨ। ਜ਼ਿਕਰਯੋਗ ਹੈ ਕਿ ਦੁਨੀਆ ਦੇ ਤੀਜੇ ਸਭ ਤੋਂ ਵੱਡੇ ਸੜਕੀ ਨੈਟਵਰਕ ਵਾਲੇ ਭਾਰਤ ਵਿੱਚ ਆਵਾਜਾਈ ਸਾਧਨਾਂ ਦੀ ਜਨਗਣਨਾ ਦੇ ਅੰਕੜਿਆਂ ਅਨੁਸਾਰ ਸਾਲ 2020 ਵਿੱਚ ਆਵਾਜਾਈ ਵਿੱਚ ਵਰਤੀਆਂ ਜਾਂਦੀਆਂ ਮੋਟਰ ਗੱਡੀਆਂ/ਕਾਰਾਂ ਦੀ ਗਿਣਤੀ 326.3 ਮਿਲਿਅਨ ਸੀ, ਜਿਨ੍ਹਾਂ ਵਿੱਚੋਂ 60% ਮੋਟਰ ਕਾਰਾਂ ਨਿੱਜੀ ਜਾਂ ਸਾਂਝੀ ਵਰਤੋਂ ਵਾਲੀਆਂ ਸਨ।

ਭਾਰਤ ਵਿੱਚ ਮਰਦਮਸ਼ੁਮਾਰੀ ਜਾਂ ਜਨਗਣਨਾ ਦਾ ਆਪਣਾ ਇਤਿਹਾਸ ਹੈ। ਭਾਰਤ ਦੇ ਮਹਾਰ ਜਿਨਾਹਾਰ ਅਤੇ ਜਨਗਣਨਾ ਕਮਿਸ਼ਨ (ਮਰਦਮਸ਼ੁਮਾਰੀ ਡਵੀਜ਼ਨ) ਗ੍ਰਹਿ ਮੰਤਰਾਲਾ, ਭਾਰਤ ਸਰਕਾਰ ਵੱਲੋਂ ਆਪਣੇ ਨੋਟੀਫਿਕੇਸ਼ਨ ਪੱਤਰ ਐਫ ਨੰ. 9-7-2019 ਸੀ ਡੀ (ਜਨਰਲ) ਮਿਤੀ 08 ਅਕਤੂਬਰ 2024 ਰਾਹੀਂ ਰਾਜ ਸਰਕਾਰਾਂ ਨੂੰ 31 ਦਸੰਬਰ 2024 ਤੱਕ ਆਪਣੇ ਰਾਜਾਂ ਦੇ ਮਾਲ ਡਵੀਜ਼ਨਾਂ, ਜ਼ਿਲ੍ਹਿਆਂ, ਸਬ-ਡਵੀਜ਼ਨਾਂ, ਤਹਿਸੀਲਾਂ ਅਤੇ ਪਿੰਡਾਂ ਦੀਆਂ ਹੱਦਾਂ ਬਦਲਣ ਦੀ ਇਜਾਜ਼ਤ ਦਿੰਦੇ ਹੋਏ ਇੱਕ ਹੁਕਮ ਜਾਰੀ ਕੀਤਾ ਹੈ। ਪਹਿਲਾਂ ਇਹ ਸਮਾਂ ਸਿਰਫ 30 ਜੂਨ 2024 ਤੱਕ ਸੀ। ਮਰਦਮਸ਼ੁਮਾਰੀ ਸ਼ੁਰੂ ਕਰਨ ਲਈ ਸਰਕਾਰੀ ਸਰਹੱਦਾਂ ਨੂੰ ਸੀਲ ਕਰਨਾ ਪਹਿਲੀ ਸ਼ਰਤ ਹੈ। ਸੂਚਨਾ ਮੁਤਾਬਕ ਹੁਣ ਮਰਦਮਸ਼ੁਮਾਰੀ ਅਗਲੇ ਸਾਲ 2025 ਵਿੱਚ ਸ਼ੁਰੂ ਹੋ ਸਕਦੀ ਹੈ, ਜੋ ਦੋ ਪੜਾਵਾਂ ਵਿੱਚ ਹੋਵੇਗੀ: ਇੱਕ ਘਰ ਸੂਚੀਕਰਨ ਪੜਾਅ ਅਤੇ ਇੱਕ ਆਬਾਦੀ ਗਣਨਾ ਪੜਾਅ। ਪਹਿਲੇ ਪੜਾਅ ਅਨੁਸੂਚੀ ਵਿੱਚ 31 ਸਵਾਲ ਸ਼ਾਮਲ ਹਨ। ਘਰਾਂ ਦੀ ਗਿਣਤੀ ਤੋਂ ਬਾਅਦ ਆਬਾਦੀ ਦੀ ਗਿਣਤੀ ਵਿੱਚ ਵਿਅਕਤੀਗਤ ਵੇਰਵੇ ਜਿਵੇਂ ਉਮਰ, ਵਿਆਹੁਤਾ ਸਥਿਤੀ, ਧਰਮ ਅਨੁਸੂਚਿਤ ਜਾਤੀ, ਅਨੁਸੂਚਿਤ ਕਬੀਲਾ, ਮਾਤ-ਭਾਸ਼ਾ, ਸਿੱਖਿਆ ਦਾ ਪੱਧਰ, ਅਪਾਹਜਤਾ, ਆਰਥਿਕ ਗਤੀਵਿਧੀ, ਪਰਵਾਸ, ਉਪਜਾਊ ਸ਼ਕਤੀ (ਔਰਤਾਂ ਲਈ) ਇਕੱਠੇ ਕੀਤੇ ਜਾਣਗੇ। ਲਗਭਗ 30 ਲੱਖ ਗਿਣਤੀਕਾਰਾਂ ਨੂੰ ਸੂਚੀਬੱਧ ਕੀਤਾ ਜਾਵੇਗਾ ਅਤੇ ਸਮਾਰਟ ਫੋਨ ਦੀ ਵਰਤੋਂ ਨੂੰ ਉਤਸ਼ਾਹਤ ਕੀਤਾ ਜਾਵੇਗਾ ਤੇ ਮੋਬਾਇਲ ਐਪ ਦੀ ਵਰਤੋਂ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਵਾਇਸਰਾਏ ਲਾਰਡ ਮੇਓ ਦੇ ਸਮੇਂ ਭਾਰਤ ਵਿੱਚ ਪਹਿਲੀ ਮਰਦਮਸ਼ੁਮਾਰੀ 1872 ਵਿੱਚ ਸ਼ੁਰੂ ਕੀਤੀ ਗਈ ਅਤੇ 1881 ਵਿੱਚ ਮੁਕੰਮਲ ਹੋਈ। ਬ੍ਰਿਟਿਸ਼ ਭਾਰਤ ਵਿੱਚ ਮਰਦਮਸ਼ੁਮਾਰੀ ਆਜ਼ਾਦੀ ਤੋਂ ਪਹਿਲਾਂ ਭਾਰਤ ਦੀ ਮਰਦਮਸ਼ੁਮਾਰੀ ਨੂੰ ਦਰਸਾਉਂਦੀ ਹੈ, ਜੋ 1865 ਤੋਂ 1941 ਤੱਕ ਸਮੇਂ ਸਮੇਂ ਕੀਤੀ ਗਈ ਸੀ। ਇਨ੍ਹਾਂ ਮਰਦਮਸ਼ੁਮਾਰੀਆਂ, ਜੋ ਹਰੇਕ ਦਸ ਸਾਲਾਂ ਬਾਅਦ ਹੋਈਆਂ, ਦਾ ਮਕਸਦ ਬ੍ਰਿਟਿਸ਼ ਭਾਰਤ ਦੇ ਲੋਕਾਂ ਲਈ ਸਮਾਜਿਕ ਹਕੀਕਤ ਨਾਲੋਂ ਬ੍ਰਿਟਿਸ਼ ਸਰਕਾਰ ਦੀਆਂ ਪ੍ਰਬੰਧਕੀ ਲੋੜਾਂ ਨੂੰ ਪੂਰਾ ਕਰਨਾ ਸੀ। ਮਰਦਮਸ਼ੁਮਾਰੀ ਦੇ ਅੰਕੜਿਆਂ ਨੂੰ ਜਾਤ, ਧਰਮ, ਪੇਸ਼ੇ ਅਤੇ ਉਮਰ ਵਿੱਚ ਦਰਸਾਉਣ ਦਾ ਜਤਨ ਕੀਤਾ ਗਿਆ। ਬ੍ਰਿਟਿਸ਼ ਬਸਤੀਵਾਦ ਪ੍ਰਸ਼ਾਸਨ ਦੁਆਰਾ 1881 ਵਿੱਚ ਸ਼ੁਰੂ ਕੀਤੀ ਗਈ ਅਤੇ ਉਦੋਂ ਤੋਂ ਹਰੇਕ 10 ਸਾਲ ਬਾਅਦ ਹੁੰਦੀ ਰਹੀ, ਸਿਵਾਏ ਇੱਕ ਮਰਦਮਸ਼ੁਮਾਰੀ ਦੇ, ਜੋ 2011 ਤੋਂ ਬਾਅਦ 2021 ਵਿੱਚ ਕਰਵਾਈ ਜਾਣੀ ਸੀ। ਕੋਵਿਡ ਮਹਾਮਾਰੀ ਦਾ ਬਹਾਨਾ ਬਣਾ ਕੇ ਨਹੀ ਕਰਵਾਈ ਗਈ। ਸਾਲ 1951 ਤੋਂ ਬਾਅਦ ਹੁਣ ਤੱਕ ਜਿੰਨੀਆਂ ਵੀ ਮਰਦਮਸ਼ੁਮਾਰੀਆਂ ਕਰਵਾਈਆਂ ਗਈਆਂ, ਉਹ ਮਰਦਮਸ਼ੁਮਾਰੀ ਐਕਟ 1948 ਅਧੀਨ ਕਰਵਾਈਆਂ ਗਈਆਂ। 26 ਜਨਵਰੀ 1950 ਨੂੰ ਭਾਰਤ ਦਾ ਸੰਵਿਧਾਨ ਲਾਗੂ ਹੋਣ ਤੋਂ ਬਾਅਦ ਮਰਦਮਸ਼ੁਮਾਰੀ ਐਕਟ 1948 ਅਧੀਨ ਆਜ਼ਾਦ ਭਾਰਤ ਵਿੱਚ ਕਰਵਾਈ ਜਾਣ ਵਾਲੀ ਪਹਿਲੀ ਮਰਦਮਸ਼ੁਮਾਰੀ ਸੀ, ਜੋ 10 ਫਰਵਰੀ 1951 ਨੂੰ ਸ਼ੁਰੂ ਹੋਈ। ਮਰਦਮਸ਼ੁਮਾਰੀ ਐਕਟ 1948 ਅਤੇ ਜਨਗਣਨਾ ਨਿਯਮਾਂ 1990 ਨੂੰ 1994 ਵਿੱਚ ਸੋਧਿਆ ਗਿਆ।

ਸਾਲ 1951 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਮੁਤਾਬਕ ਭਾਰਤ ਦੀ ਆਬਾਦੀ 36,10,88,099 ਸੀ, ਜਦ ਕਿ 1941 ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਭਾਰਤ ਦੀ ਆਬਾਦੀ 31,86,60,580 ਸੀ। 1951 ਵਿੱਚ ਜੰਮੂ ਅਤੇ ਕਸ਼ਮੀਰ ਵਿੱਚ ਕੋਈ ਜਨਗਣਨਾ ਨਹੀਂ ਕੀਤੀ ਗਈ। 1951 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ 72,26,000 ਮੁਸਲਮਾਨ ਭਾਰਤ ਤੋਂ ਪੂਰਬੀ ਤੇ ਪੱਛਮੀ ਪਾਕਿਸਤਾਨ ਚਲੇ ਗਏ, ਜਦਕਿ 72,49,000 ਹਿੰਦੂ ਅਤੇ ਸਿੱਖ ਪੂਰਬੀ ਤੇ ਪੱਛਮੀ ਪਾਕਿਸਤਾਨ ਤੋਂ ਭਾਰਤ ਆਏ। 1951 ਵਿੱਚ ਭਾਰਤ ਵਿੱਚ ਹਿੰਦੀ, ਉਰਦੂ ਅਤੇ ਪੰਜਾਬੀ ਬੋਲਣ ਵਾਲੀ 42% ਆਬਾਦੀ ਅਤੇ 7% ਆਬਾਦੀ ਬੰਗਾਲੀ ਬੋਲਣ




ਵਾਲੀ ਸੀ। 84% ਹਿੰਦੂ, 9.8% ਮੁਸਲਿਮ, 23% ਇਸਾਈ, 1.89% ਸਿੱਖ ਧਰਮ, 0.74% ਵੱਧ/ਹੋਰ ਧਰਮ, 0.43% ਜੈਨ ਧਰਮ ਨਾਲ ਸਬੰਧਤ ਸਨ। ਬ੍ਰਿਟਿਸ਼ ਭਾਰਤ ਵਿੱਚ ਲਗਭਗ 73% ਹਿੰਦੂ ਸਨ, ਜਦਕਿ ਆਜ਼ਾਦੀ ਤੋਂ ਬਾਅਦ ਅਤੇ ਭਾਰਤ ਦੀ ਵੰਡ ਤੋਂ ਬਾਅਦ 1951 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਹਿੰਦੂਆਂ ਦਾ ਅਨੁਪਾਤ ਲਗਭਗ 85% ਹੋ ਗਿਆ।

ਦੱਸਣਯੋਗ ਹੋਵੇਗਾ ਕਿ ਯੁਨਾਈਟਿਡ ਕਿੰਗਡਮ ਵਿੱਚ ਪਹਿਲੀ ਮਰਦਮਸ਼ੁਮਾਰੀ 1801 ਵਿੱਚ ਹੋਈ। ਉਸ ਤੋਂ ਬਾਅਦ ਹਰ ਦਸ ਸਾਲ ਵਿੱਚ ਦੁਹਰਾਈ ਜਾਂਦੀ ਸੀ। ਅੰਗਰੇਜ਼ੀ ਰਾਜ ਦੀ ਇਹੀ ਮਰਦਮਸ਼ੁਮਾਰੀ ਪ੍ਰਬੰਧਨ ਨੂੰ ਭਾਰਤ ਵਿੱਚ ਵੀ ਲਾਗੂ ਕੀਤਾ ਗਿਆ। ਭਾਰਤ ਉਪ ਮਹਾਦੀਪ ਦੇ ਕੁੱਝ ਹਿੱਸਿਆਂ ਵਿੱਚ ਆਬਾਦੀ ਦੀ ਗਿਣਤੀ ਕਰਨ ਦੇ ਨਾਲ ਨਾਲ ਮਾਲੀਆ ਇਕੱਠਾ ਕਰਨ ਦੇ ਉਦੇਸ਼ਾਂ ਲਈ ਜ਼ਮੀਨੀ ਜਾਇਦਾਦ ਦਾ ਮੁਲੰਕਣ ਕਰਨ ਦੀਆਂ ਇਤਿਹਾਸਕ ਕੋਸ਼ਿਸ਼ਾਂ ਵੀ ਹੋਈਆ। ਉਤਰੀ ਪੂਰਬੀ ਸੂਬਿਆਂ ਦੀ 1865 ਦੀ ਮਰਦਮਸ਼ੁਮਾਰੀ ਨੂੰ ਕਈ ਵਾਰ ਭਾਰਤ ਦੀ ਪਹਿਲੀ ਮਰਦਮਸ਼ੁਮਾਰੀ ਕਿਹਾ ਜਾਂਦਾ ਹੈ। ਜਾਤੀ ਜਨਗਣਨਾ ਨੂੰ 2025 ਨੂੰ ਹੋਣ ਵਾਲੀ ਮਰਦਮਸ਼ੁਮਾਰੀ ਵਿੱਚ ਸ਼ਾਮਲ ਕਰਨ ਦਾ ਵਿਚਾਰ 1931 ਨੂੰ ਹੋਈ ਮਰਦਮਸ਼ੁਮਾਰੀ ਦੇ ਅੰਕੜਿਆਂ ਉਤੇ ਆਧਾਰਿਤ ਹੈ, ਜਿਸ ਵਿੱਚ ਪੱਛੜੀਆਂ ਸ਼੍ਰੇਣੀਆਂ ਦੀ ਜਨਗਣਨਾ ਨੂੰ ਸ਼ਾਮਲ ਕੀਤਾ ਗਿਆ। ਓ.ਬੀ.ਸੀ. ਦੀ ਆਬਾਦੀ ਉਸ ਸਮੇਂ ਭਾਰਤ ਦੀ ਕੁੱਲ ਆਬਾਦੀ ਦਾ ਲਗਭਗ 52% ਸੀ।

ਖੋਜਕਾਰਾਂ ਦਾ ਮੰਨਣਾ ਹੈ ਕਿ ਮਰਦਮਸ਼ੁਮਾਰੀ ਆਬਾਦੀ ਦੇ ਵਾਧੇ ਜਾਂ ਆਰਥਿਕਤਾ ਦੇ ਵਾਧੇ ਵੇਰਵੇ ਅਤੇ ਪ੍ਰਮਾਣਿਕ ਜਾਣਕਾਰੀ ਇਕੱਠੀ ਕਰਨ ਦੀ ਪ੍ਰਕ੍ਰਿਆ ਹੈ। ਇਹ ਮੌਤ ਦਰ, ਜਨਮ ਦਰ ਅਤੇ ਭਾਸ਼ਾਵਾਂ ਬਾਰੇ ਵੀ ਜਾਣਕਾਰੀ ਪ੍ਰਦਾਨ ਕਰਦੀ ਹੈ। ਇਹ ਦਸ ਸਾਲਾਂ ਦੇ ਅੰਤਕਾਲ ਤੋਂ ਬਾਅਦ ਜਨਸੰਖਿਆ, ਸਮਾਜਿਕ, ਸਭਿਆਚਾਰਕ ਅਤੇ ਆਰਥਿਕ ਅੰਕੜਿਆਂ 'ਤੇ ਆਧਾਰਤ ਜਾਣਕਾਰੀ ਨੂੰ ਵੰਡਣ ਦਾ ਇੱਕ ਤਰੀਕਾ ਹੈ। ਭਾਰਤ ਦੀ ਜਨਸੰਖਿਆ ਦੀ ਗਿਣਤੀ ਮਰਦਮਸ਼ੁਮਾਰੀ ਸਾਲ 1830 ਤੋਂ ਸ਼ੁਰੂ ਹੋਈ ਮੰਨੀ ਜਾਂਦੀ ਹੈ। ਢਾਕਾ (ਬੰਗਾਲ) ਵਿੱਚ ਹੈਨਰੀ ਵਾਰਟਰ ਵੱਲੋਂ ਕਰਵਾਈ ਗਈ ਅਤੇ ਤਾਜ਼ਾ ਮਰਦਮਸ਼ੁਮਾਰੀ 2011 ਵਿੱਚ ਹੋਈ ਹੈ। ਪਹਿਲੀ ਨਿਰੰਤਰ ਜਾਂ ਸਮਕਾਲੀ ਮਰਦਮਸ਼ੁਮਾਰੀ ਸਾਲ 1881 ਵਿੱਚ ਡਬਲਿਯੂ.ਸੀ. ਪਲੋਡੇਨ ਦੀ ਅਗਵਾਈ ਹੇਠ ਹੋਈ ਸੀ, ਜੋ ਭਾਰਤ ਦੇ ਜਨਗਣਨਾ ਕਮਿਸ਼ਨਰ ਸਨ। ਮਰਦਮਸ਼ੁਮਾਰੀ ਐਕਟ 1948 ਦੇ ਸੈਕਸ਼ਨ 15 ਅਨੁਸਾਰ ਮਰਦਮਸ਼ੁਮਾਰੀ ਦੇ ਰਿਕਾਰਡ ਨਾ ਤਾਂ ਨਿਰੀਖਣ ਲਈ ਖੁੱਲ੍ਹੇ ਹਨ ਅਤੇ ਨਾ ਹੀ ਸਬੂਤਾਂ ਵਿੱਚ ਮੰਨਣਯੋਗ ਹਨ। ਲਿਹਾਜਾ ਸਮੇਂ ਦੀਆਂ ਸਰਕਾਰਾਂ ਜਨਗਣਨਾ ਅੰਕੜਿਆਂ ਨੂੰ ਆਪਣੀ ਮਰਜੀ ਨਾਲ ਪ੍ਰਕਾਸ਼ਿਤ ਕਰਦੀਆਂ ਹਨ।

ਸੰਯੁਕਤ ਰਾਸ਼ਟਰ ਦਾ ਅਨੁਮਾਨ ਸੀ ਕਿ ਭਾਰਤ ਅਪ੍ਰੈਲ 2023 ਦੇ ਅੰਤ ਤੱਕ 142,57,75,850 ਦੀ ਆਬਾਦੀ ਦੇ ਨਾਲ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਜਾਵੇਗਾ। ਨਿਊਜ਼ ਏਜੰਸੀ ਬਲੂਮਬਰਗ ਦੀ ਰਿਪੋਰਟ ਅਨੁਸਾਰ ਭਾਰਤ ਦੀ ਆਬਾਦੀ 2050 ਤੱਕ 1.7 ਬਿਲੀਅਨ ਤੱਕ ਪਹੁੰਚ ਸਕਦੀ ਹੈ। ਨਵੰਬਰ 2022 ਵਿੱਚ ਵਿਸ਼ਵ ਦੀ ਮਨੁੱਖੀ ਆਬਾਦੀ 8 ਬਿਲੀਅਨ ਸੀ, ਜੋ 2080 ਤੱਕ 10.4 ਬਿਲੀਅਨ ਤੱਕ ਪਹੁੰਚ ਸਕਦੀ ਹੈ। ਅੰਕੜੇ ਦਸਦੇ ਹਨ ਕਿ ਮਨੁੱਖੀ ਮੌਤ ਔਸਤਨ ਘੱਟ ਰਹੀ ਹੈ, ਪਰ ਨਾਲ ਹੀ ਆਬਾਦੀ ਦੀ ਦਰ ਦਾ ਘਟਣ ਦਾ ਕਾਰਨ ਉਪਜਾਊ ਸ਼ਕਤੀ ਦਾ ਘਟਣਾ ਹੈ।

ਜਨਗਣਨਾ 2025 ਦੇਸ਼ ਦੀ 16ਵੀਂ ਅਤੇ ਆਜ਼ਾਦੀ ਤੋਂ ਬਾਅਦ 8ਵੀਂ ਮਰਦਮਸ਼ੁਮਾਰੀ ਹੋਵੇਗੀ, ਜਿਸ ਵਿੱਚ ਪਿੰਡ, ਕਸਬੇ ਅਤੇ ਵਾਰਡ ਪੱਧਰ 'ਤੇ ਪ੍ਰਾਇਮਰੀ ਡਾਟਾ ਮਰਦਮਸ਼ੁਮਾਰੀ ਦਾ ਮੁੱਖ ਸਰੋਤ ਹੈ। ਇਹ ਡਾਟਾ ਬੈਂਕ ਵਿੱਚ ਨਾਗਰਿਕਾਂ ਦੀਆਂ ਸਹੂਲਤਾਂ, ਸੰਪਤੀਆਂ, ਜਨਸੰਖਿਆ, ਧਰਮ, ਜਾਤ, ਭਾਸ਼ਾ, ਸਾਖਰਤਾ, ਸਿੱਖਿਆ, ਪਰਵਾਸ ਅਤੇ ਉਪਜਾਊ ਸ਼ਕਤੀ ਸ਼ਾਮਲ ਹੈ। ਜ਼ਿਕਰਯੋਗ ਹੈ ਕਿ ਮਰਦਮਸ਼ੁਮਾਰੀ ਪ੍ਰਚਲਨ 2025 ਵਿੱਚ ਸਵੈ-ਗਿਣਤੀ ਦਾ ਪ੍ਰਬੰਧ ਵੀ ਕੀਤਾ ਗਿਆ। ਤਕਨਾਲੋਜੀ ਨਵੇਂ ਭਾਰਤ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਵੇਗੀ। ਡਾਟਾ ਇੱਕਠਾ ਕਰਨ ਲਈ ਮੋਬਾਇਲ ਐਪ ਦੀ ਵਰਤੋਂ ਕੀਤੀ ਜਾਵੇਗੀ ਅਤੇ 16 ਭਾਰਤੀ ਭਾਸ਼ਾਵਾਂ ਵਿੱਚ ਜਨਗਣਨਾ ਅੰਕੜੇ ਪ੍ਰਭਾਵਿਤ ਹੋਣਗੇ। ਮਰਦਮਸ਼ੁਮਾਰੀ ਉਤੇ ਆਉਣ ਵਾਲੇ ਖਰਚਿਆਂ ਲਈ 3768 ਕਰੋੜ ਦੀ ਰਾਸ਼ੀ ਕੇਂਦਰ ਸਰਕਾਰ ਵੱਲੋਂ ਰਾਖਵੀਂ ਕਰ ਦਿੱਤੀ ਗਈ ਹੈ। ਦੇਖਣਾ ਹੋਵੇਗਾ ਕਿ ਮਰਦਮਸ਼ੁਮਾਰੀ ਦੇ ਅੰਕੜੇ ਕਦੋਂ ਅਤੇ ਕਿਵੇਂ ਪਬਲਿਕ ਡੋਮੇਨ ਵਿੱਚ ਰੱਖੇ ਜਾਂਦੇ ਹਨ।

ਪ੍ਰਲਾਂਘਾਂ


ਡਾ. ਨਿਸ਼ਾਨ ਸਿੰਘ ਰਾਠੌਰ
ਪਿੱਪਲੀ, ਕੁਰੂਕਸ਼ੇਤਰ
ਫੋਨ: +91-9041498009




# ਨਵੀਂਆਂ ਰਾਹਾਂ ਦੇ ਮੁਸਾਫ਼ਰ

ਰਾਹਾਂ ਦਾ ਕੰਮ ਮਨੁੱਖ ਨੂੰ ਆਪਣੀ ਮੰਜ਼ਿਲ 'ਤੇ ਪਹੁੰਚਾਉਣਾ ਹੁੰਦਾ ਹੈ। ਇਸ ਲਈ ਆਸਾਨ ਰਾਹਾਂ ਨੇ ਸਦਾ ਹੀ ਮਨੁੱਖ ਨੂੰ ਆਪਣੇ ਵੱਲ ਖਿੱਚਿਆ ਹੈ/ ਆਕ੍ਰਸ਼ਿਤ ਕੀਤਾ ਹੈ। ਮਨੁੱਖ ਅਤੇ ਰਾਹ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਖ਼ੇਤਰ ਕੋਈ ਵੀ ਹੋਵੇ; ਰਾਹ ਅਤੇ ਰਾਹ-ਦਸੇਰੇ ਦੀ ਜ਼ਰੂਰਤ ਹਮੇਸ਼ਾ ਹੁੰਦੀ ਹੈ। ਇਸੇ ਲਈ ਰਾਹਾਂ ਦੀ ਮਹੱਤਤਾ ਨੂੰ ਅੱਖੋਂ-ਪਰੋਖ਼ੇ ਨਹੀਂ ਕੀਤਾ ਜਾ ਸਕਦਾ। ਸਿਆਣਿਆਂ ਦਾ ਕਥਨ ਹੈ ਕਿ ਨਵੀਂਆਂ ਰਾਹਾਂ ਦੇ ਮੁਸਾਫ਼ਰ ਲੋਕ ਆਪਣੀ ਜ਼ਿੰਦਗੀ ਵਿੱਚ ਕਦੇ ਹਾਰ ਨਹੀਂ ਮੰਨਦੇ। ਅਜਿਹੇ ਲੋਕ ਤਾ-ਉਮਰ ਨਵੀਂਆਂ ਚੀਜ਼ਾਂ ਨੂੰ ਗ੍ਰਹਿਣ ਕਰਦੇ ਰਹਿੰਦੇ ਹਨ/ਸਿੱਖਦੇ ਰਹਿੰਦੇ ਹਨ। ਇਨ੍ਹਾਂ ਲੋਕਾਂ ਵਿੱਚ ਨਵ-ਊਰਜਾ ਦਾ ਸੰਚਾਰ ਹੁੰਦਾ ਹੈ ਅਤੇ ਅਜਿਹੇ ਰਾਹਾਂ ਦੇ ਮੁਸਾਫ਼ਰ ਲੋਕ ਹੀ ਸਮਾਜ ਵਿੱਚ ਰਹਿੰਦੇ ਆਮ ਲੋਕਾਂ ਲਈ ਰਾਹ-ਦਸੇਰੇ ਬਣਦੇ ਹਨ/ਲੋਕਾਂ ਲਈ ਉਮੀਦ ਦੀ ਕਿਰਨ ਹੁੰਦੇ ਹਨ।

ਅੱਜ ਦੇ ਮਨੁੱਖ ਕੋਲ ਜਿੱਥੇ ਪੈਸਾ, ਸ਼ੋਹਰਤ ਅਤੇ ਸਹੂਲਤਾਂ ਹਨ, ਉੱਥੇ ਹੀ ਮਾਨਸਿਕ ਸਕੂਨ ਦੀ ਘਾਟ ਹੈ। ਮਨੁੱਖ ਅਤੇ ਮਸ਼ੀਨ ਵਿੱਚ ਬਹੁਤਾ ਫ਼ਰਕ ਨਹੀਂ ਰਿਹਾ। ਇੱਕੋ ਥਾਵੇਂ ਸਾਲਾਂਬੱਧੀ ਕੰਮ ਕਰਨ ਕਰਕੇ ਮਨੁੱਖ ਆਪਣੇ ਜੀਵਨ ਵਿੱਚ ਖੜੌਤ ਦਾ ਸ਼ਿਕਾਰ ਹੋ ਗਿਆ ਹੈ। ਅੱਜ ਹਾਲਾਤ ਅਜਿਹੇ ਹਨ ਕਿ ਸਮਾਜ ਵਿੱਚ ਰਹਿੰਦੇ 90 ਫੀਸਦੀ ਲੋਕ ਆਪਣੇ ਨਿੱਤ ਦੇ ਕਾਰ-ਵਿਹਾਰ ਨੂੰ ਬਦਲਣਾ ਚਾਹੁੰਦੇ ਹਨ। ਹਰ ਵਕਤ ਇੱਕੋ ਕੰਮ, ਇੱਕੋ ਰਾਹ ਅਤੇ ਇੱਕੋ ਜਿਹਾ ਕਾਰ-ਵਿਹਾਰ। ਜੀਵਨ ਰੁੱਖਾ ਹੋ ਗਿਆ ਜਾਪਦਾ ਹੈ। ਖ਼ਬਰੇ! ਇਸੇ ਕਰਕੇ ਅੱਜ ਦਾ ਮਨੁੱਖ ਮਾਨਸਿਕ ਪ੍ਰੇਸ਼ਾਨੀਆਂ ਦਾ ਸ਼ਿਕਾਰ ਵੱਧ ਹੋ ਰਿਹਾ ਹੈ।

ਗੁਰਮਤਿ ਵਿਚਾਰਧਾਰਾ ਦਾ ਅਧਿਐਨ ਕਰਦਿਆਂ ਇਹ ਤੱਥ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਗੁਰੂ ਸਾਹਿਬ ਵੀ ਮਨੁੱਖ ਨੂੰ ਵਕਤ ਦੇ ਨਾਲ ਤੁਰਨ ਦੀ ਤਾਕੀਦ ਕਰਦੇ ਹਨ। ਉਹ ਮਨੁੱਖ ਜਿਸਨੇ ਸਮੇਂ ਦੇ ਅਨੁਸਾਰ ਤੁਰਨਾ ਸਿੱਖ ਲਿਆ, ਆਪਣੀ ਜ਼ਿੰਦਗੀ ਵਿੱਚ ਕਦੇ ਮਾਰ ਨਹੀਂ ਖਾ ਸਕਦਾ। ਗੁਰਬਾਣੀ ਕਹਿੰਦੀ ਹੈ, 'ਵਖਤੁ ਵੀਚਾਰੇ ਸੁ ਬੰਦਾ ਹੋਇ॥' (ਗੁਰੂ ਗ੍ਰੰਥ ਸਾਹਿਬ, ਪੰਨਾ 83)

ਜਿਹੜੇ ਮਨੁੱਖ ਆਪਣੇ ਜੀਵਨ ਵਿੱਚ ਖੜੌਤ ਦਾ ਸ਼ਿਕਾਰ ਹੋ ਜਾਂਦੇ ਹਨ, ਉਹ ਆਪਣੇ ਜੀਵਨ ਵਿੱਚ ਕਦੇ ਅੱਗੇ ਨਹੀਂ ਵੱਧਦੇ। ਜ਼ਿੰਦਗੀ ਵਿੱਚ ਅੱਗੇ ਵੱਧਣ ਜਾਂ ਫਿਰ ਤਰੱਕੀ ਕਰਨ ਲਈ ਤੁਰਨਾ ਪੈਂਦਾ ਹੈ/ਅੱਗੇ ਵੱਧਣਾ ਪੈਂਦਾ ਹੈ/ਫੈਸਲੇ ਲੈਣੇ ਪੈਂਦੇ ਹਨ ਅਤੇ ਜਿਹੜਾ ਮਨੁੱਖ ਇਨ੍ਹਾਂ ਸੁਗਾਤਾਂ ਤੋਂ ਵਾਂਝਾ ਹੈ, ਉਹ ਖੜੌਤ ਦਾ ਸ਼ਿਕਾਰ ਹੋ ਜਾਂਦਾ ਹੈ। ਮਾਨਸਿਕ ਵਿਕਾਰਾਂ ਦੇ ਘੇਰੇ ਵਿੱਚ ਆਪਣੇ ਜੀਵਨ ਨੂੰ ਬਰਬਾਦ ਕਰ ਬੈਠਦਾ ਹੈ। ਭਗਵਾਨ ਕ੍ਰਿਸ਼ਨ ਜੀ ਨੇ ਸ੍ਰੀ ਭਗਵਤ ਗੀਤਾ ਵਿੱਚ ਵੀ ਕਿਹਾ ਗਿਆ ਹੈ, 'ਪਰਿਵਰਤਨ ਹੀ ਸੰਸਾਰ ਦਾ ਨਿਯਮ ਹੈ।' ਭਾਵ ਬਦਲਾਓ ਵਿੱਚ ਹੀ ਸੰਸਾਰ ਚੱਲਦਾ ਹੈ। ਜੋ ਕੁਝ ਅੱਜ ਸਾਡੇ ਕੋਲ ਹੈ, ਉਹ ਬੀਤੇ ਕੱਲ ਕਿਸੇ ਹੋਰ ਕੋਲ ਸੀ ਅਤੇ ਆਉਂਦੇ ਕੱਲ ਕਿਸੇ ਹੋਰ ਕੋਲ ਹੋਵੇਗਾ। ਇਹੀ ਸੰਸਾਰ ਦਾ ਨਿਯਮ ਹੈ/ਕੁਦਰਤ ਦਾ ਨਿਯਮ ਹੈ ਅਤੇ ਜਿਸ ਮਨੁੱਖ ਨੇ ਇਸ ਨਿਯਮ ਨੂੰ ਸਮਝ ਲਿਆ/ਆਪਣੇ ਜੀਵਨ ਵਿੱਚ ਢਾਲ ਲਿਆ, ਉਹ ਕਾਮਯਾਬੀ ਦੀਆਂ ਮੰਜ਼ਿਲਾਂ ਨੂੰ ਪ੍ਰਾਪਤ ਕਰ ਲੈਂਦਾ ਹੈ। ਇੱਕੋ ਥਾਵੇਂ ਖੜ੍ਹੇ ਮਨੁੱਖ ਖ਼ਤਮ ਹੋ ਜਾਂਦੇ ਹਨ/ਬਰਬਾਦ ਹੋ ਜਾਂਦੇ ਹਨ।

ਪੰਜਾਬੀ ਸਾਹਿਤ ਦਾ ਅਧਿਐਨ ਕਰਦਿਆਂ ਇੱਕ ਸ਼ੇਅਰ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਮਹਿਸੂਸ ਹੁੰਦਾ ਹੈ,

ਤੁਰਦਿਆਂ ਦੇ ਨਾਲ ਤੁਰਦੇ ਤਾਂ ਕਿਤੇ ਤਾਂ ਪਹੁੰਚਦੇ
ਬਿਨ ਤੁਰੇ ਜੋ ਪਹੁੰਚਣਾ ਚਾਹੁੰਦੇ ਸੀ ਸੜਕਾਂ ਹੋ ਗਏ।
(ਰਬਿੰਦਰ ਮਸਰੂਰ)



ਇਸ ਸ਼ੇਅਰ ਵਿੱਚ ਅੱਜ ਦੇ ਮਨੁੱਖ ਦੇ ਜੀਵਨ ਦੇ ਅਸਲ ਸੱਚ ਨੂੰ ਬਹੁਤ ਸਹਿਜ ਸ਼ਬਦਾਂ ਵਿੱਚ ਬਿਆਨ ਕੀਤਾ ਗਿਆ ਹੈ। ਸ਼ਾਇਰ ਕਹਿੰਦਾ ਹੈ ਕਿ ਜੇਕਰ ਉਹ ਸੰਸਾਰ ਦੇ ਲੋਕਾਂ ਦੇ ਨਾਲ ਤੁਰਦਾ ਭਾਵ ਆਪਣੇ ਜੀਵਨ ਵਿੱਚ ਤਬਦੀਲੀ ਲਿਆਉਂਦਾ/ਉੱਦਮ ਕਰਦਾ ਤਾਂ ਖ਼ਬਰੇ! ਉਹ ਆਪਣੇ ਟੀਚੇ/ਮੰਜ਼ਿਲ ਨੂੰ ਪ੍ਰਾਪਤ ਕਰ ਲੈਂਦਾ। ਪਰ! ਦੂਜੇ ਪਾਸੇ ਜਿਹੜੇ ਲੋਕ ਬਿਨਾ ਕਿਸੇ ਉੱਦਮ ਤੋਂ ਆਪਣੇ ਜੀਵਨ ਵਿੱਚ ਕਾਮਯਾਬੀ ਚਾਹੁੰਦੇ ਸਨ, ਉਹ ਸੜਕਾਂ ਵਾਂਗ ਇੱਕੋ ਥਾਂ 'ਤੇ ਖੜ੍ਹੇ ਰਹੇ ਭਾਵ ਉਹ ਲੋਕ ਕਿਤੇ ਨਹੀਂ ਪਹੁੰਚ ਸਕੇ। ਇਹ ਨਾਕਾਮਯਾਬੀ ਦਾ ਪ੍ਰਤੀਕ ਹੈ। ਇੱਥੇ ਖ਼ਾਸ ਗੱਲ ਇਹ ਹੈ ਕਿ ਆਪ-ਮੁਹਾਰੇ ਹੋਇਆ ਬਦਲਾਓ ਹਮੇਸ਼ਾ ਦੁੱਖ ਦਾ ਕਾਰਨ ਬਣਦਾ ਹੈ ਅਤੇ ਉੱਦਮ ਸਦਕਾ ਹੋਇਆ ਬਦਲਾਓ ਅਕਸਰ ਸੁੱਖ ਦਾ ਕਾਰਨ ਬਣਦਾ ਹੈ। ਭਾਵ ਜਿਹੜੇ ਮਨੁੱਖ ਖ਼ੁਦ ਫੈਸਲਾ ਕਰਕੇ ਬਦਲਾਓ ਨੂੰ ਅਪਨਾਉਂਦੇ ਹਨ, ਉਹ ਕਾਮਯਾਬ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਆਪਣੀ 'ਵਿਉਂਤ' ਸਦਕਾ ਬਦਲਾਓ ਸਵੀਕਾਰ ਕੀਤਾ ਹੁੰਦਾ ਹੈ, ਪਰ ਦੂਜੇ ਪਾਸੇ ਆਪ ਮੁਹਾਰੇ ਕਿਸੇ ਬਦਲਾਓ ਦੇ ਗੇੜ ਵਿੱਚ ਆਏ ਮਨੁੱਖ ਨੇ ਕੋਈ ਤਿਆਰੀ/ਵਿਉਂਤਬੰਦੀ ਨਹੀਂ ਕੀਤੀ ਹੁੰਦੀ; ਇਸ ਲਈ ਇਹ ਬਦਲਾਓ ਉਸ ਲਈ ਦੁੱਖਾਂ ਦਾ ਕਾਰਨ ਬਣ ਜਾਂਦਾ ਹੈ।

ਸੋ, ਨਵੇਂ ਰਾਹਾਂ ਦੇ ਮੁਸਾਫ਼ਰ ਲੋਕ ਕਦੇ ਹਾਰ ਨਹੀਂ ਮੰਨਦੇ/ਢੇਰੀ ਨਹੀਂ ਢਾਹੁੰਦੇ ਬਲਕਿ ਆਪਣੇ ਉੱਦਮ ਸਕਦਾ ਆਮ ਲੋਕਾਂ ਲਈ ਪ੍ਰੇਰਣਾਸਰੋਤ ਬਣਦੇ ਹਨ। ਆਮ ਲੋਕਾਂ ਨੂੰ ਨਵੇਂ ਰਾਹਾਂ ਦੇ ਮੁਸਾਫ਼ਰ ਬਣਨ ਲਈ ਪ੍ਰੇਰਿਤ ਕਰਦੇ ਹਨ, ਕਿਉਂਕਿ ਮਨੁੱਖ ਨੂੰ ਆਪਣੇ ਜੀਵਨ ਵਿੱਚ ਹਮੇਸ਼ਾ ਅੱਗੇ ਵੱਧਦਾ ਰਹਿਣਾ ਚਾਹੀਦਾ ਹੈ ਅਤੇ ਸਾਰਥਕ ਬਦਲਾਓ ਲਈ ਯਤਨ ਕਰਦੇ ਰਹਿਣਾ ਚਾਹੀਦਾ ਹੈ ਤਾਂ ਕਿ ਖਲਾਅ/ਖੜੋਤ ਤੋਂ ਰਹਿਤ ਜੀਵਨ ਬਤੀਤ ਕੀਤਾ ਜਾ ਸਕੇ, ਪਰ ਇਹ ਹੁੰਦਾ ਕਦੋਂ ਹੈ? ਇਹ ਅਜੇ ਭਵਿੱਖ ਦੀ ਕੁੱਖ ਵਿੱਚ ਹੈ।

# ਜਾਸੂਸੀ ਉਪਗ੍ਰਹਿਆਂ ਰਾਹੀਂ ਪੁਲਾੜ ਤੋਂ ਨਿਗਰਾਨੀ

ਡਾ. ਸ਼ਸ਼ਾਂਕ ਦ੍ਵਿਵੇਦੀ

ਹਾਲ ਹੀ ਵਿੱਚ ਪੁਲਾੜ ਤੋਂ ਭਾਰਤ ਦੀ ਨਿਗਰਾਨੀ ਪ੍ਰਣਾਲੀ ਨੂੰ ਹੁਲਾਰਾ ਦੇਣ ਲਈ ਸੁਰੱਖਿਆ ਬਾਰੇ ਕੈਬਨਿਟ ਕਮੇਟੀ ਨੇ ਪੁਲਾੜ ਆਧਾਰਿਤ ਨਿਗਰਾਨੀ ਦੇ ਤੀਜੇ ਪੜਾਅ ਨੂੰ ਮਨਜ਼ੂਰੀ ਦਿੱਤੀ ਹੈ। ਇਸ ਤਹਿਤ ਜਾਸੂਸੀ ਉਪਗ੍ਰਹਿਆਂ ਦੇ ਇੱਕ ਵੱਡੇ ਸਮੂਹ ਨੂੰ ਧਰਤੀ ਦੇ ਹੇਠਲੇ ਅਤੇ ਭੂ-ਸਥਿਰ ਔਰਬਿਟ ਵਿੱਚ ਲਾਂਚ ਕੀਤਾ ਜਾਵੇਗਾ। ਤਜਵੀਜ਼ ਵਿੱਚ 52 ਉਪਗ੍ਰਹਿ ਲਾਂਚ ਕਰਨਾ ਸ਼ਾਮਲ ਹੈ। 26,968 ਕਰੋੜ ਰੁਪਏ ਦੀ ਕੁੱਲ ਲਾਗਤ ਵਾਲੇ ਇਸ ਪ੍ਰੋਜੈਕਟ ਤਹਿਤ ਇਸਰੋ 21 ਸੈਟੇਲਾਈਟਾਂ ਦਾ ਨਿਰਮਾਣ ਅਤੇ ਲਾਂਚ ਕਰੇਗਾ। ਬਾਕੀ 31 ਸੈਟੇਲਾਈਟਾਂ ਦੀ ਜ਼ਿੰਮੇਵਾਰੀ ਨਿੱਜੀ ਕੰਪਨੀਆਂ ਦੀ ਹੋਵੇਗੀ।

ਸਪੇਸ ਬੇਸਡ ਸਰਵੇਲੈਂਸ (ਸੈਟੇਲਾਈਟ ਬੇਸਡ ਸਰਵੇਲੈਂਸ ਯਾਨਿ ਐਸ.ਬੀ.ਐਸ.) 1 ਦੀ ਸ਼ੁਰੂਆਤ ਵਾਜਪਾਈ ਸਰਕਾਰ ਦੇ ਕਾਰਜਕਾਲ ਦੌਰਾਨ ਸਾਲ 2001 ਵਿੱਚ ਕੀਤੀ ਗਈ ਸੀ। ਇਸ ਵਿੱਚ ਨਿਗਰਾਨੀ ਲਈ 4 ਉਪਗ੍ਰਹਿ (ਕਾਰਟੋਸੈਟ 2ਏ, ਕਾਰਟੋਸੈਟ 2ਬੀ, ਈਰੋਜ਼ ਬੀ ਅਤੇ ਰਿਸੈਟ 2) ਲਾਂਚ ਕੀਤੇ ਗਏ ਸਨ। ਐਸ.ਬੀ.ਐਸ.-2 ਵਿੱਚ 2013 ਵਿੱਚ 6 ਸੈਟੇਲਾਈਟਾਂ: ਕਾਰਟੋਸੈਟ 2ਸੀ, ਕਾਰਟੋਸੈਟ 2ਡੀ, ਕਾਰਟੋਸੈਟ 3ਏ, ਕਾਰਟੋਸੈਟ 3ਬੀ, ਮਾਈਕ੍ਰੋਸੈਟ 1 ਅਤੇ ਰਿਸੈਟ 2ਏ ਦੀ ਲਾਂਚਿੰਗ ਸ਼ਾਮਲ ਹੈ।

ਅਜਿਹੇ ਸਮੇਂ ਵਿੱਚ ਜਦੋਂ ਦੇਸ਼ ਪਾਕਿਸਤਾਨ ਨਾਲ ਲੱਗਦੀ ਪੱਛਮੀ ਸਰਹੱਦ, ਚੀਨ ਨਾਲ ਲੱਗਦੀ ਉਤਰੀ ਸਰਹੱਦ ਅਤੇ ਹਿੰਦ ਮਹਾਸਾਗਰ ਖੇਤਰ ਵਿੱਚ ਚੀਨੀ ਜਾਸੂਸੀ ਜਹਾਜ਼ਾਂ ਤੇ ਪਣਡੁੱਬੀਆਂ ਦੁਆਰਾ ਸਮੁੰਦਰੀ ਨਿਗਰਾਨੀ ਵਧਾਉਣ ਦੇ ਨਾਲ ਸੁਰੱਖਿਆ ਚਿੰਤਾਵਾਂ ਦਾ ਸਾਹਮਣਾ ਕਰ ਰਿਹਾ ਹੈ, ਐਸ.ਬੀ.ਐਸ.-3 ਤਹਿਤ ਅਗਲੇ ਪੰਜ ਸਾਲਾਂ ਵਿੱਚ 52 ਉਪਗ੍ਰਹਿ ਲਾਂਚ ਕੀਤੇ ਜਾਣਗੇ। ਕਰਨ ਦਾ ਟੀਚਾ ਰੱਖਿਆ ਗਿਆ ਹੈ, ਜਿਸ ਨਾਲ ਭਾਰਤ 'ਚ 'ਅਕਾਸ਼ ਤੋਂ ਦੇਖਣ ਵਾਲੀਆਂ ਅੱਖਾਂ' ਦੀ ਗਿਣਤੀ ਵਧੇਗੀ, ਜਿਸ ਨਾਲ ਭਾਰਤ ਦੀ ਜ਼ਮੀਨੀ ਅਤੇ ਸਮੁੰਦਰੀ ਸਰਹੱਦਾਂ ਦੀ ਪੁਲਾੜ ਆਧਾਰਿਤ ਨਿਗਰਾਨੀ ਪ੍ਰਣਾਲੀ ਮਜਬੂਤ ਹੋਵੇਗੀ। ਤਿੰਨੋਂ ਸੇਵਾਵਾਂ ਕੋਲ ਆਪਣੇ ਜ਼ਮੀਨੀ, ਸਮੁੰਦਰੀ ਜਾਂ ਹਵਾਈ-ਆਧਾਰਿਤ ਮਿਸ਼ਨਾਂ ਲਈ ਉਪਗ੍ਰਹਿ ਹੋਣਗੇ। ਉਪਗ੍ਰਹਿ ਲਗਾਤਾਰ ਕੰਮ ਕਰਨਗੇ, ਮੌਸਮ ਜਾਂ ਵਾਯੂਮੰਡਲ ਦੀਆਂ ਸਥਿਤੀਆਂ ਤੋਂ ਪ੍ਰਭਾਵਿਤ ਨਹੀਂ ਹੋਣਗੇ, ਪੁਲਾੜ ਵਿੱਚ ਸਥਿਤੀਆਂ ਅਤੇ ਵਸਤੂਆਂ ਦੀ ਨਿਰੰਤਰ ਨਿਗਰਾਨੀ ਪ੍ਰਦਾਨ ਕਰਨਗੇ। ਨਵੇਂ ਉਪਗ੍ਰਹਿ ਪੁਲਾੜ ਵਿੱਚ ਉਪਗ੍ਰਹਿਆਂ ਨੂੰ ਵਧੇਰੇ ਸਹੀ ਢੰਗ ਨਾਲ ਲੱਭਣ ਅਤੇ ਨਿਗਰਾਨੀ ਕਰਨ ਲਈ ਉਨਤ ਤਕਨਾਲੋਜੀ ਅਤੇ ਨਕਲੀ ਬੁੱਧੀ ਦੀ ਵਰਤੋਂ ਕਰਨਗੇ।

ਉਪਗ੍ਰਹਿਆਂ ਦਾ ਨਵਾਂ ਫਲੀਟ ਆਰਟੀਫਿਸ਼ੀਅਲ ਇੰਟੈਲੀਜੈਂਸ 'ਤੇ ਆਧਾਰਿਤ ਹੋਵੇਗਾ, ਜੋ ਧਰਤੀ 'ਤੇ 'ਜੀਓ-ਇੰਟੈਲੀਜੈਂਸ' ਜਾਣਕਾਰੀ ਇਕੱਠੀ ਕਰਨ ਲਈ ਪੁਲਾੜ 'ਚ ਇੱਕ-ਦੂਜੇ ਨਾਲ ਸੰਚਾਰ ਕਰੇਗਾ। ਇਹ ਸਾਡੇ ਸੈਟੇਲਾਈਟਾਂ ਵਿਚਕਾਰ ਸੰਚਾਰ ਦੀ ਆਗਿਆ ਦੇਵੇਗਾ, ਤਾਂ ਜੋ ਜੇਕਰ ਇੱਕ ਸੈਟੇਲਾਈਟ 36,000 ਕਿਲੋਮੀਟਰ ਦੀ ਉਚਾਈ 'ਤੇ ਜੀਓ (ਜੀਓਸਿੰਕ੍ਰੋਨਸ ਇਕੂਟੇਰੀਅਲ ਔਰਬਿਟ) ਵਿੱਚ ਕੁਝ ਖੋਜਦਾ ਹੈ, ਤਾਂ ਇਹ ਹੇਠਲੇ ਔਰਬਿਟ (400-600 ਕਿਲੋਮੀਟਰ ਦੀ ਉਚਾਈ 'ਤੇ)



ਦੂਜੇ ਉਪਗ੍ਰਹਿ ਤੋਂ ਵਧੇਰੇ ਧਿਆਨ ਨਾਲ ਜਾਂਚ ਕਰ ਸਕਦਾ ਹੈ। ਇਹ ਸਮਰੱਥਾ ਨਿਗਰਾਨੀ ਪ੍ਰਣਾਲੀ ਨੂੰ ਬਹੁਤ ਵਿਲੱਖਣ ਬਣਾਉਂਦੀ ਹੈ। ਵਰਤਮਾਨ ਸਮੇਂ ਭਾਰਤ ਵਿੱਚ ਸੰਚਾਰ ਸੇਵਾਵਾਂ ਲਈ 200 ਤੋਂ ਵੱਧ ਟ੍ਰਾਂਸਪੌਂਡਰ ਵਰਤੇ ਜਾ ਰਹੇ ਹਨ। ਇਨ੍ਹਾਂ ਸੈਟੇਲਾਈਟਾਂ ਰਾਹੀਂ ਭਾਰਤ ਵਿੱਚ ਦੂਰਸੰਚਾਰ, ਟੈਲੀਮੈਡੀਸਨ, ਟੈਲੀਵਿਜ਼ਨ, ਬ੍ਰਾਡਬੈਂਡ, ਰੇਡੀਓ, ਆਫ਼ਤ ਪ੍ਰਬੰਧਨ, ਖੋਜ ਅਤੇ ਬਚਾਅ ਕਾਰਜਾਂ ਵਰਗੀਆਂ ਸੇਵਾਵਾਂ ਪ੍ਰਦਾਨ ਕਰਨਾ ਸੰਭਵ ਹੋ ਗਿਆ ਹੈ। ਇਸ ਸਮੇਂ ਭਾਰਤ ਦਾ ਧਿਆਨ ਅਜਿਹੀਆਂ ਸਮਰੱਥਾਵਾਂ ਹਾਸਲ ਕਰਨ 'ਤੇ ਹੈ, ਜੋ ਇੰਡੋ-ਪੈਸੇਫਿਕ 'ਚ ਦੁਸ਼ਮਣ ਦੀਆਂ ਪਣਡੁੱਬੀਆਂ ਦਾ ਪਤਾ ਲਗਾ ਸਕਣ। ਨਾਲ ਹੀ, ਸਰਹੱਦ ਦੇ ਨਾਲ ਜ਼ਮੀਨੀ ਅਤੇ ਸਮੁੰਦਰੀ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਦੇ ਨਿਰਮਾਣ ਨੂੰ ਟਰੈਕ ਕਰਨ ਦੇ ਯੋਗ ਹੋਵੇ।

ਐਸ.ਬੀ.ਐਸ.-3 ਮਿਸ਼ਨ ਨੂੰ ਭਾਰਤ ਵੱਲੋਂ ਅਮਰੀਕਾ ਸਥਿਤ ਜਨਰਲ ਐਟੋਮਿਕਸ ਤੋਂ 31 ਪ੍ਰੀਡੇਟਰ ਡਰੋਨਾਂ ਦੀ ਪ੍ਰਾਪਤੀ ਨਾਲ ਮਦਦ ਮਿਲੇਗੀ। ਇਸ ਪਲੇਟਫਾਰਮ ਵਿੱਚ ਹਥਿਆਰਾਂ ਦੇ ਪੈਕੇਜ ਤੋਂ ਇਲਾਵਾ ਬਹੁਤ ਸ਼ਕਤੀਸ਼ਾਲੀ ਨਿਗਰਾਨੀ ਸਮਰੱਥਾਵਾਂ ਹਨ। ਭਾਰਤ ਨੇ 29 ਮਾਰਚ 2019 ਨੂੰ ਇੱਕ ਟੈਸਟ ਫਾਇਰਿੰਗ ਰਾਹੀਂ ਆਪਣੀ ਉਪਗ੍ਰਹਿ-ਵਿਰੋਧੀ ਸਮਰੱਥਾਵਾਂ ਦੀ ਜਾਂਚ ਕੀਤੀ ਸੀ, ਜਦੋਂ ਇੱਕ ਭਾਰਤੀ ਮਿਜ਼ਾਈਲ ਨੇ ਔਰਬਿਟ ਵਿੱਚ ਇੱਕ ਬਚੇ ਹੋਏ ਉਪਗ੍ਰਹਿ ਨੂੰ ਤਬਾਹ ਕਰ ਦਿੱਤਾ ਸੀ। ਗਲੋਬਲ ਸਪੇਸ ਇੰਡਸਟਰੀ ਦਾ ਮੌਜੂਦਾ ਆਕਾਰ $350 ਬਿਲੀਅਨ ਹੈ। ਸਾਲ 2025 ਤੱਕ ਇਸ ਦੇ 550 ਬਿਲੀਅਨ ਡਾਲਰ ਤੱਕ ਵਧਣ ਦੀ ਸੰਭਾਵਨਾ ਹੈ। ਇਸ ਤਰ੍ਹਾਂ ਸਪੇਸ ਇੱਕ ਮਹੱਤਵਪੂਰਨ ਬਾਜ਼ਾਰ ਵਜੋਂ ਵਿਕਸਿਤ ਹੋ ਰਹੀ ਹੈ। ਇਸਰੋ ਨੇ ਪੁਲਾੜ ਦੇ ਖੇਤਰ ਵਿੱਚ ਮਹੱਤਵਪੂਰਨ ਪ੍ਰਾਪਤੀਆਂ ਕੀਤੀਆਂ ਹਨ, ਪਰ ਭਾਰਤ ਦਾ ਪੁਲਾੜ ਉਦਯੋਗ ਲਗਭਗ 7 ਬਿਲੀਅਨ ਡਾਲਰ ਦਾ ਹੈ, ਜੋ ਕਿ ਵਿਸ਼ਵ ਬਾਜ਼ਾਰ ਦਾ ਸਿਰਫ 2 ਪ੍ਰਤੀਸ਼ਤ ਹੈ। ਬ੍ਰਾਡਬੈਂਡ ਅਤੇ ਡੀ.ਟੀ.ਐਚ. ਸੇਵਾਵਾਂ ਭਾਰਤ ਦੇ ਪੁਲਾੜ ਉਦਯੋਗ ਦੇ ਆਕਾਰ ਦਾ ਲਗਭਗ ਦੋ ਤਿਹਾਈ ਹਿੱਸਾ ਹਨ।

ਹਾਲੀਆ ਨੀਤੀਗਤ ਸੁਧਾਰਾਂ ਦੇ ਬਾਵਜੂਦ, ਭਾਰਤ ਦੇ ਪੁਲਾੜ ਖੇਤਰ ਵਿੱਚ ਅਜੇ ਵੀ ਸਰਕਾਰੀ ਸੰਸਥਾਵਾਂ ਦਾ ਦਬਦਬਾ ਹੈ। ਹਾਲਾਂਕਿ ਸਕਾਈਰੂਟ ਐਰੋਸਪੇਸ ਅਤੇ ਅਗਨੀਕੁਲ ਕੌਸਮੋਸ ਵਰਗੇ ਸਟਾਰਟਅੱਪਸ ਨੇ ਤਰੱਕੀ ਕੀਤੀ ਹੈ, ਪਰ ਉਨ੍ਹਾਂ ਨੂੰ ਸਕੇਲ ਕਰਨ ਵਿੱਚ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਪੁਲਾੜ ਖੇਤਰ ਵਿੱਚ ਅਕਾਦਮਿਕ ਸੰਸਥਾਵਾਂ, ਉਦਯੋਗ ਅਤੇ ਸਰਕਾਰੀ ਏਜੰਸੀਆਂ ਵਿਚਕਾਰ ਤਾਲਮੇਲ ਅਜੇ ਵੀ ਨਾਕਾਫੀ ਹੈ। ਹਾਲਾਂਕਿ ਯੂਨੀਵਰਸਿਟੀਆਂ ਨਾਲ ਇਸਰੋ ਦੀ ਸ਼ਮੂਲੀਅਤ ਵਧੀ ਹੈ, ਪਰ ਇਸਦਾ ਦਾਇਰਾ ਅਤੇ ਪੈਮਾਨਾ ਅਜੇ ਵੀ ਸੀਮਤ ਹੈ। ਨਿੱਜੀ ਭਾਗੀਦਾਰੀ ਨੂੰ ਤੇਜ਼ੀ ਨਾਲ ਵਧਾਉਣ ਲਈ ਪੁਲਾੜ ਖੇਤਰ ਦੇ ਪਰਿਵਰਤਨ ਪ੍ਰੋਗਰਾਮ ਨੂੰ ਲਾਗੂ ਕੀਤਾ ਜਾਣਾ ਚਾਹੀਦਾ ਹੈ। ਸਪੇਸ-ਸਬੰਧਤ ਲਾਇਸੈਂਸਿੰਗ ਅਤੇ ਪ੍ਰਵਾਨਗੀਆਂ ਲਈ ਇੱਕ-ਸਟਾਪ-ਦੁਕਾਨ ਸਥਾਪਿਤ ਕੀਤੀ ਜਾਣੀ ਚਾਹੀਦੀ ਹੈ। ਨਿਵੇਸ਼ ਨੂੰ ਆਕਰਸ਼ਿਤ ਕਰਨ ਲਈ ਟੈਕਸ ਪ੍ਰੋਤਸਾਹਨ ਅਤੇ ਸਰਲ ਨਿਯਮਾਂ ਨਾਲ ਸਪੇਸ ਐਂਟਰਪ੍ਰਾਈਜ਼ ਜ਼ੋਨ ਬਣਾਏ ਜਾਣੇ ਚਾਹੀਦੇ ਹਨ। ਇਸਰੋ ਦੀਆਂ ਸਹੂਲਤਾਂ ਅਤੇ ਮੁਹਾਰਤ ਨੂੰ ਨਿੱਜੀ ਸੰਸਥਾਵਾਂ ਨਾਲ ਸਾਂਝਾ ਕਰਨ ਲਈ ਇੱਕ ਜਨਤਕ-ਨਿੱਜੀ ਭਾਈਵਾਲੀ ਮਾਡਲ ਵਿਕਸਿਤ ਕੀਤਾ ਜਾਣਾ ਚਾਹੀਦਾ ਹੈ।

ਹਾਲਾਂਕਿ ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਹਾਲ ਹੀ ਦੇ ਸਾਲਾਂ ਵਿੱਚ ਬਹੁਤ ਸਾਰੀਆਂ ਪ੍ਰਾਪਤੀਆਂ ਕੀਤੀਆਂ ਹਨ, ਜਿਨ੍ਹਾਂ ਨੇ ਅਮਰੀਕਾ ਅਤੇ ਰੂਸ ਵਰਗੇ ਦੇਸ਼ਾਂ ਨੂੰ ਵੀ ਹੈਰਾਨ ਕਰ ਦਿੱਤਾ ਹੈ, ਜੋ ਕਿ ਪੁਲਾੜ ਵਿਗਿਆਨ ਵਿੱਚ ਆਗੂ ਮੰਨੇ ਜਾਂਦੇ ਹਨ। ਕੁੱਲ ਮਿਲਾ ਕੇ, ਸੈਟੇਲਾਈਟ ਆਧਾਰਿਤ ਨਿਗਰਾਨੀ ਦੇ ਨਾਲ ਹਥਿਆਰਬੰਦ ਬਲਾਂ ਦੀ ਹਰੇਕ ਸ਼ਾਖਾ ਕੋਲ ਆਪਣੇ ਵਿਸ਼ੇਸ਼ ਕਾਰਜਾਂ ਲਈ ਸਮਰਪਿਤ ਉਪਗ੍ਰਹਿ ਹੋਣਗੇ।

## ਸਮੱਸਿਆ ਤਾਂ ਕੁਝ ਹੋਰ ਈ ਐ!

ਜਲਵਾਯੂ ਤਬਦੀਲੀ ਸਮੱਸਿਆ ਨਹੀਂ ਹੈ। ਅਸੀਂ ਕੱਲ੍ਹ ਨੂੰ ਨੈਟ ਜ਼ੀਰੋ ਜੀ.ਐਚ.ਜੀ. ਨਿਕਾਸ ਨੂੰ ਪ੍ਰਾਪਤ ਕਰ ਸਕਦੇ ਹਾਂ ਅਤੇ ਫਿਰ ਵੀ ਧਰਤੀ ਉੱਤੇ ਜੀਵਨ ਦੇ ਪਤਨ ਵੱਲ ਵਧ ਰਹੇ ਹਾਂ। ਕਿਉਂ? ਸਮੱਸਿਆ ਇਹ ਹੈ ਕਿ ਸਾਡੀ ਆਰਥਿਕਤਾ ਇੱਕ ਮੈਗਾ-ਮਸ਼ੀਨ ਹੈ, ਜੋ ਕੁਦਰਤ ਨੂੰ ਕੂੜੇ ਵਿੱਚ ਬਦਲ ਦਿੰਦੀ ਹੈ। ਅਸੀਂ ਕੁਦਰਤੀ ਸਰੋਤ ਲੈਂਦੇ ਹਾਂ ਅਤੇ ਉਨ੍ਹਾਂ ਨੂੰ ਊਰਜਾ ਦੇ ਨਾਲ ਵਸਤੂਆਂ ਵਿੱਚ ਬਦਲਦੇ ਹਾਂ, ਜੋ ਕੁਦਰਤੀ ਸੰਸਾਰ ਵਿੱਚ ਠੋਸ, ਤਰਲ ਅਤੇ ਗੈਸਾਂ ਦੇ ਰੂਪ ਵਿੱਚ ਰਹਿੰਦ-ਖੂੰਹਦ ਤੇ ਪ੍ਰਦੂਸ਼ਣ ਦੇ ਰੂਪ ਵਿੱਚ ਖਤਮ ਹੋ ਜਾਵੇਗਾ। ਕੁਝ ਗ੍ਰੀਨਹਾਊਸ ਗੈਸਾਂ ਜਲਵਾਯੂ ਪਰਿਵਰਤਨ ਵਿੱਚ ਯੋਗਦਾਨ ਪਾਉਂਦੀਆਂ ਹਨ, ਪਰ ਬਾਕੀ ਰਹਿੰਦ-ਖੂੰਹਦ ਧਰਤੀ ਉੱਤੇ ਜੀਵਨ ਨੂੰ ਇੱਕ ਜਾਂ ਦੂਜੇ ਤਰੀਕੇ ਨਾਲ ਖਤਮ ਕਰਨ ਵਿੱਚ ਯੋਗਦਾਨ ਪਾਉਂਦੀ ਹੈ। ਉੱਪਰ ਤੋਂ ਹੇਠਾਂ ਵੱਲ, ਧਰਤੀ ਪ੍ਰਣਾਲੀ 'ਤੇ ਮਨੁੱਖੀ ਗਤੀਵਿਧੀਆਂ ਦਾ ਦਬਾਅ ਇਸ ਨੂੰ ਸਹਿਣ ਦੀ ਸਮਰੱਥਾ ਤੋਂ ਵਧ ਜਾਂਦਾ ਹੈ।

ਮਨੁੱਖਤਾ ਵਰਤਮਾਨ ਵਿੱਚ ਕੁਦਰਤ ਦੀ ਵਰਤੋਂ ਸਾਡੇ ਗ੍ਰਹਿ ਦੇ ਵਾਤਾਵਰਣ ਪ੍ਰਣਾਲੀਆਂ ਨਾਲੋਂ 1.8 ਗੁਣਾ ਤੇਜ਼ੀ ਨਾਲ ਕਰ ਰਹੀ ਹੈ। ਇਹ 1.8 ਗੁਣਾ ਧਰਤੀ ਦੀ ਵਰਤੋਂ ਕਰਨ ਦੇ ਸਮਾਨ ਹੈ। ਜੇ ਮਨੁੱਖ ਜਾਤੀ ਕੁਦਰਤੀ ਸਰੋਤਾਂ ਦੀ ਵਰਤੋਂ ਕਰਨਾ ਜਾਰੀ ਰੱਖਦੀ ਹੈ ਅਤੇ ਮੌਜੂਦਾ ਦਰ 'ਤੇ ਰਹਿੰਦ-ਖੂੰਹਦ ਪੈਦਾ ਕਰਦੀ ਹੈ, ਤਾਂ "ਸਾਨੂੰ 2030 ਦੇ ਦਹਾਕੇ ਦੇ ਸ਼ੁਰੂ ਤੱਕ ਸਾਡੀਆਂ ਮੰਗਾਂ ਨੂੰ ਪੂਰਾ ਕਰਨ ਲਈ 2 ਗੁਣਾਂ ਧਰਤੀ ਦੇ ਸਰੋਤਾਂ ਦੀ ਲੋੜ ਪਵੇਗੀ।" ਵਾਤਾਵਰਣ ਸੰਬੰਧੀ ਖਰਚਿਆਂ ਦਾ ਇੱਕ ਬੇਤੁਕਾ ਪੱਧਰ, ਜੋ ਵੱਡੇ ਵਾਤਾਵਰਣ ਪ੍ਰਣਾਲੀ ਦੇ ਢਹਿਣ ਦਾ ਕਾਰਨ ਬਣ ਸਕਦਾ ਹੈ। 1961 ਵਿੱਚ ਪੂਰੇ ਗ੍ਰਹਿ ਨੇ ਧਰਤੀ ਦੀ ਜੀਵ-ਸਮਰੱਥਾ ਦੇ ਅੱਧੇ ਤੋਂ ਥੋੜ੍ਹਾ ਵੱਧ ਵਰਤਿਆ। ਅਸੀਂ ਜਲਦੀ ਹੀ ਇੱਕ ਬਿੰਦੂ 'ਤੇ ਪਹੁੰਚ ਜਾਵਾਂਗੇ, ਜਿੱਥੇ ਕੁਦਰਤ ਸਾਨੂੰ ਆਪਣੀ ਆਰਥਿਕਤਾ ਨੂੰ ਪੂਰਾ ਕਰਨ ਲਈ ਲੋੜੀਂਦੇ ਸਰੋਤ ਪ੍ਰਦਾਨ ਨਹੀਂ ਕਰ ਸਕਦੀ।

ਅੱਜ ਸਾਡੇ ਕੋਲ ਇਹ ਚੋਣ ਹੈ ਕਿ ਜਾਂ ਤਾਂ ਅਸੀਂ ਆਪਣੀ ਆਰਥਿਕਤਾ ਨੂੰ ਬਚਾ ਲਈਏ ਜਾਂ ਧਰਤੀ ਨੂੰ (ਧਰਤੀ ਨਾਲ ਆਪਣੇ ਆਪ ਨੂੰ ਵੀ)। ਇਹ ਸਪੱਸ਼ਟ ਜਾਪਦਾ ਹੈ ਕਿ ਸਾਨੂੰ ਧਰਤੀ ਦੀ ਚੋਣ ਕਰਨੀ ਪਵੇਗੀ, ਪਰ ਅਸੀਂ ਸਮਝ ਨਹੀ ਰਹੇ ਹਾਂ। ਅਸੀਂ ਦੋਵੇਂ ਰੱਖਣ ਦੀ ਕੋਸ਼ਿਸ਼ ਕਰ ਰਹੇ ਹਾਂ, ਪਰ ਇਹ ਕੰਮ ਨਹੀਂ ਕਰਦਾ। ਅਸੀਂ ਪਹਿਲਾਂ ਹੀ 9 ਵਿੱਚੋਂ 6 ਗ੍ਰਹਿ ਸੀਮਾਵਾਂ ਨੂੰ ਪਾਰ ਕਰ ਚੁੱਕੇ ਹਾਂ। ਇਹ ਹਨ- ਜੈਵ ਵਿਭਿੰਨਤਾ ਦਾ ਨੁਕਸਾਨ, ਨਾਈਟ੍ਰੋਜਨ ਅਤੇ ਫਾਸਫੋਰਸ ਦਾ ਬਾਇਓਸਫੀਅਰ ਅਤੇ ਸਮੁੰਦਰਾਂ ਵਿੱਚ ਵਹਾਅ, ਭੂਮੀ ਪ੍ਰਣਾਲੀ ਵਿੱਚ ਤਬਦੀਲੀ, ਨਵੀਂ ਇਕਾਈਆਂ, ਤਾਜ਼ੇ ਪਾਣੀ ਦਾ ਚੱਕਰ ਅਤੇ ਜਲਵਾਯੂ ਤਬਦੀਲੀ। ਅਸਲ ਸਮੱਸਿਆ ਕੀ ਹੈ? ਇਸ ਬਾਰੇ ਚਰਚਾ ਕਰਨ ਅਤੇ ਇਸ ਦੇ ਹੱਲ ਦੀ ਪੇਸ਼ਕਸ਼ ਕਰਨ ਦਾ ਸਮਾਂ ਆ ਗਿਆ ਹੈ। ਅਸੀਂ ਬੁੱਧੀਮਾਨ ਅਤੇ ਰਚਨਾਤਮਕ ਜੀਵ ਹਾਂ। ਸਾਨੂੰ ਆਪਣੀ ਮੌਜੂਦਾ ਜੀਵਨ ਸ਼ੈਲੀ ਨਾਲ ਜੁੜੇ ਰਹਿਣਾ ਬੰਦ ਕਰਨਾ ਚਾਹੀਦਾ ਹੈ ਜਿਵੇਂ ਕਿ ਇਹ ਆਖਰੀ ਪ੍ਰਾਪਤੀ ਹੈ ਅਤੇ ਵਿਕਲਪਾਂ ਲਈ ਖੁੱਲ੍ਹੇ ਰਹੋ। ਇਸਦਾ ਮਤਲਬ ਇਹ ਨਹੀਂ ਹੈ ਕਿ ਸਾਨੂੰ ਆਪਣੀ ਸਾਰੀ ਤਰੱਕੀ ਅਤੇ ਆਪਣੇ ਸਾਰੇ ਆਰਾਮ ਨੂੰ ਛੱਡ ਦੇਣਾ ਚਾਹੀਦਾ ਹੈ। ਸਾਨੂੰ ਸਿਰਫ਼ ਲਾਲਚ, ਹੰਕਾਰ ਤੇ ਇੱਛਾਵਾਂ ਨੂੰ ਛੱਡਣ ਅਤੇ ਹੋਰ ਪਿਆਰ ਤੇ ਨਿਮਰਤਾ ਨਾਲ ਅਗਵਾਈ ਕਰਨ ਦੀ ਲੋੜ ਹੈ। ਯਕੀਨਨ ਅਸੀਂ ਫਿਰ ਸਹੀ ਰਸਤੇ 'ਤੇ ਆ ਸਕਦੇ ਹਾਂ।

*-ਗੈਰੀ ਢਿੱਲੋਂ ਅਲਬਰਟਾ (ਕੈਨੇਡਾ)*

## ਕੰਗਾਲ

ਸ਼ਬਦੋ ਵਣਜਾਰਿਓ

ਪਰਮਜੀਤ ਢੀਂਗਰਾ
ਫੋਨ:+91-8847610125



ਮਨੁੱਖ ਨੂੰ ਸ਼ਬਦ ਘੜਨ ਵਾਲਾ ਜਾਦੂਗਰ ਕਿਹਾ ਜਾ ਸਕਦਾ ਹੈ। ਦੁਨੀਆ ਵਿੱਚ ਹਜ਼ਾਰਾਂ ਭਾਸ਼ਾਵਾਂ ਹਨ, ਜਿਨ੍ਹਾਂ ਦੇ ਬੋਲਣਹਾਰਿਆਂ ਨੇ ਆਪਣੀਆਂ ਲੋੜਾਂ ਅਨੁਸਾਰ ਸ਼ਬਦ ਘੜੇ। ਸ਼ਬਦ ਘੜਨੇ ਕੋਈ ਸੌਖਾ ਕੰਮ ਨਹੀਂ, ਸਗੋਂ ਇਨ੍ਹਾਂ ਨਾਲ ਅਰਥ ਇਕਾਈ ਨੂੰ ਜੋੜਨਾ ਹੋਰ ਵੀ ਮੁਸ਼ਕਲ ਕੰਮ ਹੈ। ਜਿਵੇਂ ਜਿਵੇਂ ਲੋੜਾਂ ਵਧੀਆਂ, ਇੱਕ ਸ਼ਬਦ ਨਾਲ ਅਰਥਾਂ ਦੇ ਕਈ ਕਈ ਵਿਸਥਾਰ ਜੁੜ ਗਏ। 'ਕੰਗਾਲ' ਸ਼ਬਦ ਅਜਿਹਾ ਹੈ, ਜੋ ਹਰ ਭਾਰਤੀ ਭਾਸ਼ਾ ਵਿੱਚ ਮਿਲਦਾ ਹੈ। ਇਹਦਾ ਸਗੋਤੀ ਗਰੀਬ ਸ਼ਬਦ ਹੈ। ਗਰੀਬ ਸੈਮਟਿਕ ਮੂਲ ਦਾ ਸ਼ਬਦ ਹੈ, ਜੋ ਅਰਬੀ ਵਲੋਂ ਆਇਆ ਹੈ। ਸੈਮਟਿਕ ਮੂਲ ਦੀ ਧਾਤੂ 'ਗ਼-ਰ-ਬ=ਗਹ-ਰ-ਬ' ਵਿੱਚ ਅਸਤ ਹੋਣ ਅਥਵਾ ਵਾਂਝੇ ਹੋਣ ਦੇ ਭਾਵ ਹਨ। ਇਹਦੀ ਪੁਸ਼ਟੀ ਪ੍ਰਾਚੀਨ ਹਿਬਰੂ ਰੂਪ ਗਰਬ 'ਗਹ-ਰਬ' ਤੋਂ ਹੁੰਦੀ ਹੈ, ਜਿਸ ਦੇ ਮੂਲ 'ਚ ਹਨੇਰੇ, ਅੰਧਕਾਰ, ਕਾਲੇਪਣ, ਪੱਛਮ ਦਾ ਵਿਅਕਤੀ, ਸ਼ਾਮ ਦੇ ਭਾਵ ਹਨ। ਢਲਦੇ ਸੂਰਜ ਵਿੱਚ ਵੀ ਵਾਂਝੇ ਹੋਣ ਦੇ ਭਾਵ ਹਨ, ਕਿਉਂਕਿ ਉਸ ਤੋਂ ਬਾਅਦ ਹਨੇਰਾ ਛਾਉਣ ਲਗਦਾ ਹੈ। ਇਹਦਾ ਇੱਕ ਅਰਥ ਸ਼ਾਮ ਦਾ ਸਮਾਂ ਵੀ ਹੈ।

'ਗਹ-ਰ-ਬ' ਵਿੱਚ ਮਿਲਦੇ ਅਜਨਬੀ ਅਥਵਾ ਪਰਦੇਸੀ ਦੇ ਭਾਵ ਨੂੰ ਦੇਖੀਏ ਤਾਂ ਸਮਝ ਆਉਂਦੀ ਹੈ ਕਿ ਪ੍ਰਾਚੀਨ ਕਾਲ ਵਿੱਚ ਯਾਤਰਾਵਾਂ ਪੈਦਲ ਤੇ ਕਸ਼ਟਕਾਰੀ ਹੁੰਦੀਆਂ ਸਨ। ਰਾਹਗੀਰਾਂ ਨੂੰ ਅਕਸਰ ਡਾਕੂ-ਲੁਟੇਰੇ ਲੁੱਟ ਲੈਂਦੇ ਸਨ। ਪਰਦੇਸਾਂ ਵਿੱਚ ਇਹ ਯਾਤਰੀ ਥੱਕੇ-ਟੁੱਟੇ ਤੇ ਖਸਤਾਹਾਲ ਹੁੰਦੇ ਸਨ। ਉਨ੍ਹਾਂ ਦੀ ਸਥਿਤੀ ਤੋਂ ਗਰੀਬੀ ਸ਼ਬਦ ਦੀ ਸਥਿਤੀ ਸਮਝੀ ਜਾ ਸਕਦੀ ਹੈ। ਇਹਦਾ ਸਗੋਤੀ ਕੰਗਾਲ ਸ਼ਬਦ ਮੂਲ ਰੂਪ ਵਿੱਚ ਸੰਸਕ੍ਰਿਤ ਦੇ 'ਕੰਙ੍ਹਾਲ: ਜਾਂ ਕੰਙ੍ਹਾਲਮ੍' ਤੋਂ ਬਣਿਆ ਹੈ, ਜਿਸਦਾ ਅਰਥ ਹੈ- ਜਰਜਰ, ਬਿਮਾਰ, ਖੀਣ, ਹੱਡੀਆਂ ਦਾ ਢਾਂਚਾ ਜਾਂ ਮੁੱਠ, ਅਸਥੀ ਪਿੰਜਰ। ਕੰਙ੍ਹਾਲਯ ਦਾ ਅਰਥ ਹੈ-ਸਰੀਰ। ਕੰਕਾਲ ਨਾਲ ਹੀ ਸਰੀਰ ਹੈ, ਨਹੀਂ ਤਾਂ ਉਹ ਦੁਰਬਲ, ਨਿਰਬਲ, ਕਮਜ਼ੋਰ, ਕੰਗਾਲ ਹੀ ਤਾਂ ਹੈ। ਕੰਗਾਲ ਉਹ ਹੈ, ਜੋ ਸੁਖਾਂ ਤੋਂ ਵਾਂਝਾ ਹੈ। ਦੀਨ, ਹੀਨ, ਦਰਿਦਰ ਹੈ।

ਪੰਜਾਬੀ ਕੋਸ਼ ਅਨੁਸਾਰ-ਕੰਗਾਲ, ਭੁੱਖ, ਨੰਗ ਦਾ ਮਾਰਿਆ ਹੋਇਆ, ਕੰਗਲਾ, ਨਿਰਧਨ, ਮੰਗਤਾ, ਗਰੀਬ, ਸੜਿਆ ਹੋਇਆ, ਮੁਥਾਜ। ਕੰਗਾਲਣ-ਕੰਗਲੇ ਦੀ ਵਹੁਟੀ, ਗਰੀਬ ਔਰਤ, ਕੰਗਾਲਪੁਣਾ-ਗਰੀਬੀ, ਥੁੜ੍ਹ, ਨਿਰਧਨਤਾ। ਇਹੋ ਜਿਹੇ ਅਰਥ ਨਵੇਂ ਮਹਾਨ ਕੋਸ਼ ਵਿੱਚ ਮਿਲਦੇ ਹਨ। ਕੰਕਾਲ ਦਾ ਇੱਕ ਅਰਥ ਪੰਜਰ ਜਾਂ ਪਿੰਜਰ ਵੀ ਹੈ। ਅਸਥੀ ਪੰਜਰ ਏਸੇ ਤੋਂ ਬਣਿਆ ਹੈ। ਸੰਸਕ੍ਰਿਤ ਦੀ 'ਪਿੰਜ' ਧਾਤੂ ਤੋਂ ਪਿੰਜਰ ਬਣਿਆ ਹੈ, ਜਿਸ ਵਿੱਚ ਸਜਾਉਣ, ਰੰਗ ਭਰਨ, ਸਪਰਸ਼, ਰਹਿਣ-ਵੱਸਣ ਦੇ ਭਾਵਾਂ ਦੇ ਨਾਲ ਸੱਟ ਮਾਰਨ, ਨੁਕਸਾਨ ਪਹੁੰਚਾਉਣ ਦੇ ਭਾਵ ਵੀ ਹਨ। ਪਿੰਜ ਧਾਤੂ ਮੂਲ ਰੂਪ ਵਿੱਚ ਆਸਰੇ ਜਾਂ ਨਿਰਮਾਣ ਦੀ ਵਾਹਕ ਹੈ। ਪਿੰਜਰ ਦਾ ਅਰਥ ਹੈ- ਹੱਡੀਆਂ ਦਾ ਢਾਂਚਾ, ਕੰਕਾਲ ਆਦਿ। ਪਤਲੀਆਂ ਪੱਟੀਆਂ ਤੋਂ ਬਣਿਆ ਜਾਲੀਦਾਰ ਨਿਵਾਸ ਪੰਛੀਆਂ ਦਾ ਪਿੰਜਰਾ ਹੈ। ਪਿੰਜਰਾ ਵੀ ਪਿੰਜ ਤੋਂ ਬਣਿਆ ਹੈ। ਇਸ ਤਰ੍ਹਾਂ ਪਿੰਜਰ ਵੀ ਇੱਕ ਤਰ੍ਹਾਂ ਨਾਲ ਸਰੀਰ ਦਾ ਆਸਰਾ ਹੈ।

ਪੰਜਾਬੀ ਕੋਸ਼ ਅਨੁਸਾਰ ਪਿੰਜਰ ਦਾ ਅਰਥ ਹੈ- ਸਰੀਰ ਦੀਆਂ ਹੱਡੀਆਂ ਦਾ ਢਾਂਚਾ, ਲਿੱਸਾ, ਕਮਜ਼ੋਰ ਬੰਦਾ। ਨਵੇਂ ਮਹਾਨ ਕੋਸ਼ ਅਨੁਸਾਰ- ਪਿੰਜਰ/ਪੰਜਰੁ- ਭੂਰਾ ਜਾਂ ਸੁਨਹਿਰਾ ਰੰਗ, ਪੀਲਾ, ਜਰਦ, ਹਰਤਾਲ, ਹੜਤਾਲ, ਅਸਥੀਆਂ ਦਾ ਢਾਂਚਾ, ਚਮੜੀ ਰਹਿਤ ਸਰੀਰ। ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ॥ (ਪੰਨਾ 89); ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥ (ਪੰਨਾ 659); ਜਤੁ ਸਤੁ ਸੰਜਮੁ ਸੀਲੁ ਨ ਰਾਖਿਆ ਪ੍ਰੇਤ ਪਿੰਜਰ ਮਹਿ ਕਸਟੁ ਭਇਆ॥ (ਪੰਨਾ 906); ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥ (ਪੰਨਾ 1382) ਇਸੇ ਤਰ੍ਹਾਂ ਪਿੰਜਰੇ ਦਾ ਜ਼ਿਕਰ ਆਉਂਦਾ ਹੈ- ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ॥ (ਪੰਨਾ 1382); ਪਿੰਜਰਿ ਪੰਖੀ ਬੰਧਿਆ ਕੋਇ॥ (ਪੰਨਾ 839); ਸੂਆ ਪਿੰਜਰਿ ਨਹੀ ਖਾਇ ਬਿਲਾਸੁ॥ (ਪੰਨਾ 987); ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ॥ (ਪੰਨਾ 1382)

ਪਿੰਜਰੀ-ਛੋਟਾ ਪਿੰਜਰਾ, ਪਿੰਜਰੇ ਦੀ ਤਿੱਤਰੀ ਹੋਣਾ-ਕਿਸੇ ਦੇ ਵੱਸ ਵਿੱਚ ਹੋਣਾ, ਪਿੰਜਰੇ ਪਾਉਣਾ- ਕੈਦ ਕਰਨਾ ਆਦਿ ਮੁਹਾਵਰੇ ਇਸ ਨਾਲ ਸੰਬੰਧਤ ਹਨ। ਪਿੰਜ ਧਾਤੂ ਵਿੱਚ ਸਪਰਸ਼ ਦਾ ਭਾਵ ਹੈ। ਪਿੰਜਣ ਤੋਂ ਭਾਵ ਹੈ- ਰੂੰ ਨੂੰ ਪਿੰਜਣਾ, ਪਿੰਜਣ ਤਾੜਾ-ਰੂੰ ਨੂੰ ਪਿੰਜਣ ਵਾਲਾ ਤਾੜਾ, ਰੂੰ-ਪਿੰਜਣੀ ਨਾਲ ਰੂੰ ਨੂੰ ਸਾਫ ਤੇ ਮੁਲਾਇਮ ਕੀਤਾ ਜਾਂਦਾ ਹੈ। ਇੱਥੇ ਵੀ ਰੂੰ ਨੂੰ ਸੱਟ ਲਾਈ ਜਾਂਦੀ ਹੈ ਅਥਵਾ ਚੋਟ ਪਹੁੰਚਾਈ ਜਾਂਦੀ ਹੈ। ਰੂੰ ਪਿੰਜਣ ਵਿੱਚ ਕਈ ਕਿਰਿਆਵਾਂ ਸ਼ਾਮਲ ਹਨ। ਪਿੰਜਰ ਦਾ ਇੱਕ ਭਾਵ ਬਸੇਰਾ ਵੀ ਹੈ। ਇਹ ਮੂਲ ਰੂਪ ਵਿੱਚ ਸੰਸਕ੍ਰਿਤ ਧਾਤੂ 'ਸਥ੍' ਤੋਂ ਬਣਿਆ ਸ਼ਬਦ ਸਥਾਤ੍ਰ ਹੈ, ਇਸ ਵਿੱਚ ਖੜੇ ਰਹਿਣ, ਸਥਿਰ ਹੋਣ, ਟਿਕੇ ਰਹਿਣ, ਡਟੇ ਰਹਿਣ ਦੇ ਭਾਵ ਹਨ। ਇਹ ਭਰੋਪੀ ਭਾਸ਼ਾ ਧਾਤੂ ਹੈ ਤੇ ਇਸ ਪਰਿਵਾਰ ਦੀਆਂ ਅਨੇਕਾਂ ਭਾਸ਼ਾਵਾਂ ਵਿੱਚ ਇਹਦਾ ਦਖਲ ਹੈ। ਭਾਸ਼ਾ ਵਿਗਿਆਨੀ ਸਥ੍ ਨਾਲ ਮਿਲਦੀ-ਜੁਲਦੀ ਸਤ੍ ਧਾਤੂ ਦੀ ਕਲਪਨਾ ਕਰਦੇ ਹਨ। ਅੰਗਰੇਜ਼ੀ ਦੇ ਸਟੇਅ (stay) ਦਾ ਭਾਵ ਹੈ- ਸਥਿਰ, ਟਿਕਿਆ ਹੋਇਆ ਆਦਿ। ਇਸਦੇ ਭਾਵ ਸਥ੍ ਧਾਤੂ ਵਾਲੇ ਹਨ। ਇਸ ਤਰ੍ਹਾਂ ਕੰਗਾਲ ਸ਼ਬਦ ਦੇ ਵਿਸਥਾਰ ਨੂੰ ਦੇਖਿਆ ਜਾ ਸਕਦਾ ਹੈ।


FOX VALLEY DESI
DIWALI 2024
SATURDAY,
NOV. 23, 2024
6:00 PM CT
BEST WESTERN PREMIER
BRIDGEWOOD HOTEL
1000 CAMERON WAY
NEENAH, WI 54956
Live Singer
Satti Satvinder
Ethnic Indian Food :
Bollywood Grill
Milwaukee
TICKETS:
Under 8 years: Free
8 years - 15 years: $25
15 years and above: $40
For more info please contact:
Anil Arora - (920) 810-0393
Devinder Bhalla - (920) 850-9319
Gurmit S Kaleka - (920) 450-4747
Gurvinder Singh (Bob) - (920) 209-0108
Gurdeep Kaur Basanti - (920) 784-8835
Kashmir Singh - (920) 420-5107
Kanan Kumrah - (920) 227-5745
Mehak Chopra - (703)789-4671
Rajan Chopra - (920) 216-1900
Sharan Kapoor - (920) 371-1364
Shivani Devgun - (248)252-7637